ਦਰਸਨੀ ਹੋਤ ਅਰ ਦਰਸ਼ ਅਤੀਤ ਹੈ ।

ਅਜੇਹਾ ਸਿਖ ਗੁਰਾਂ ਦੇ (ਦਰਸ਼) ਦਰਸ਼ਨ ਦਾ ਧਯਾਨ ਕਰਨ ਵਾਲਾ ਹੋ ਜਾਂਦਾ ਭਾਵ ਗੁਰਾਂ ਦਾ ਦਰਸ਼ਨ ਕਰਕੇ ਸੁੰਦਰ ਰੂਪ ਵਾਲਾ ਸ਼ੁਧ ਖਾਲਸਾ ਧਰਮ ਕੇ ਧਾਰਨ ਵਾਲਾ ਹੋਜਾਂਦਾ ਹੈ ਅਤੇ ਫਿਰ (ਦਰਸਨੀ) ਛੀਆਂ ਦਰਸ਼ਨਾਂ (ਜੋਗੀ, ਜੰਗਮ, ਸਤੇਵੜੇ, ਸੰਨਿਆਸੀ, ਦਰਵੇਸ਼ ਤੇ ਛੀਆਂ (ਦਰਸ਼) ਦਰਸ਼ਨਾਂ ਦੇ ਮਤਾਂ ਨੂੰ (ਅਤੀਤ) ਛੱਡਕੇ ਦਰਸ਼ਨ ਕਰਨ ਵਾਲਾ (ਸੋਹਣੇ ਦੁਮਾਲੇ ਦਸਤਾਰ ਵਾਲਾ) ਹੋ ਜਾਂਦਾ ਹੈ॥ ਭਾਵ—ਹੋਰਨਾਂ ਭੇਖਾਂ ਤੋਂ (ਅਤੀਤ) ਰਹਿਤ ਹੋਕੇ ਸੋਹਣੇ ਬਾਣੇ ਵਾਲਾ ਗੁਰਾਂ ਦਾ ਸਿਖ ਦਰਸਨੀ ਬਣ ਜਾਂਦਾ ਹੈ॥

ਕੇਸਰੀ ਨਿਹਾਲ ਪੰਥ ਖਾਲਸਾ ਬਿਬੇਕੀ ਬੀਰ ਪੰਡਤ ਪ੍ਰਬੀਨ ਬਾਨੀ ਬੋਲਤ ਪਰਹੇਜਕੀ । ਦੁਜਨ ਕੀ ਛਾਤੀ ਤੋਰਬ ਤੀਸੀ ਕਰਤ ਜਾਤ ਮੀਤ ਕੋ ਸੁਹਾਵੀ ਹੈ ਸਦਾਈ ਸੁਖ ਸੇਜ ਕੀ । ਹੇਰਤ ਵਿਸਾਲ ਬੁਧ ਭਾਰਤੀ ਪ੍ਰਮੋਦ ਬੀਰ ਦੋਨ ਬਾਤ ਜੋ ਪੇ ਮਤ ਛਾਕੇ ਅੰਮ੍ਰਿਤ ਕੀ । ਹੋਤ ਜਬੈ ਭੂਰ ਤਬੈ ਸਾਹੀ ਕੇ ਪ੍ਰਤਾਪ ਠਾਟ ਲਾਟ ਕੇ ਲਿਲਾਟ ਮੈਂ ਸੁ ਲਾਟ ਜਗੈ ਤੇਜ ਕੀ॥

(ਕਵਿੰਦ੍ਰ ਕੁਲ ਕਲਸ ਭਾਈ ਨਿਹਾਲ ਸਿੰਘ ਜੀ)

ਸਤਿਗੁਰ ਚਰਨ ਸਰਨ ਨਿਹਕਾਮ ਧਾਮ
ਸੇਵਕ ਨ ਆਨ ਦੇਵ ਸੇਵ ਕੀਨ ਪ੍ਰੀਤ ਹੈ ।

ਸਤਗੁਰਾਂ ਦੇ ਚਰਨਾਂ ਦੀ ਸ਼ਰਨ ਜਾਕੇ ਪਦਾਰਥਾਂ ਦੀਆਂ ਇਛਾਂ ਤੋਂ (ਨਿਹ) ਕਾਮ ਰਹਿਤ ਹੋਇ ਅੰਤ (ਧਾਮ) ਘਰ ਵਿਚ ਹੀ ਵਾਹਿਗੁਰੂ ਨੂੰ ਪਾ ਲਿਆ ਓਹ ਅਜੇਹੇ (ਸੇਵਕ) ਟਹਲੂਏ ਗੁਰਾਂ ਦੇ (ਆਨ) ਹੋਰ ਦੇਵੀ ਦੇਵਤਿਆਂ ਦੀ ਸੇਵਾ ਵਿਚ ਪ੍ਰੀਤੀ ਨਹੀਂ ਕਰਦੇ ਅਥਵਾ ਨਾ ਹੋਰਨਾਂ ਦੇ ਸੇਵਕ ਹੋਏ ਅਤੇ ਨਾ ਸੇਵਾ ਕਰਨ ਦੀ ਪ੍ਰੀਤੀ ਕੀਤੀ॥ ਭਾਵ-ਗੁਰਾਂ ਦੇ ਚਰਨਾਂ ਦੀ ਸਰਨ ਜਾਕੇ ਤੇ ਵਾਹਿਗੁਰੂ ਨੂੰ ਮਿਲਕੇ ਗੁਰਾਂ ਦੇ ਸਿਖ ਹੋਰ ਕਿਸੇ ਅਨਮਤੀਏ ਦੀ ਸੇਵਾ ਨਹੀਂ ਕਰਦੇ॥

ਸਤਿਗੁਰ ਸਬਦ ਸੁਰਤਿ ਲਿਵ ਮੂਲ ਮੰਤ੍ਰ
ਆਨ ਤੰਤ੍ਰ ਮੰਤ੍ਰ ਕੀ ਨ ਸਿਖਨ ਪ੍ਰਤੀਤ ਹੈ ।

ਗੁਰਾਂ ਦੇ ਸਿਖ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ (ਲਿਵ) ਬਿਰਤੀ ਲਗਾ ਕੇ (ਸੁਰਤਿ) ਚੰਗੀ ਪ੍ਰੀਤੀ (ਗਜਾਕੇ) (ਮੂਲ ਮੰਤ੍ਰ) ਸਤਨਾਮ ਸ੍ਰੀ ਵਾਹਿਗੁਰੂ ਵਿਚ ਕਰਦੇ ਹਨ॥ ਭਾਵ-ਗੁਰਾਂ ਦਾ ਉਪਦੇਸ਼ ਸੁਣਕੇ ਸਤਨਾਮ ਵਿਚ ਪ੍ਰੀਤੀ ਕਰਦੇ ਹਨ ਅਤੇ (ਆਨ) ਹੋਰ (ਮੰਤ੍ਰ ਜੋ ਪੜਿਆ ਜਾਂਦਾ ਹੈ ਤੰਤ੍ਰ ਪੜਿਆ ਵੀ ਜੇ ਜੰਤ੍ਰ ਕਾਗਜ ਕੀਤਾ ਹੀ ਜਾਂਦਾ ਹੈ ਇਸਟ ਦੇਵ ਦੀ ਬਾਣੀ ਲਿਖਕੇ ਤਵੀਤ

ਆਦਿਕ ਵਿਚ ਮਗ੍ਰਹਿਆ ਜਾਂਦਾ ਹੈ, ਫਿਤਆਦਿਕ ਪਾਖੰਡੀ ਜੈਨੂ ਮੈਨੂ ਸੋਹਣੂ ਵਿਚ ਸਿਖਾਂ ਦੀ ਪ੍ਰਤੀਤ ਨਹੀਂ ਹੈ ਭਾਵ ਭਰੋਸਾ ਨਹੀਂ ਕਰਦੇ) ਅਥਵਾ ਭਾਈ ਜੀ ਆਖਦੇ ਹਨ ਕਿ ਸਾਨੂੰ ਏਹ ਪ੍ਰਤੀਤ ਆਈ ਹੈ ਕਿ ਗੁਰ ਸਿਖ ਏਹਨਾਂ ਨੂੰ ਨਹੀਂ ਮੰਨਦੇ ॥

ਸਤਿਗੁਰ ਕ੍ਰਿਪਾ ਸਾਧ ਸੰਗਤ ਪੰਗਤ ਸੁਖ
ਹੰਸ ਬੰਸ ਮਾਨਸਰ ਅਨਤ ਨ ਚੀਤ ਹੈ ॥ ੧੯੮॥

ਗੁਰਾਂ ਦੀ ਕਿਰਪਾ ਕਰਕੇ ਅਜਿਹ ਸਿਖਾ ਨੂੰ ਸਾਧ ਸੰਗਤ ਦੀ ਪੰਗਤੀ ਵਿਚ ਸੁਖ ਹੋਇਆ ਹੈ ਅਤੇ ਗੁਰਾਂ ਦੇ ਸਤਸੰਗ ਨੂੰ ਤੇ ਗੁਰਾਂ ਨੂੰ ਛਡਕੇ ਸਿਖਾਂ ਦਾ ਚਿਤ ਅਜਿਹਾ ਕੁ ਕਿਧਰੇ ਨਹੀਂ ਜਾਂਦਾ ਜਿਹਾ ਕੁ ਹੰਸਾਂ ਦੀ (ਬੰਸ) ਉਲਾਦ ਨਿਕੇ ਨਿਕੇ ਬਚਿਆਂ ਦਾ (ਮਾਨਸਰ) ਮਾਨ ਸਰੋਵਰ ਤਾਲ ਨੂੰ ਛਡਕੇ (ਅਨਤ) ਹੋਰਦੇ ਚਿਤ ਨਹੀਂ ਜਾਂਦਾ ਕਿਉਂਕਿ ਮਾਨ ਸਰੋਵਰ ਸਤਿਸੰਗ ਉਪਰ ਨਾਮ ਅੰਮ੍ਰਿਤ ਦੁਧ ਤੇ ਗੁਰ ਮੋਤੀਆਂ ਦਾ ਖਾਣਾ ਸਿਖਾਂ ਹੰਸਾਂ ਨੂੰ ਮਿਲਦਾ ਹੈ ॥ ਕੋਈਆ

ਚੰਚਲ ਚਿਤ ਨੂੰ ਗੁਰੂ ਜੀ ਵਸ ਕਰ ਲੈਂਦੇ ਹਨ ਤਿਸ ਪਰ
ਮੁਹਰਲਾ ਕਬਿਤ ਆਖਦੇ ਹਨ

ਘੋਸਲਾ ਮੈ ਅੰਡਾ ਤਜਿ ਉਡਤ ਅਕਾਸ ਚਾਰੀ
ਸੰਧਿਆ ਸਮੈ ਅੰਡਾ ਹੇਤ ਚੇਤ ਫਿਰ ਆਵਹੀ ।

ਜਿਹਾ ਕੁ ਅਕਾਸ਼ ਦੇ ਵਿਚਰਨੇ ਵਾਲਾ ਪੰਛੀ (ਘੋਸਲਾ) ਆਲ੍ਹਣੇ ਵਿਚ ਅੰਡਿਆਂ ਬਚਿਆਂ ਨੂੰ ਛਡਕੇ ਸਵੇਰੇ ਉਡ ਜਾਂਦਾ ਹੈ ॥

ਭਾਵ—ਸਵੇਰੇ ਆਲ੍ਹਣੇ ਵਿਚ ਬੱਚਿਆਂ ਨੂੰ ਛਡਕੇ ਪੰਛੀ ਉਡ ਜਾਂਦਾ ਹੈ ਅਤੇ ਤਰਕਾਲਾਂ ਵੇਲੇ ਬੱਚਿਆ (ਹੇਤ) ਵਾਸਤੇ (ਚੇਤ) ਚੇਤਾ ਕਰਕੇ ਫਿਰ ਆਉਂਦਾ ਹੈ ਭਾਵ ਬੱਚਿਆਂ ਨੂੰ ਭੁਖਿਆਂ ਜਾਣਕੇ ਆ ਜਾਂਦਾ ਹੈ ॥

ਤ੍ਰਿਰੀਆ ਤਿਆਗ ਸੁਤ ਜਾਤ ਬਨਖੰਡ ਬਿਖੈ
ਸੁਤ ਕੀ ਸੁਰਤਿ ਗ੍ਰਿਹ ਆਇ ਸੁਖ ਪਾਵਹੀ ।

ਜਿਹਾ ਕੁ ਤ੍ਰੀਮਤ ਆਪਣੇ ਪੁਤਰ ਨੂੰ ਘਰ ਵਿਚ ਸੁਤਾ ਛਡਕੇ ਕਿਸੀ ਕੰਮ ਉਜਾੜ ਦੇ ਅਸਥਾਨ ਵਿਚ ਜਾਂਦੀ ਹੈ (ਭਾਵ ਬਾਹਰ ਦੀਆਂ ਇਸਤ੍ਰੀਆਂ ਬੱਚਿਆਂ ਨੂੰ ਘਰ ਸੁੱਤਿਆਂ ਛਡਕੇ ਖੂਹ ਤੇ ਪਤੀਆਂ ਦੇ ਮਗਰ ਰੋਟੀਆਂ ਲੈਕੇ ਜਾਂਦੀਆਂ ਹਨ ਯਾ ਸਾਗ ਤੋੜਨ ਗੋਹੇ ਚੁਗਣ ਆਦਿਕ ਕੰਮੀ ਜਾਂਦੀਆਂ ਹਨ) ਓਹ ਬਾਹਰ ਗਈ ਹੋਈ ਤ੍ਰੀਮਤ ਪੁਤਰ ਦੀ (ਸੁਰਤਿ) ਯਾਦ ਹੋਣੇ ਕਰਕੇ (ਗ੍ਰਿਹ) ਘਰ ਵਿਚ ਆਕੇ ਪੁਤਰ ਨੂੰ ਵੇਖਕੇ ਸੁਖ ਪਾਉਂਦੀ ਹੈ ਜਿਹਾ ਕੁ ਇਸਤ੍ਰੀ

ਦੀ ਸੁਰਤ ਪੁਤ੍ਰ ਵਲ ਉਡਦੀ ਰਹਿੰਦੀ ਹੈ॥

ਤੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ (ਨਾਮ ਦੇਵ ਜੀ ਭਗਤ)

ਜੈਸੇ ਜਲ ਕੁੰਡਿ ਕਰ ਛਾਡੀਅਤ ਜਲਚਰੀ
ਜਬ ਚਾਹੈ ਤਬ ਗਹਿ ਲੇਤ ਮਨ ਭਾਵਈ।

ਜਿਹਾਕੁ ਪਾਣੀ ਵਿਚ ਕੁੰਡੀ ਨੂੰ ਮਾਸ ਲਗਾਕੇ ਛਡੀਏ ਤਾਂ (ਜਲਚਰੀ) ਪਾਣੀ ਵਿਚ ਵਿਚਰਨ ਵਾਲੀ ਮਛੀ ਦੇ ਮਨ ਨੂੰ ਜਦੋਂ ਓਹ ਮਾਸ (ਚਾਹੇ) ਚਾਹ ਪੈ ਜਾਵੇ (ਭਾ ਜਾਵੇ) ਤਾਂ ਮਛੀ ਨੂੰ ਜਲਦੀ ਨਾਲ (ਗਹਿ) ਪਕੜ ਲੈਂਦਾ ਹੈ ਅਤੇ ਫਿਰ ਕਰੇ ਜੋ ਮਨ ਭਾਵੇ ਭਾਵ ਕੀ ਭਾਵੇਂ ਮਾਰੇ ਭਾਵੇਂ ਛਡੇ। ਪਰ ਇਹ ਅਰਥ ਕੁਝ ਪਿਛਲਿਆਂ ਨਾਲ ਨਹੀਂ ਮਿਲਦਾ ਇਸਦਾ ਭਾਵ ਐਉਂ ਚਾਹੀਦਾ ਸੀ ਕਿ ਜਿਹਾਕੁ ਮੱਛੀ ਆਪਣੇ ਪੁੰਗਰਿਆਂ ਨੂੰ ਵਾ ਜਲ ਨੂੰ ਬਾਹਰ ਆਕੇ ਭੀ ਨਹੀਂ ਭੁਲਾਂਦੀ।

ਨੋਟ—ਕੁੰਡੀ ਦੀ ਜਗਾ (ਕੁੰਭ) ਘੜਾ ਵੀ ਪਾਠ ਹੁੰਦਾ ਹੈ ਪਰ ਜਿਹਾਕੁ ਵਿਚਾਰ ਕਰ ਲਵੋ ਤੇ ਕੁੰਡੀਦਾ ਅਰਥ ਦੋਹਾਂ ਦੇ ਨਾਲ ਹੀ ਹੋ ਸਕਦਾ ਹੈ ਪਰ ਨਿਰਸੰਦੇਹ ਨਹੀਂ। ਪਰ ਮੇਰਾ ਇਕ ਹੋਰ ਖਿਆਲ ਹੈ ਕਿ ਜਿਹਾ ਕੁ ਚੰਚਲ ਮੱਛੀ ਪਾਣੀਵਿਚ ਚੰਚਲ ਹੁੰਦੀ ਹੈ ਭਾਵ ਫੜਾਈ ਨਹੀਂ ਦਿੰਦੀ ਅਤੇ ਕੁੰਡੀ ਨਾਲ ਪਕੜੀ ਜਾਂਦੀ ਹੈ ਤਿਹਾਕੁ ਹੀ ਅਗੇ ਮੁਹਰਲੀ ਪੰਗਤੀ ਵਿਚ ਆਖਦੇ ਹਨ॥

ਤੈਸੇ ਚਿਤ ਚੰਚਲ ਭ੍ਰਮਤ ਹੈ ਚਤੁਰ ਕੁੰਟ
ਸਤਿਗੁਰ ਬੋਹਿਥ ਬਿਹੰਗ ਠਹਿਰਾਵਈ॥ ੧੯੪॥

ਤਿਹਾ ਕੁ ਹੀ ਚਿਤ ਚੰਚਲ ਭਟਕ ਦਾ ਫਿਰਦਾ ਹੈ ਚਾਰਾਂ ਕੂੰਟਾਂ ਵਲ ਪਰ ਜੇਕਰ ਗੁਰਾਂ ਦੇ ਚਰਨ (ਬੋਹਥ) ਜਹਾਜ ਦੀ ਨਿਆਈਂ ਮਨ (ਬਿਹੰਗ) ਪੰਛੀ ਪਾ ਲਵੇ ਤਾਂ ਠਹਰ ਜਾਂਦਾ ਹੈ ॥੧੯੪॥

ਦ੍ਵੈਯਾ ਛੰਦ ॥

ਭਾਵ ਅਜੇਹੇ ਸਤਗੁਰ ਮੇਰੇ ਇਸ ਮਨ ਨੂੰ ਵਸ ਕਰਦੇ।
ਚਰਨੋਂ ਦੇ ਉਪਦੇਸ਼ ਜੀਵਾਂ ਨੂੰ ਨਾਲ ਪ੍ਰੇਮ ਦੇ ਭਰਦੇ।
ਇਸ ਸੰਸਾਰ ਸਮੁੰਦ੍ਰ ਅੰਦਰ ਚਰਨ ਜਹਾਜ ਕਰਾਂਦੇ।
ਸਿਖਾਂ ਦੇ ਮਨ ਪੰਛੀ ਸਾਰੇ ਉਸਦੇ ਵਿਚ ਚੜ੍ਹਾਂਦੇ।
ਇਸ ਮਨ ਨੂੰ ਬਹੁ ਵਿਸ਼ਿਆਂ ਵਲੋਂ ਇਓਂ ਰੋਕਣ ਗੁਰ ਮੇਰੇ।
ਜਿਵੇਂ ਜਹਾਜੋਂ ਉਡ ਕਰ ਪੰਛੀ ਭੌਂਦਾ ਪਿਆ ਚੁਫੇਰੇ।
ਓੜਕ ਨੂੰ ਬਹੁ ਥਕ ਕਰ ਪਿਆਰੇ ਫਿਰ ਜਹਾਜ ਤੇ ਬਹਿੰਦਾ।
ਉਡਣਾ ਫੇਰ ਨ ਖਿਆਲ ਸਿੰਘ ਜੀ ਕੁਈ ਦੇਹਕੇ ਲੈਂਦਾ।

ਗੁਰਮੁਖੀ ਸੋਭਾ ਕੋਈ ਬਰਾਬਰ ਨਹੀਂ ਹੋ ਸਕਦੀ।

ਛਤ੍ਰ ਬਰਨ ਮੈ ਨ ਪਾਈਐ ਬਰਨ ਤੈਸੇ
ਖਟ ਦਰਸ਼ਨ ਮੈ ਨ ਦਰਸ਼ਨ ਜੋਤਿ ਹੈ।

ਜੇਹਾ ਕੁ ਗੁਰਮੁਖਾਂ ਦਾ ਰੰਗ ਭੇਖ ਖਾਲਸਾ ਪਹਿਰਾਵਾ ਚਾਲ ਚਲਨ ਹੈ ਐਹਾ ਕੁ ਚਾਰਾਂ ਵਰਨਾਂ ਛਤ੍ਰੀ, ਬ੍ਰਾਹਮਣ, ਵੈਸ਼, ਸ਼ੂਦ੍ਰ ਵਿਚ ਬਰਨ ਰੰਗ ਭੇਸ ਬਾਣਾ ਪਹਿਰਾਵਾ ਚਾਲ ਚਲਨ ਨਹੀਂ ਪਾਇਆ ਜਾਂਦਾ॥ ਭਾਵ-ਚਾਰੇ ਵਰਨਾਂ ਵਿਚ ਕੋਈ ਵੀ ਗੁਰਮੁਖਾਂ ਦੀ (ਬਰਨ) ਰੀਸ ਨਹੀਂ ਕਰ ਸਕਦਾ ਅਤੇ (ਖਟ) ਛੀਆਂ ਦਰਸ਼ਨਾਂ ਵਿਚ ਵੀ ਗੁਰਮੁਖਾਂ ਦੇ (ਦਰਸ਼ਨ) ਭੇਖ ਮਾਰਗ ਖਾਲਸਾ ਪੰਥ ਜੇਹੀ (ਜੋਤਿ) ਚਮਕੀ ਸੋਭਾ ਨਹੀਂ ਹੈ॥ ਭਾਵ ਗੁਰਮੁਖਾਂ ਦੇ ਖਾਲਸਾ ਪੰਥ ਵਰਗਾ ਕੋਈ ਵੀ ਪੰਥ ਨਹੀਂ ਹੈ ਖਾਲਸਾ ਜੀ ਦਾ ਜਦ ਕੋਈ ਦਰਸ਼ਨ ਕਰ ਲੈਂਦਾ ਹੈ ਤੇ ਉਸੀ ਵਕਤ ਉਸਦਾ ਮਨ ਮੋਹਤ ਹੋ ਜਾਂਦਾ ਹੈ (ਸਿੱਧਾ ਸਿੰਘ ਸਾਡੇ ਸਿੱਧੇ ਦਰਬਾਰੇ ਕਛਹਿਰੇ ਵੇਖਕੇ)॥

ਕਬਿਤ॥ ਪਾਰੀ ਪਾਰਜਾਤ ਸੀ ਛਬੀਲੀ ਹੈ ਅਨੰਤ ਸੋਭ ਔਰ ਭੇਖ ਭਾਸੇ ਜਲੇਂ ਕਰੀਰ ਕੂਰੇ ਖਾਲਸਾ। ਜੋਈ ਨੀਚ ਪਾਤਕੀ ਔ ਪਾਤਕੀ ਗਰੀਬ ਚੀਨ੍ਹ ਲੇਸ ਜੋ ਗਨੀਮ ਤੇ ਨਿਹਾਰੇ ਭੀਮ ਕਾਲਸਾ। ਦਾਰਨੀ ਦੁਖਾਰੇ ਦੀਨ ਆਵੇ ਜੋ ਸਮੀਪ ਯਾ ਕੇ ਵਾਂਕੀ ਤੋ ਬਿਲੋਕ ਹੂੰ ਮੈਂ ਪੂਰੇ ਪੂੰਜ ਲਾਲਸਾ ਦੇਖਕੇ ਨਿਖੇਧੀ ਭੇਦ ਵਾਦੀ ਜੋ ਉਪਾਧੀ ਮੂਲ ਵਾਰੇ ਦੰਡ ਦੇਬੇ ਕੋ ਪ੍ਰਤਾਪੀ ਪੰਥ ਖਾਲਸਾ॥

(ਕਵਿੰਦ੍ਰ ਨਿਹਾਲ ਸਿੰਘ ਜੀ)

ਸਿੰਮ੍ਰਿਤ ਪੁਰਾਨ ਬੇਦ ਸ਼ਾਸਤ੍ਰ ਸਮਾਨ ਖਾਨ
ਰਾਗ ਨਾਦ ਬਾਦ ਮੈ ਨ ਸ਼ਬਦ ਉਦੋਤ ਹੈ।

ਸਤਾਈ ਸਿੰਮ੍ਰਿਤੀਆਂ ਅਠਾਰਾਂ ਪੁਰਾਨ ਚਾਰ ਵੇਦ ਰਿਗ ਜੁਜਰ, ਸਾਮ, ਅਥਰ ਬਣ, ਛੇ ਸ਼ਾਸਤ੍ਰ ਅਤੇ ਖਾਨ ਹੀਰੇ ਮੋਤੀ ਆਦਕਾਂ ਦੀ ਅਤੇ ਛੇ ਰਾਗ (ਨਾਦ) ਸ਼ਬਦ ਉਨ੍ਹਾਂ ਦੇ ਬਹੁਤ ਤਰ੍ਹਾਂ ਦੇ (ਬਾਦ) ਵਾਜੇ ਦਾ ਵਰਤਾ ਜਿਹ ਜਿਨ੍ਹਾਂ ਨੂੰ ਗਿਣੇ ਹਨ ਜਿਨਾਂ ਨੂੰ ਇਨ੍ਹਾਂ ਵਿਚ ਅਤੇ ਇਨ੍ਹਾਂ ਦੇ ਪੜਨ ਵਾਲਿਆਂ ਨੂੰ ਅਨੰਦ ਹੈ ਸੋ ਗੁਰਮੁਖਾਂ ਨੂੰ ਜੋ ਗੁਰਾਂ ਦਾ ਉਪਦੇਸ਼ (ਉਦੋਤ) ਪ੍ਰਗਟ ਹੋਯਾ ਹੈ ਉਸ ਦੇ ਸਾਰੇ ਹੀ ਬਰਾਬਰ ਨਹੀਂ ਹਨ॥

ਭਾਵ-ਜੋ ਗੁਰਮੁਖਾਂ ਨੂੰ ਨਾਮ ਦਾ ਅਨੰਦ ਆਯਾ ਹੈ ਉਸ ਅਨੰਦ ਦੇ ਬਰਾਬਰ ਕੀ ਉਸ ਅਨੰਦ ਵਿਚੋਂ ਥੋੜੀ ਜੇਹੀ ਬੂੰਦ ਦਾ ਵੀ ਅਨੰਦ ਹੋਣਾ ਅਨਮਤੀਆਂ ਨੂੰ ਨਹੀਂ ਹੈ॥

ਨਾਨਾ ਬਿੰਜਨਾਦਿ ਸ੍ਵਾਦ ਅੰਤਰ ਨ ਪ੍ਰੇਮ ਰਸ

ਸਕਲ ਸੁਗੰਧਿ ਮੈ ਨ ਗੰਧਿ ਸੰਧਿ ਹੋਤ ਹੈ।

ਜੋ (ਪ੍ਰੇਮ ਰਸ) ਵਾਹਿਗੁਰੂ ਦੇ ਨਾਮ ਦਾ ਅਨੰਦ ਗੁਰਮੁਖਾਂ ਨੂੰ ਹੈ ਓਹੋ ਜਿਹਾ (ਨਾਨਾ) ਬਹੁਤ ਤਰਾਂ ਦੇ (ਬਿੰਜਨਾਦਿ) ਭੋਜਨ ਆਦਕ ਖਾਣਿਆਂ ਦੇ ਸੁਆਦਾਂ ਵਿਚ ਅਨਮਤੀਆਂ ਨੂੰ ਨਹੀਂ ਹੈ। ਜੋ ਗੁਰਮੁਖਾਂ ਨੂੰ (ਗੰਧਿ) ਵਾਸ਼ਨਾ (ਸੰਧਿ) ਮੇਲ ਭਾਵ ਪ੍ਰੇਮਾ ਭਗਤੀ ਮਿਲੀ ਹੈ ਉਸ ਜਿਹਾ ਅਨੰਦ ਸਾਰੀਆਂ ਸੁਗੰਧੀਆਂ ਚੰਦਨ ਆਦਿਕ ਬ੍ਰਿਛਾਂ ਦੀਆਂ ਵਿਚ ਨਹੀਂ ਹੈ ਭਾਵ ਸੰਸਾਰੀਆਂ ਨਾਲੋਂ ਗੁਰਮੁਖਾਂ ਨੂੰ ਨਾਮ ਵਲ ਲਗਣ ਕਰਕੇ ਬਹੁਤ ਅਨੰਦ ਹੈ॥

ਊਸਨ ਸੀਤਲਤਾ ਸਪਰਸ ਅਪਰਸ ਨ
ਗੁਰਮੁਖ ਸੁਖਫਲ ਤ੍ਰਲਿ ਓਤ ਪੋਤ ਹੈ ॥ ੧੯੫ ॥

ਗੁਰਮੁਖਾਂ ਨੂੰ (ਸੁਖ ਫਲ) ਗਿਆਨ ਦਾ (ਤ੍ਰਲ) ਵਿਚਾਰ ਜੋ (ਓਤ ਪੋਤ) ਭਾਵ ਤਾਣੇ ਪੇਟੇ ਵਾਂਗਰ ਅੰਦਰ ਬਾਹਰ ਹੋਇਆ ਹੈ ਸੋ ਇਸ ਕਰਕੇ ਉਹਨਾਂ ਨੂੰ (ਊਸਨ) ਗਰਮੀ ਵੀ ਨਹੀਂ (ਸਪਰਸ) ਛੋਹ ਸਕਦੀ ਅਤੇ ਠੰਢ ਵੀ ਉਹਨਾਂ ਨੂੰ (ਅਪਰਸ) ਅਛੂਹ ਹੈ॥ਭਾਵ ਵਾਹਿਗੁਰੂ ਦੇ ਅਨੰਦ ਵਿਚ ਗੁਰਮੁਖਾਂ ਨੂੰ ਸਰਦੀ ਗਰਮੀ ਕੁਛ ਨਹੀਂ ਕਰਦੀ॥ ੧੯੫ ॥

ਹੁਣ ਅਗੇ ਜੋ ਗੁਰਸਿਖਾਂ ਨਾਲ ਮਿਲਕੇ ਨਾਮ ਵਲ ਲਗੇ ਹਨ ਉਹਨਾਂ ਦਾ ਪ੍ਰਸੰਗ ਦਸਦੇ ਹਨ ਅਤੇ ਉਹਨਾਂ ਨੂੰ ਆਪਣੇ ਨਾਲ ਗੁਰਮੁਖ ਅਭੇਦ ਕਰਕੇ ਅਗੋਂ ਗੁਰਾਂ ਨਾਲ ਵਾਹਿਗੁਰੂ ਨਾਲ ਅਭੇਦ ਕਰਦੇ ਹਨ॥

ਲਿਖਨ ਪੜਨ ਤੇ ਲੈ ਜਾਨੈ ਦਿਸੰਤਰ ਜੈਸੇ ਲੈ
ਕਹਿਤ ਸੁਨਤ ਹੈ ਬਿਦੇਸ ਕੈ ਸੰਦੇਸ ਕੈ।

ਇਸਤ੍ਰੀ ਆਪਣੇ ਭਰਤੇ ਨੂੰ ਚਿਠੀ ਦਾ (ਲਿਖਣਾ) ਭਾਵ ਕੀ ਆਪਣੀ ਹਾਲ ਉਸਨੂੰ ਦਸਣਾ ਅਤੇ ਉਸ ਦੀ ਚਿਠੀ ਆਈ ਦਾ ਪੜ੍ਹਨਾ ਭਾਵ ਉਸਦਾ ਹਾਲ ਮਲੂਮ ਕਰਨਾ, ਓਨਾਂ ਚਿਰ ਹੀ ਹੈ ਜਿੰਨਾਂ ਚਿਰ ਪਤੀ (ਦਿਸੰਤਰ) ਦੂਜੇ ਦਿਸ਼ਾ ਦੇ ਅੰਦਰ (ਬਗਾਨੇ ਦੇਸ) ਹੈ ਅਤੇ ਕਿਸੇ ਜਾਣ ਆਉਣ ਵਾਲੇ ਦੇ ਹਥ ਆਪਣੇ ਸੁਨੇਹਾ ਕਹਿਣਾ ਤੇ ਉਧਰੋਂ ਪਤੀ ਦਾ ਸੁਣਨਾ ਵੀ ਓਨਾਂ ਚਿਰ ਹੈ ਜਿੰਨਾਂ ਚਿਰ ਪਤੀ ਦੂਜੇ ਦੇਸ਼ ਵਿਚ ਹੈ ਭਾਵ ਚਿਠੀ ਪਤ੍ਰੀ ਦਾ ਸੁਨੇਹਾ ਆਦਿਕ ਉਤਨਾ ਹੀ ਚਿਰ ਹੈ ਜਿੰਨਾਂ ਚਿਰ ਪਤੀ ਘਰ ਨਹੀਂ ਜਦ ਪਤੀ ਘਰ ਹੋਵੇ ਤਾਂ ਫਿਰ ਚਿਠੀਆਂ ਸੁਨਿਹਾਂ ਦੀ ਕੀ ਜ਼ਰੂਰਤ ਹੈ॥

ਜਿਸਦਾ ਪਤੀ ਪ੍ਰਦੇਸ ਨੂੰ ਗਿਆ ਹੋਵਿਆ ਹੋਵੇ ਤਿਸ ਪ੍ਰੋਖਤ ਪਤਿਕਾ ਨਾਇਕਾ ਪ੍ਰਥਾਇ ਸ੍ਰੀ ਕਵਿ ਜੀ ਅੱਗੇ ਲਿਖਦਾ ਹੈ॥ ਕਬਿਤ

ਆਗਿਆ ਕਰਾਇ ਆਪ ਪ੍ਰਿਸ ਤਨ ਆਦਿ ਕਹੀ ਚਾਹਿਨੂ ਸੰਦੇਸ ਨ ਕਹਿਕੇ

ਪੈ ਨ ਲਹਿ ਜਾਇ ਫਿਰ ਮਿਸਤ੍ਰਾਸਨ ਮੰਗਾਏ ਪਤ੍ਰ ਲਿਖਣੇ ਲਈ ਚਾਹਿਤੁ ਕਲਮ ਗਹਿ ਚਿਰ ਪੰਨੇ ਗਹਿ ਜਾਤ। ਏਤੇ ਮੈਂ ਉਮੰਗ ਆਨੰਦ ਕੇ ਪ੍ਰਵਾਹਿ ਆਨਿ ਛਾਇ ਲੈਤ ਥਾਹ ਲਹਿਬੇ ਕੋ ਪੈ ਨ ਲਹਿ ਜਾਤ। ਦਹਿ ਜਾਤ ਗਾਤ ਬਾਤ ਸੁਣੈ ਪ੍ਰੇਮ ਨ ਛਾਹਿ ਜਾਤ ਬਹਿ ਜਾਤ ਕਾਗਦ ਕਲਮ ਹਾਥ ਰਹਿ ਜਾਤ ॥

ਦੇਖਤ ਜੌ ਦੇਖੀਅਤਿ ਇਤ ਉਤ ਦੋਇ ਹੋਇ

ਭੇਟਤ ਪਰਸਪਰ ਬਿਰਹ ਅਵੇਸ ਕੈ ।

ਇਸ ਪ੍ਰੇਖਤ ਪਤਿਕਾ ਨਾਇਕਾ ਦਾ ਜਦ ਪਤੀ ਪ੍ਰਦੇਸੋਂ ਆਵੇ ਤਾਂ ਇਸਤ੍ਰੀ ਇਧਰੋਂ ਪਤੀ ਆਉਂਦੇ ਨੂੰ ਵੇਖੇ ਅਤੇ ਪਤੀ ਉਧਰੋਂ ਇਸਤ੍ਰੀ ਨੂੰ ਵੇਖੇ ਤਾਂ ਦੋਵੇਂ (ਭੇਟਤ) ਮਿਲਕੇ (ਪਰਸ ਪਰ) ਆਪੋ ਵਿਚ ਦੀ ਇਕ ਰੂਪ ਹੋ ਜਾਂਦੇ ਨੇ ਅਤੇ ਦੋਹਾਂ ਦਾ (ਬਿਰਹ) ਵਿਛੋੜਾ (ਅਵੇਸ) ਇਸ ਬਿਧ ਕਿਆ ਦੂਰ ਹੋ ਜਾਂਦਾ ਹੈ ॥

ਭਾਵ—ਇਸਤ੍ਰੀ ਦਾ ਪਤੀ ਜਦ ਪ੍ਰਦੇਸੋਂ ਆਵੇ ਤਾਂ ਦੋਨੋਂ ਇਕ ਰੂਪ ਹੋ ਜਾਂਦੇ ਹਨ ਅਤੇ ਬੜਾ ਪ੍ਰੇਮ ਕਰਦੇ ਹਨ ਅਤੇ ਖਤ ਕਿਤਾਬਤ ਦਾ ਲਿਖਣਾ ਦਾ ਖਤੂਨਾ ਦੂਰ ਹੋ ਜਾਂਦਾ ਹੈ ॥

ਨੋਟ -ਬਿਰਹ ਦਾ ਅਰਥ ਸ਼ਬਦਾਰਥ ਭਾਨੁਕੋਸ਼ ਮੇਂ ਮੋਰ ਦੀ ਪੂਛ, ਪਤ੍ਰਾ, ਲੰਗਰ ਆਦਿਕ ਹੈ ਅਤੇ ਨਾਮ ਮੰਜਰੀ ਵਿਚ ਮੋਰ ਹੈ ਅਤੇ ਕਾਵਯ ਵਿਚ ਵਿਛੋੜੇ ਕਾਰਨ ਹੁੰਦਾ ਹੈ ਪਰ ਪ੍ਰੇਮ ਨਹੀਂ ਹੁੰਦਾ ॥

ਖੋਇ ਖੋਇ ਖੋਜੀ ਹੋਇ ਖੋਜਤ ਚਤੁਰ ਕੁੰਟ

ਮ੍ਰਿਗ ਮਦ ਜੁਗਤਿ ਨ ਜਾਨਤ ਪ੍ਰਵੇਸ ਕੈ ।

ਹਰਨ (ਖੋਇ) ਆਦਤ (ਖੋਇ) ਦੂਰ ਕਰਕੇ ਭਾਵ ਤੇਰੀ ਸੁਭਾਵ ਨੂੰ ਦੂਰ ਕਰਕੇ ਅਤੇ ਭੁਲਕੇ (ਮਦ) ਕਸਤੂਰੀ ਦਾ (ਖੋਜੀ) ਲਭਣ ਵਾਲਾ ਹੁੰਦਾ ਹੈ ਅਤੇ ਚਾਰੋਂ ਪਾਸਿਆਂ ਵਲ ਲੱਭਦਾ ਫਿਰਦਾ ਹੈ ਪਰ ਅਫਸੋਸ ਉਸਦੇ ਅੰਦਰ ਹੀ (ਨਾਭੀ ਵਿਚੋਂ) ਕਸਤੂਰੀ ਦੀ ਵਾਸਨਾ ਆਉਂਦੀ ਹੈ ਸੋ ਆਪਣੇ ਅੰਦਰ (ਪ੍ਰਵੇਸ਼) ਹੋਕੇ ਕਸਤੂਰੀ ਦੀ ਜੁਗਤੀ (ਖੁਸ਼ਬੋਇ ਨੂੰ) ਨਹੀਂ ਜਾਣਦਾ ॥

ਭਾਵ—ਹਰਨ ਦੇ ਅੰਦਰ ਹੀ ਕਸਤੂਰੀ ਹੁੰਦੀ ਹੈ ਪਰ ਉਜਾੜ ਵਿਚ ਭਜਾ ਫਿਰਦਾ ਹੈ ਜਦ ਥਕਕੇ ਬਹਿ ਜਾਂਦਾ ਹੈ ਤੇ ਉਸਦਾ ਮੂੰਹ ਨਾਭੀ ਧੁੰਨੀ ਨੂੰ ਲਗ ਜਾਂਦਾ ਹੈ ਤਾਂ ਉਸਨੂੰ ਉਸ ਜਗਾ ਤੋਂ ਖੁਸ਼ਬੋਇ ਆਉਂਦਾ ਹੈ ਅਤੇ ਉਸਦੇ ਅਨੰਦ ਨੂੰ ਲੈਕੇ (ਆਪਣੀ) ਅਗਯਾਨਤਾਈ ਤੇ ਅਫਸੋਸ ਕਰਦਾ ਹੈ ਅਤੇ ਭਟਕਣ ਤੋਂ ਰਹਿ ਜਾਂਦਾ ਹੈ ॥

ਗੁਰ ਸਿਖ ਸੰਧਿ ਮਿਲੇ ਅੰਤਰ ਅੰਤਰਜਾਮੀ

ਸ੍ਵਾਮੀ ਸੇਵ ਸੇਵਕ ਨਿਰੰਤਰ ਅਦੇਸ ਹੈ ।

ਤੇਹਾਂ ਹੀ ਗੁਰੂ ਕੇ ਸਿਖ ਗੁਰੂ ਕੇ ਸਿਖਾਂ ਦੀ (ਸੰਧਿ) ਮਿਲਣੀ ਵਿਚ ਮਿਲਕੇ ਆਪਣੇ ਅੰਦਰੋਂ ਹੀ ਵਾਹਿਗੁਰੂ ਨੂੰ (ਹਰਨ ਵਾਕਰ ਪਾਕੇ) ਅੰਤਰ ਦੇ ਜਾਨਣ ਵਾਲੇ ਵਾਹਿਗੁਰੂ ਦਾ ਰੂਪ ਹੋ ਗਏ ਭਾਵ ਦੂਜੀ ਦੁਬਿਧਾ ਦੇ ਪਾਸਿਓਂ ਵਲੋਂ ਹਟਗਏ । ਭਾਈ ਜੀ ਆਖਦੇ ਹਨ ਕਿ ਅਜਿਹੇ ਸਿੱਖਾਂ ਸੇਵਕਾਂ ਨੇ (ਸੁਆਮੀ) ਗੁਰੂ ਪਰਮਾਤਮਾਂ ਦੀ ਸੇਵਾ ਕੀਤੀ ਹੈ ਅਤੇ ਅਜਿਹੀ ਪਦਵੀ ਲਈ ਹੈ ਉਹਨਾਂ ਨੂੰ ਮੈਂ (ਨਿਰੰਤਰ) ਇਕ ਰਸ ਆਪਣੇ ਅੰਦਰ (ਅਦੇਸ) ਨਿਮਸਕਾਰ ਕਰਦਾ ਹਾਂ ।

ਗੁਰ ਸਿਖਾਂ ਦੇ ਮਿਲਾਪ ਉਪਰ ਆਖਦੇ ਹਨ

ਦੀਪਕ ਪਤੰਗ ਸੰਗ ਪ੍ਰੀਤਿ ਇਕ ਅੰਗੀ ਹੋਇ
ਚੰਦ੍ਰਮ ਚਕੋਰ ਘਨ ਚਾਤ੍ਰਿਕ ਨ ਹੋਤ ਹੈ ।

ਦੀਵੇ ਤੇ ਪਤੰਗੇ ਦੀ ਆਪੋ ਵਿਚ ਦੀ ਪ੍ਰੀਤੀ ਇਕ ਅੰਗੀ ਹੈ ਭਾਵ ਪਤੰਗਾ ਦੀਵੇ ਨਾਲ ਪ੍ਰੀਤੀ ਕਰਦਾ ਹੈ ਤੇ ਦੀਵਾ ਨਹੀਂ ਕਰਦਾ ਸਗੋਂ ਦੀਵਾ ਪਤੰਗੇ ਨੂੰ ਸਾੜ ਦੇਂਦਾ ਹੈ ਤੇ ਏਸੇ ਤਰਾਂ ਹੀ ਚੰਦ੍ਰਮਾਂ ਚਕੋਰ ਦਾ ਹਾਲ ਹੈ ਆਖਦੇ ਹਨ ਕਿ ਚਕੋਰ ਚੰਦ੍ਰਮਾ ਨੂੰ ਵੇਖਕੇ ਅੰਗਿਆਰ ਅਗ ਦੇ ਭਖਦਾ ਹ ਤੇ ਮੇਲਾ ਪਾਉਂਦਾ ਹੈ ਪਰ ਚੰਦ੍ਰਮਾ ਕੁਝ ਪ੍ਰਵਾਹ ਨਹੀਂ ਕਰਦਾ (ਇਹ ਇਕ ਅੰਗੀ ਪ੍ਰੀਤੀ) ਅਤੇ (ਘਨ) ਬਦਲਾਂ ਨੂੰ ਦੇਖਕੇ ਪਪੀਹਾ ਟੀਂ ਟੀਂ ਕਰਦਾ ਹੈ ਸ੍ਵਾਂਤੀ ਬੂੰਦ ਵਾਸਤੇ ਤੇ ਬਦਲ ਕੁਝ ਪ੍ਰਵਾਹ ਨਹੀਂ ਕਰਦਾ (ਇਹਵੀ ਇਕ ਅੰਗੀ ਪ੍ਰੀਤੀ)

ਚਕਈ ਔ ਸੂਰ, ਜਲ ਮੀਨ, ਜੈਸੇਂ ਕਮਲ ਅਲਿ,
ਕਾਸ਼ਟ ਅਗਨਿ, *ਮ੍ਰਿਗਨਾਦ, ਕੈ ਉਦੋਤ ਹੈ ।

ਚਕਵੀ ਤੇ ਸੂਰਜ ਦੀ ਅਤੇ ਪਾਣੀ ਤੇ (ਮੀਨ) ਮਛੀ ਦੀ (ਜਿਵੇਂ) ਕੌਲ ਫੁਲ ਤੇ (ਅਲਿ) ਭੌਰੇ ਦੀ ਤੇ (ਕਾਸ਼ਟ) ਲਕੜ ਤੇ ਅਗ ਦੀ ਅਤੇ ਮ੍ਰਿਗ ਹਰਨ ਤੇ (ਨਾਦ) ਸ਼ਬਦ ਘੰਡੇ ਹੇੜੇ ਦੀ ਇਹਨਾਂ ਸਾਰਿਆਂ ਦੀ ਪ੍ਰੀਤੀ ਇਕ ਅੰਗੀ ਹੀ (ਉਦੋਤ) ਪ੍ਰਗਟ ਹੈ ਭਾਵ ਚਕਵੀ ਭੌਰਾ ਆਦਿਕ ਪ੍ਰੀਤੀ ਕਰਦੇ ਹਨ ਅਤੇ ਸੂਰਜ

---

*ਆਖਦੇ ਹਨ ਕਿ ਹੈਦਕ ਲੋਕ ਜੰਗਲ ਵਿਚ ਜਾਕੇ ਇਕ ਘੰਡਾ ਹੇੜਾ ਖੜਕੇ ਰਾਗ ਦੇ ਸਾਜ ਲੈਕੇ ਬਹਿ ਜਾਂਦੇ ਹਨ ਜਦ ਸਹਿਜੇ ਸਹਿਜੇ ਰਾਗ ਅਲਾਪ ਦੇ ਹਨ ਤਾਂ ਸਭ ਜੰਗਲ ਦੇ ਜਾਨਵਰ ਉਸ [illegible] ਦੇ ਆਸ ਪਾਸ ਮਸਤ ਹੋਕੇ ਲਿਟਣੀਆਂ ਲਾਂਦੇ ਹਨ ਅਤੇ ਡਿਗਦੇ ਜਾਂਦੇ ਹਨ [illegible] ਮਿਰਗ ਨੂੰ ਏਹ ਸ਼ਬਦ ਬਹੁਤ ਪਿਆਰਾ ਲਗਦਾ ਹੈ ਜਦ ਹੈਦਕ ਬਾਹਰ ਨਿਕਲਦਾ ਹੈ ਤਾਂ ਹਰਨ ਜੇਹੜੇ ਡਿਗ ਜਾਂਦੇ ਹਨ ਫੜ ਹਰਨ ਜਾਨ ਦੇਂਦਾ ਹੈ ।

ਦੋਸ ਦੂਜਾ ਆਦਿਕ ਲਾਗੀ ।

ਪਿਤ ਸੁਤ ਹਿਤ ਅਰ ਭਾਮਨੀ ਭਤਾਰ ਗਤਿ

ਮਾਯਾ ਮੈ ਸੰਸਾਰ ਦ੍ਵਾਰ ਮਿਟਤ ਨ ਛੋਤ ਹੈ ।

ਪਿਤਾ ਪੁਤ੍ਰ ਦਾ (ਹਿਤ) ਪ੍ਰੇਮ ਅਤੇ (ਭਾਮਨੀ) ਇਸਤ੍ਰੀ ਤੇ (ਭਤਾਰ) ਪਤੀ ਦਾ (ਗਤਿ) ਮਿਲਾਪ (ਤੀਜੀ) ਅਤੇ ਮਾਯਾ ਵਿਚ ਸੰਸਾਰੀਆਂ ਆਦਮੀਆਂ ਦੀ ਪ੍ਰੀਤੀ ਦਾ ਦਰਵਾਜਾ ਜੋ (ਛੋਤ) ਛੂਹ (ਮਿਲਾਪ) ਭੇੜਪੁਣੇ ਦਾ ਹੈ ਸੋ ਨਹੀਂ ਮਿਟਦਾ ਅਜੇਹਾਂ ਸਾਰਿਆਂ ਵਿਚ ਇਕ ਪਾਸੇ ਦੀ ਪ੍ਰੀਤੀ ਹੈ ਸੋ ਨਹੀਂ ਮਿਟਦੀ ਜਾਨ ਦੇਂਦੇ ਹਨ ਪਰ ਪਿਛਾਂ ਨਹੀਂ ਹਟਦੇ ॥

ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਸਾਚੋ

ਲੋਕ ਪਰਲੋਕ ਸੁਖਦਾਈ ਓਤ ਪੋਤ ਹੈ ॥ ੧੯੭॥

ਸੋ ਆਪ ਆਖਦੇ ਹਨ (ਕਿ) ਗੁਰ ਸਿਖਾਂ ਦਾ ਸੰਗਤ ਦੇ ਮਿਲਾਪ ਦਾ ਪ੍ਰਤਾਪ ਸਚਾ ਹੈ ਭਾਵ ਗੁਰਸਿਖਾਂ ਦਾ ਮੇਲ ਸਚਾ ਹੈ ਲੋਕ ਪਰਲੋਕ ਵਿਚ ਸੁਖ ਦੇਣ ਵਾਲਾ ਹੈ ਅਤੇ (ਓਤ ਪੋਤ) ਤਾਣੇ ਪੇਟੇ ਵਾਕਰ ਅੰਦਰ ਬਾਹਿਰ ਸੁਖ ਹੁੰਦਾ ਹੈ (ਅੰਤਰ ਮਹਿ ਸੁਖ ਬਾਹਰ ਫੁਨ ਸੁਖਾ) ਭਾਵ ਗੁਰ ਸਿਖਾਂ ਦਾ ਪ੍ਰੇਮ ਦੋਆਂ ਪਾਸਿਆਂ ਤੋਂ ਹੈ ਅਤੇ ਸਦਾ ਹੈ ਅਤੇ ਤੋੜ ਨਿਬਾਹੁਣ ਵਾਲਾ ਹੈ ॥ ੧੯੭ ॥

ਫਿਰ ਉਸੇ ਪਰ ਹੀ ਆਖਦੇ ਹਨ

ਲੋਗਨ ਮੈ ਲੋਗਾਚਾਰ ਅਨਿਕ ਪ੍ਰਕਾਰ ਪਯਾਰ

ਮਿਥਨ ਬਯੋਹਾਰ ਦੁਖਦਾਈ ਪਹਿਚਾਨੀਐ ।

ਸੰਸਾਰੀ ਲੋਕਾਂ ਵਿਚ ਲੋਕਾਚਾਰ ਲੋਕਾਂ ਵਾਲੇ ਕੰਮ ਜੇਹਾ ਨਕ ਨਹੀਂ ਛਿੰਦਾ (ਲੋਕ ਜਗਦੀ ਭੇਡਾ ਚਾਲ ਚਲਤੇ ਕੋ ਪਾਛੇ ਚਲੈ ਸਾਰੁਕ ਤਾਕਲੀ) ਬਹੁਤ ਤਰ੍ਹਾਂ ਦਾ ਪਯਾਰ ਹੈ ਸੋ ਮਿਥਨ ਝੂਠਾ ਹੀ ਬਪਾਰ ਹੈ ਦੁਖ ਦੇਣ ਵਾਲਾ (ਪਹਿਚਾਨੀਐ) ਜਾਣ ਲਵੋ । ਭਾਵ ਜੀਕਰ ਕੱਚਾ ਵਪਾਰ ਘਾਟੇ ਵਾਲਾ ਹੁੰਦਾ ਹੈ ਤਿਕਰ ਹੀ ਸੰਸਾਰੀਆਂ ਦੇ ਕੰਮ ਦੁਖਦਾਈ ਤੇ ਘਾਟੇ ਵਾਲੇ ਹਨ (ਵਾਹਿਗੁਰੂ ਤੋਂ ਵਿਮੁਖ ਕਰਨ ਵਾਲੇ)

ਗੁਰੂ੧ ਸਿਰੀ ਰਾਗ ॥ ਦੇਖਾ ਦੇਖੀ ਸਭ ਕਰੇ ਮਨ ਮੁਖ ਬੂਝ ਨ ਪਾਇ ॥

ਬੇਦ ਮਰਜਾਦ ਮੈ ਕਹਿਤ ਹੈ ਕਥਾ ਅਨੇਕ

ਸੁਨੀਐ ਨ ਤੈਸੀ ਪ੍ਰੀਤ ਮਨ ਮੈ ਨ ਮਾਨੀਐ ।

ਵੇਦ ਦੀ ਮਰਯਾਦਾ ਵਿਚ ਭੀ ਅਨੇਕ ਤਰ੍ਹਾਂ ਦੀਆਂ ਕਥਾ ਕਹੀਆਂ ਹਨ ਜੋ ਬੇਦ ਵਿਚ ਭੀ ਬਹੁਤ ਕਥਾ ਪ੍ਰੇਮ ਦੇ ਮਿਲਾਪ ਦੀਆਂ ਹਨ ਪਰ ਗੁਰ ਸਿਖਾਂ

ਦੇ ਮਿਲਾਪ ਵਰਗੀ ਪ੍ਰੀਤੀ ਨਹੀਂ ਸੁਣੀਦੀ ਅਤੇ ਨਾ ਹੀ ਮਨ ਵਿਚ ਮੰਨੀ ਜਾਂਦੀ ਹੈ ਭਾਵ ਤੁਹਾਡੇ ਕੋਈ ਕਹੇ ਕਿ ਵੇਦ ਵਿਚ ਬਹੁਤ ਪ੍ਰੇਮ ਦੇ ਮਿਲਾਪ ਦੀਆਂ ਕਥਾ ਹਨ ਜਾਂ ਨਹੀਂ ਮੰਨੀਆਂ ਜਾਂਦੀਆਂ ਕਿਉਂਕਿ ਪ੍ਰਤੱਛ ਗੁਰਸਿਖਾਂ ਦਾ ਪ੍ਰੇਮ ਜੋ ਵੇਖ ਲਿਆ ਹੈ ॥ ਪ੍ਰਤੱਛ ਨੂੰ ਪ੍ਰਮਾਣ ਕਿਆ ॥

ਗਿਆਨ ਉਨਮਾਨ ਮੈ ਨ ਜੁਗਤ ਭਗਤ ਵਿਖੈ
ਰਾਗ ਨਾਦ ਬਾਦ ਆਦਿ ਅੰਤ ਹੂੰ ਨ ਜਾਨੀਐ ।

ਗਿਆਨ ਦੇ (ਉਨਮਾਨ) ਵਿਚਾਰ ਵਿਚ ਵੀ ਨਹੀਂ ਅਤੇ ਜੁਗਤ ਦੀਆਂ ਪਾਖੰਡੀ ਭਗਤੀਆਂ ਵਿਚ ਵੀ ਨਹੀਂ ਅਤੇ ਰਾਗ ਦੇ (ਨਾਦ) ਸ਼ਬਦਾਂ (ਅਵਾਜ਼ਾਂ) ਤੇ (ਬਾਦ) ਵਾਜੇ ਵਾ ਚਰਚਾ ਦੇ ਝਗੜਿਆਂ ਵਿਚ ਵੀ ਨਹੀਂ ਗੁਰਸਿਖਾਂ ਦੇ ਮਿਲਾਪ ਦੀ ਪ੍ਰੀਤੀ ਜੇਹਾ ਅਨੰਦ ਪਹਿਲੇ ਸਮੇਂ ਵਿਚ ਹੋ ਨਹੀਂ ਸੀ ਅਤੇ ਅਗੇ ਨੂੰ ਵੀ ਨਾ ਹੋਵੇਗਾ ਅਤੇ ਹੁਣ ਵੀ ਨਹੀਂ ਹੈ। ਭਾਵ ਗੁਰਸਿਖਾਂ ਦੇ ਮਿਲਾਪ ਵਰਗਾ ਪ੍ਰੇਮ ਕਿਧਰੇ ਵੀ ਨਹੀਂ ਜਾਣਿਆਂ ਜਾਂਦਾ ॥

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਜੈਸੋ
ਤੈਸੋ ਨ ਤ੍ਰਿਲੋਕ ਵਿਖੈ ਔਰ ਠੌਰ ਆਨੀਐ ॥੧੯੮

ਜਿਹਾ ਕੁ ਗੁਰਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਹੈ ਤੇਹਾ ਕੁ ਤ੍ਰਿਲੋਕੀ ਵਿਚ ਅਤੇ ਹੋਰ ਕਿਸੇ ਜਗਾ ਵਿਚ ਨਹੀਂ (ਆਨੀਐ) ਲਿਆਂਦਾ ਜਾਂਦਾ ॥੧੯੮॥

ਦਾਸਾਂ ਦੇ ਲੱਛਨ ਦਸਦੇ ਹਨ

ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਜੌ ਕਰੈ
ਹਰੈ ਹੌਮੈ ਰੋਗ ਰਿਦੈ ਨਿੰਮ੍ਰਤਾ ਨਿਵਾਸ ਹੈ ।

ਵਾਹਿਗੁਰੂ ਦਾ ਸਰੂਪ ਗੁਰੂ ਜਦ ਪੂਰਨ ਕਿਰਪਾ ਕਰਨ ਤਾਂ (ਰਿਦੇ) ਦਿਲ ਦੇ ਵਿਚੋਂ ਹੰਗਤਾ ਮਮਤਾ ਰੋਗ (ਹਰੇ) ਨਾਸ ਹੁੰਦਾ ਹੈ ਅਤੇ ਨਿਮ੍ਰਤਾ ਦਾ ਨਿਵਾਸ ਹੁੰਦਾ ਹੈ ਭਾਵ ਜਿਸ ਦਾਸ ਤੇ ਗੁਰੂ ਕਿਰਪਾ ਕਰਦੇ ਹਨ ਉਸ ਦਾ ਰੋਗ ਦੂਰ ਹੁੰਦਾ ਹੈ।

ਸ਼ਬਦ ਸੁਰਤਿ ਲਿਵਲੀਨ ਸਾਧ ਸੰਗ ਮਿਲ
ਭਾਵਨੀ ਭਗਤਿ ਭਾਇ ਦੁਬਿਧਾ ਬਿਨਾਸ ਹੈ ।

ਜਿਨ੍ਹਾਂ ਸਿਖਾਂ ਤੇ ਗੁਰਾਂ ਦੀ ਕਿਰਪਾ ਹੋਈ ਹੈ ਉਹ ਸਾਧ ਸੰਗਤ ਵਿਚ ਜਾਕੇ ਗੁਰਉਪਦੇਸ਼ ਸੁਣਕੇ ਗੁਰਾਂ ਵਿਚ ਪ੍ਰੀਤੀ ਕਰਦੇ ਹਨ ਅਤੇ ਸੇਵਾ ਭਗਤੀ ਤੇ ਸਰਧਾ ਗੁਰਾਂ ਦੇ ਸ਼ਬਦ ਨਾਲ ਅਤੇ ਦੈਤ ਭਾਉ ਨੂੰ ਨਾਸ ਕਰਦੇ ਹਨ ॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹੈ
ਬਿਸਮ ਬਿਸ੍ਵਾਸ ਵਿਖੈ ਅਨਭੈ ਅਭਿਆਸ ਹੈ।

(ਪਾਨ) ਪੀਕੇ (ਬਿਸਮ) ਅਸਚਰਜ (ਬਿਸਾਸ) ਭਰੋਸਾ (ਅਨਭੈ) ਨਿਭਰ ਹੋਕੇ (ਅਭਿਆਸੁ) ਉਤਮ ਨਾਮ ਅੰਮ੍ਰਿਤ ਨੂੰ ਪੀ ਕੇ ਰਜ ਜਾਂਦੇ ਹਨ ਅਤੇ ਵਾਹਿਗੁਰੂ ਦੇ ਮਿਲਣ ਨੂੰ ਉਦਮ ਕਰਦੇ ਹਨ ॥

ਸਹਿਜ ਸੁਭਾਇ ਚਾਇ ਚਿੰਤਾ ਮੈ ਅਤੀਤ ਚੀਤ
ਸਤਿਗੁਰ ਸਤਿਗੁਰ ਮਤਿ ਗੁਰਦਾਸ ਹੈ ॥੧੯੯॥

ਸਾਂਤੀ ਸੁਭਾਉ ਉਤਸ਼ਾਹ ਵਾਲੇ ਤੇ ਚਿੰਤਾ ਨੂੰ ਦੂਰ ਕਰਨਵਾਲੇ ਹੋਕੇ ਗੁਰਾਂ ਦੇ ਦਾਸ ਕਹਾਉਂਦੇ ਹਨ ਭਾਵ ਅਜਿਹੇ ਗੁਰਾਂ ਦੇ ਦਾਸ ਹੁੰਦੇ ਹਨ ॥

ਨੋਟ—ਮਤ ਦੀ ਜਗਾ ਸਤਿ ਪਾਠ ਵੀ ਹੁੰਦਾ ਹੈ ਸੋ (ਸਤ ਸਚੇ ਦਾਸ ਬਣਦੇ ਹਨ) ॥੧੯੯॥

ਗੁਰਮੁਖਿ ਸ਼ਬਦ ਸੁਰਤਿ ਲਿਵ ਸਾਧ ਸੰਗ
ਤ੍ਰਿਗੁਨ ਅਤੀਤ ਚੀਤ ਆਸਾ ਮੈਂ ਨਿਰਾਸ ਹੈ।

ਗੁਰ ਸਿਖ ਸਾਧ ਸੰਗਤ ਵਿਚ ਜਾਕੇ ਗੁਰ ਉਪਦੇਸ਼ ਵਿਚ ਪ੍ਰੀਤੀ ਕਰਦੇ ਹਨ ਅਤੇ ਸੰਸਾਰ ਦੇ ਦੁਖਾਂ ਤੋਂ ਉਹਨਾਂ ਦਾ ਚਿਤ ਰਹਿਤ ਹੋਇਆ ਹੈ ਅਥਵਾ ਸੰਸਾਰ ਵਿਚ ਰਹਿਕੇ ਹੀ ਸੰਤ ਬਣੇ ਰਹਿੰਦੇ ਨੇ ਅਤੇ ਨਾਮ ਜਪਦੇ ਨੇ ॥

ਨਾਮ ਨਿਹਕਾਮ ਧਾਮ ਸਹਿਜ ਸੁਭਾਇ ਰਿਦੈ
ਭੂਤ੍ਰੈ ਬਰਤਮਾਨ ਗਿਆਨ ਕੋ ਪ੍ਰਗਾਸ ਹੈ।

ਅਜੇਹੇ ਜੇਹੜੇ ਸਿਖ ਨਾਮ ਨੂੰ ਜਪਕੇ (ਧਾਮ) ਘਰ ਵਿਚ ਹੀ ਪਦਾਰਥਾਂ ਦੀਆਂ ਇਛਾ ਤੋਂ ਨਿਸ਼ਕਾਮ ਰਹਿਤ ਹੋਏ ਹਨ ਅਤੇ ਸ਼ਾਂਤੀ ਸੁਭਾਵ ਰਿਦੈ ਵਿਚ ਪ੍ਰਗਟ ਹੋਇਆ ਅਤੇ ਵਰਤਮਾਨ ਜੋ ਸੰਸਾਰ ਗੁਜਰ ਰਿਹਾ ਹੈ ਉਸ ਵਿਚ ਨਾਮ ਦੀ ਵਰਤਦੇ ਰਹਿੰਦੇ ਹਨ ਅਤੇ ਗਿਆਨ ਦਾ ਪ੍ਰਕਾਸ਼ ਜੇਹੜੇ ਕਰਦੇ ਹਨ ਅਤੇ ਕਿਸੇ ਦਾ ਦਿਲ ਨਹੀਂ ਦੁਖਾਉਂਦੇ ਅਥਵਾ ਵਰਤਮਾਨ ਜੀਂਵਦੇ ਹੀ ਜਿਨ੍ਹੈਂ ਵਿਚ ਜਿਨਾਂ ਨੂੰ ਗਿਆਨ ਹੋਇਆ ਹੈ ਅਤੇ ਸੰਸਾਰ ਨੂੰ ਜਿਨਾਂ ਨੇ ਝੂਠਾ ਸਮਝਿਆ ਹੈ ॥

ਸੂਖਮ ਸਥੂਲ ਏਕ ਏਕ ਓ ਅਨੇਕ ਮੇਕ
ਬ੍ਰਹਮ ਬਿਬੇਕ ਟੇਕ ਬ੍ਰਹਮ ਬਿਸ੍ਵਾਸ ਹੈ।

ਸੂਖਮ ਸਥੂਲ ਜੋ ਹਨ ਸੋ ਜੀਆਂ ਅਨੇਕਾਂ ਵਿਚ ਵਿਆਪਕ ਹੋ (ਮੇਕ) ਮਿਲ

ਸਾ ਹੋਇਆ ਹੈ ਗੁਰਮੁਖਾਂ ਨੂੰ ਓਸੇ ਵਾਹਿਗੁਰੂ ਦਾ ਹੀ ਵਿਚਾਰ ਜੋ (ਦੇਖ) ਆਸਰਾ (ਵਿਸ਼ਵਾਸ) ਕਰਦਾ ਹੈ ਭਾਵ ਵਾਹਿਗੁਰੂ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਜਾਣਦੇ ॥

ਚਰਨ ਸ਼ਰਨ ਲਿਵ ਆਪਾ ਖੋਇ ਹੋਇ ਰੇਨ
ਸਤਿਗੁਰ ਸਤਿਗੁਰ ਮਤਿ ਗੁਰ ਦਾਸ ਹੈ ॥੧੯੦।

ਗੁਰਾਂ ਦੇ ਚਰਨਾਂ ਦੀ ਸਰਨ ਵਿਚ ਜਿਨ੍ਹਾਂ ਨੇ ਬ੍ਰਿਤੀ ਲਾਕੇ ਪ੍ਰੀਤੀ ਕਰੀ ਹੈ ਅਤੇ ਹੰਕਾਰ ਨੂੰ ਦੂਰ ਕਰਕੇ ਸੰਤ ਦੇ ਚਰਨਾਂ ਦੀ (ਰੇਨ) ਧੂੜੀ ਹੋਏ ਹਨ ਤੇ ਜਿਨ੍ਹਾਂ ਨੇ ਸਚੇ ਪੂਜਨੀਕ ਸਤਗੁਰਾਂ ਦੀ (ਮਤਿ) ਸਿਖਿਆ ਲਈ ਹੈ ਓਹ ਗੁਰਾਂ ਦੇ ਦਾਸ ਹਨ ॥

ਭਾਵ ਅਜੇਹੇ ਗੁਣਾਂ ਵਾਲੇ ਗੁਰਾਂ ਦੇ ਦਾਸ ਹੁੰਦੇ ਵਾ ਹੋ ਸਕਦੇ ਹਨ, ਸੋ ਮੇਰੇ ਵਿਚ ਇਕ ਭੀ ਗੁਣ ਨਹੀਂ ॥੧੯੦॥

ਹੌਮੈ ਅਭਿਮਾਨ ਕੈ ਅਗਯਾਨਤਾ ਅਵਗਯਾ ਗੁਰ
ਨਿੰਦਾ ਗੁਰਦਾਸਨ ਕੈ ਨਾਮ ਗੁਰਦਾਸ ਹੈ।

ਹੰਗਤਾ, ਮਮਤਾ, ਹੰਕਾਰ ਕਰਕੇ ਤੇ ਅਗਯਾਨ ਤਾਈ ਤੇ ਅਵਗਯਾ ਤੇ ਨਿੰਦਯਾ ਗੁਰੂ ਕੀ ਤੇ ਗੁਰੂ ਕੇ ਦਾਸਾਂ ਦੀ ਕਰਕੇ ਜੇਕਰ ਕੋਈ ਕਹੇ ਮੈਂ ਆਪਣਾ ਨਾਮ ਗੁਰਾਂ ਦਾ ਸੇਵਕ ਕਹਾਵਾਂ ਤਾਂ ਨਹੀਂ ਕਹਾ ਸਕਦਾ ਭਾਵ ਅਜੇਹੇ ਔਗਣਾਂ ਵਾਲਾ ਗੁਰਾਂ ਦਾ ਦਾਸ ਨਹੀਂ ਹੋ ਸਕਦਾ ॥

ਮਹੁਰਾ ਕਹਾਵੈ ਮੀਠਾ, ਗਈ ਸੋ ਕਹਾਵੈ ਆਈ
ਦੂਠੀ ਕੋ ਕਹਿਤ ਤੂਠੀ ਹੋਤ ਉਪਹਾਸ ਹੈ।

ਜਿਹਾਕੁ ਮੌਹਰਾ ਮਿਠਾ ਕਹਾਵੇ ਅਤੇ ਚਲੀ ਗਈ ਹੋਈ ਭਾਵ ਦੁਖਦੀ ਅਖ ਆਈ ਹੋਈ ਆਪਣੇ ਆਪਨੂੰ ਆਈ ਹੋਈ ਕਹਾਵੇ ਭਾਵ ਜਦ ਅਖ ਦੁਖਣ ਲਗ ਜਾਂਦੀ ਹੈ ਤਾਂ (ਗਲ) ਕਹਾਵਤ ਮਸ਼ਹੂਰ ਹੈ ਕਿ ਜੇ ਕੋਈ ਉਸ ਅਖ ਦੁਖਣ ਵਾਲੇ ਨੂੰ ਪੁਛੇ ਤੇ ਤਾਂ ਓਹ ਅਗੋਂ ਆਖਦਾ ਹੈ ਕਿ ਮੇਰੀ ਅਖ ਆਈ ਹੋਈ ਹੈ ਤੇ ਇਸ ਗੱਲ ਨੂੰ ਡੂੰਘੀ ਦ੍ਰਿਸ਼ਟੀ ਦੇਣ ਦਾ ਖਿਆਲ ਜਾਂ ਵਿਚਾਰ ਕਿਹਾ ਮੂਰਖ ਵੀ ਸਮਝ ਸਕਦੇ ਹਨ ਕਿ ਅਖ ਮਰੋੜ ਕੇ ਨਾਲ ਗਈ ਗਵਾਚੀ ਹੋਈ ਹੋਈ ਹੋ ਜਾਂਦੀ ਹੈ ਅਤੇ (ਦੂਠੀ) ਰੁਸੀ ਹੋਈ ਦੇਵੀ ਮਾਤਾ (ਜੋ ਬਾਲਕਾਂ ਨੂੰ ਚੀਚਕ ਨਿਕਲਦੀ ਹੈ) ਨੂੰ (ਤੂਠੀ) ਪ੍ਰਸੰਨ ਹੋਈ ਆਖਦੇ ਹਨ ਭਾਵ ਜੇਕਰ ਕਿਸੇ ਦੇ ਲੜਕ ਨੂੰ ਮਾਤਾ ਨਿਕਲੇ ਤੇ ਜਾਂ ਲੋਕੀ ਆਖਦੇ ਹਨ ਮਾਤਾ ਸਾਡੇ ਉਪਰ ਪ੍ਰਸੰਨ ਹੋਈ ਹੈ ਭਾਵ ਹਰ ਇਕ ਨੂੰ ਅੱਖਾਂ ਅੰਨ੍ਹੀਆਂ ਕੁਝ ਦੇਣੇ ਦਾ ਹੀਲਾ ਹੀ ਜਾਣੀ

ਮਾਨ ਹੋਵੇ ਪਰ ਨਾਮ ਲੈਂਦੀ ਜ਼ਰੂਰ ਉਸਨੂੰ ਪਰੰਤੂ ਐਸੀ ਆਪਣ ਧੁਨ ਮੈਂ ਜੋਗ ਹੂ ਇਹ ਆਪਣੇ ਆਪ ਨੂੰ ਉਲਟਾ ਨਾਮ ਕਹਾਉਂਦੇ ਹਨ ਤੇਹਾਕੁ ਜੇਕਰ ਗੁਰਾਂ ਦਾ ਦਾਸ ਗੁਰੂ ਜੀ ਨਿੰਦਾ ਨਿਰਾਦਰੀ ਆਦਕ ਕਰੇ ਤੇ ਆਪਣੇ ਆਪ ਨੂੰ ਗੁਰੂ ਦਾ ਦਾਸ ਅਖਵਾਵੇ ਉਸੀ ਨੂੰ (ਉਪਹਾਸ) ਹਾਸੀ ਹੁੰਦੀ ਹੈ ॥

ਬਾਂਝ ਕਹਾਵੈ ਸਪੂਤੀ ਦੁਹਾਗਨਿ ਸੁਹਾਗਨਿ
ਕੁਰੀਤਿ ਸੁਰੀਤਿ ਕਾਟਕੈ ਨਕਟਾ ਕੋ ਨਾਸ ਹੈ ।

ਜੇਹਾਕੁ (ਬਾਂਝ) ਜਿਨ੍ਹੇ ਕਦੀ ਪੁਤ੍ਰ ਜੰਮਿਆਂ ਹੀ ਨਾ ਹੋਵੇ ਅਤੇ ਓਹ (ਸਪੂਤੀ) ਚੰਗੇ ਪੁਤ੍ਰਾਂ ਵਾਲੀ ਇਸਤ੍ਰੀ ਕਹਾਵੇ ਅਤੇ ਜੋ (ਦੁਹਾਗਨਿ) ਪਤੀ ਪ੍ਰੇਮ ਤੋਂ ਬਿਮੁਖ ਹੈ ਓਹ (ਸੁਹਾਗਨਿ) ਪਤੀ ਵਾਲੀ ਕਹਾਵੇ ਅਤੇ ਮਾੜੀ ਰੀਤੀ ਵਾਲੀ ਚੰਗੀ ਕਹਾਵੇ ਅਤੇ ਕੱਟੇ ਹੋਏ (ਨਕਟਾ) ਨੱਕ ਵਾਲਾ (ਨਾਸ) ਨਾਸਕਾ ਵਾਲਾ ਨੱਕ ਵਾਲਾ ਕਹਾਵੇ ਤਾਂ ਹਾਸਾ ਹੁੰਦਾ ਹੈ ।

ਭਾਵ—ਜੇਹਾਕੁ ਇਹ ਆਪਣੇ ਆਪ ਨੂੰ ਉਲਟੇ ਨਾਮ ਕਹਾਉਣ ਤੋਂ ਹਾਸੀ ਕਰਾਉਂਦੇ ਹਨ ਤੇਹਾਕੁ ਜੇਕਰ ਗੁਰਾਂ ਦਾ ਸਿਖ ਕਹਾਵੇ ਅਤੇ ਗੁਰਾਂ ਦੀ ਨਿੰਦਾ ਨਿਰਾਦਰੀ ਆਦਿਕ ਕਰੇ ਤੇ ਆਪਣੇ ਆਪ ਨੂੰ ਦਾਸ ਕਹਾਵੇ ਤੇ ਤਾਂ ਉਸਨੂੰ ਹਾਸੀ ਹੁੰਦੀ ਹੈ ।

ਬਾਵਰੋ ਕਹਾਵੈ ਭੋਰੋ ਆਂਧਰੋ ਕਹੈ ਸੁਜਾਖੋ
ਚੰਦਨ ਸਮੀਪ ਜੈਸੇ ਬਾਂਸ ਮੈ ਨ ਬਾਸ ਹੈ ॥੧੯੧॥

ਪਾਗਲ ਆਪਣੇ ਆਪ ਨੂੰ (ਭੋਰੋ) ਭੋਲਾ ਕਹਾਵੇ ਅਤੇ (ਆਂਧਰੋ) ਅੰਨ੍ਹਾਂ ਸੁਜਾਖਾ ਕਹਾਵੇ ਤਾਂ ਇਹਨਾਂ ਨੂੰ ਹਾਸੀ ਹੁੰਦੀ ਹੈ ਤੇਹਾ ਕੁ ਗੁਰਾਂ ਦਾ ਦਾਸ ਸਮਝ ਲੈਣਾ । ਜੋ ਗੁਰਾਂ ਦੀ ਨਿੰਦਾ ਨਿਰਾਦਰੀ ਕਰਨ ਅਤੇ ਆਪਣੇ ਆਪ ਨੂੰ ਦਾਸ ਕਹਾਉਣ ਤਾਂ ਉਹਨਾਂ ਦਾ ਇਹ ਹਾਲ ਹੁੰਦਾ ਹੈ ਜੇਹਾਕੁ ਚੰਦਨ ਬ੍ਰਿਛ ਦੇ (ਸਮੀਪ) ਪਾਸ ਰਹਣੇ ਕਰਕੇ (ਬਾਂਸ) ਬਾਂਸ ਵਿਚ (ਬਾਸ) ਸੁਗੰਧੀ ਨਹੀਂ ਹੁੰਦੀ ਤੇਹਾ ਕੁ ਉਸ ਦਾਸ ਵਿਚ ਭਗਤੀ ਦੀ ਲਾਗ ਨਹੀਂ ਲਗਦੀ ਅਤੇ ਨਾ ਹੀ ਉਹ ਗੁਰਾਂ ਦਾ ਦਾਸ ਕਹਾ ਸਕਦਾ ਹੈ ॥੧੯੧॥

ਜਪ ਤਪ ਆਦਕ ਸਾਧਨ ਜਿਨਾਂ ਗੁਰਾਂ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ ਅਤੇ ਜਿਨਾਂ ਗੁਰਾਂ ਦੀ ਬਹੁਤ ਸਾਰੀ ਸੰਗਤ ਹੈ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ ॥

ਗੁਰ ਸਿਖ ਏਕ ਮੇਕ ਹੋਮ ਨ ਪੁਜਸ ਕੋਟਿ
ਹੋਮ ਜਗ ਭੋਗ ਨਈਵੇਦ ਪੂਜਾਚਾਰ ਹੈ ।

ਮਹਾਤਮ ਗੁਰਸਿਖ ਗੁਰਾਂ ਨਾਲ (ਇਕ ਮਿਕ) ਮਿਲਦੇ ਸਿਖ ਹੋਏ ਹਨ ਭਾਵ ਗੁਰਾਂ ਦਾ ਰੂਪ ਹੀ ਹੋਏ ਹਨ ਜਿਹਾ ਕੁ ਗੁਰੂ ਜੀ ਆਖਦੇ ਹਨ ॥

(ਆਸਾ ਛੰਤ ਗੁਰੂ ੪)

ਗੁਰੂ ਸਿਖ, ਸਿਖ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਇ ।

ਅਜੇਹੇ ਸਿਖਾਂ ਦੇ ਇਕ (ਰੋਮ) ਵਾਲ ਦੇ ਬਰਾਬਰ ਕ੍ਰੋੜਾਂ ਹੀ ਇਹੋ ਜੇਹੇ (ਹੋਮ ਕਰਨੇ, ਜਗ ਕਰਨੇ, ਭੋਗ ਠਾਕਰਾਂ ਨੂੰ ਭੋਗ ਲਵਾਉਣੇ। ਭਾਵ ਪੱਥਰਾਂ ਦੇ ਮੂੰਹ ਵਿਚ ਬੁਰਕੀਆਂ ਦੇਣੀਆਂ, ਅਤੇ (ਨਈਵੇਦ) ਫੁਲ ਆਦਕ ਠਾਕਰਾਂ ਤੇ ਅਰਪਣ ਕਰਨੇ ਤੇ ਪੂਜਾ ਦਾ ਅਚਾਰ ਕਰਨਾ ਵਾ ਪੂਜਾ ਸੁੰਦਰ ਕਰਨੀ) ਨਹੀਂ ਪੁਜ ਸਕਦੇ ॥

ਜੋਗ ਗਿਆਨ ਧਿਆਨ ਅਧਿਆਤਮ ਰਿਧ ਸਿਧ ਨਿਧੇ ਜਪ ਤਪ ਸੰਜਮਾਦਿ ਅਨਿਕ ਪ੍ਰਕਾਰ ਹੈ ।

ਜੋਗੀਆਂ ਵਾਂਗਰ ਜੋਗ ਕਰਨਾ ਗਿਆਨ ਕਰਨਾ, ਧਿਆਨ ਲਾਉਣਾ ਅਤੇ (ਅਧਿਆਤਮ) ਨੇਤੀ ਧੋਤੀ (ਜੋਗਾਭਿਆਸੀ ਮੂੰਹ ਰਾਹ ਪਾਣੀ ਦੀਆਂ ਗਾਗਰਾਂ ਪਾ ਕੇ ਗੁਦਾ ਰਾਹ ਨਿਕਾਲ ਦੇਂਦੇ ਹਨ ਅਤੇ ਸਰੀਰ ਨੂੰ ਅੰਦਰੋਂ ਸਾਫ ਕਰ ਲੈਂਦੇ ਹਨ) ਅਤੇ ਰਿਧੀ ਉਨ੍ਹੂੰ ਆਖਦੇ ਹਨ ਜੋ ਥੋੜਾ ਜੇਹਾ ਅੰਨ ਪਕਾਕੇ ਉਤੇ ਬਸਤ੍ਰ ਪਾਕੇ ਬਹਿ ਜਾਵੇ ਜਿਤਨੇ ਆਉਣ ਉਨ੍ਹਾਂ ਨੂੰ ਵਰਤਾਈ ਜਾਵੇ ਜਿਨਾਂ ਚਿਰ ਬਸਤ੍ਰ ਨਾ ਚੁਕੇ ਉਨਾਂ ਚਿਰ ਅੰਨ ਨ ਮੁਕੇ ਅਤੇ ਸਿਧੀਆਂ ਇਹੁ ਹੈਨ ॥ ਦੋਹ ॥ ਅਣਿਮਾ ੧ ਮਹਿਮਾ ੨ ਗਰਮਤਾ ੩ ਲਘੁਮਾ ੪ ਪ੍ਰਾਪਤ ੫ ਜਾਨ । ਕਾਮੀ ਕਰਣ ੬ 'ਅਰੁ' ਈਖਤਾ ੭ ਅਸ਼ਟ ਸਿਧਕੇ ਨਾਮ । (ਨਾਮ ਮੰਜਰੀ ॥)

ਨੌ ਨਿਧੀਆਂ—ਦੋਹਰਾ ਛੰਦ ॥

ਨਵ ਨਿਧ ਕੇ ਅਬ ਨਾਮ ਸੁਣੀਜੈ ਪਦਮ ੧ ਔਰ ਮਹਾ ਪਦਮ ੨ ਬਖਾਨ। ਖਰਬ ੩ ਕੁੰਦ ੪ ਔ ਸੰਖ ੫ ਨੀਲ ੬ 'ਭਨ' ਕੱਛਪ ੭ ਮਕਰ ੮ ਮੁਕੰਦ ੯ ਮਹਾਨ। ਯਹ ਸਭ ਤਿਨਕੇ ਨਾਮ ਪਛਾਨੋ ਜਿਨ ਨਵ ਨਿਧ ਕੋ ਗਾਹਿਤ ਗਿਆਨ। ਜਗਤ ਸੇਠ ਨਿਸ਼ਕਾਮ ਸਗਲ ਤੇ ਜਿਨਕੇ ਉਰ ਨਿਜ ਬੋਧ ਮਹਾਨ।

(ਪ੍ਰਸਤਾਰ ਸੰਗ੍ਰਹਿ ॥)

ਜਪ ਕਰਨਾ ਤਪ ਕਰਨਾ (ਸੰਜਮਾਦਿ) ਇੰਦ੍ਰੀਆਂ ਦਾ ਰੋਕਣਾ ਆਦਿਕ ਕਰਨਾ ਏਹੋ ਜੇਹੇ ਜੋ ਅਨੇਕਾਂ ਤਰਾਂ ਦੇ ਕੰਮ ਹਨ ਓਹ ਗੁਰੂ ਕੇ ਸਿਖਾਂ ਦੇ ਵਾਲ ਦੇ ਬਰਾਬਰ ਨਹੀਂ ਹੋਸਕਦੇ ॥

ਸਿੰਮ੍ਰਿਤਿ ਪੁਰਾਨ ਬੇਦ ਸ਼ਾਸਤ੍ਰ ਸੰਗੀਤ ਔਰ ਸੁਰਸਰਿ ਦੇਵ ਸਭ ਮਾਯਾ ਬਿਸਥਾਰ ਹੈ ।

੨੭ ਸਿਮ੍ਰਤੀਆਂ ੧੮ ਪੁਰਾਨ ੪ ਵੇਦ ੬ ਸ਼ਾਸਤ੍ਰ

ਦੋਹਰਾ ‘‘ਪ੍ਰਸੰਗਾਰ ਸੰਗ੍ਰਹਿ’’

ਬ੍ਰਹਮ ੧ ਪਦਮ ੨ ਵੈਸ਼ਨਵ ੩ ਸ਼ਿਵ ੪ ਪੁਨ ਭਾਗਵਤ ੫ ਵਿਸਨ ੬ ਨਾਰਦ ੭ ਮਾਰਕੰਡੇਸ ੮ ॥ ਆਗਨੇਯ ੯ ਭਵਿਖਤ ੧੦ ਬ੍ਰਹਮੰ ਵਰਤ ੧੧ ਲਿੰਗ ੧੨ ਬਰਾਹ ੧੩ ਸਕੰਧ ੧੪ ਸਵੇਸ ॥ ਬਾਵਨ ੧੫ ਕੂਰਮ ੧੬ ਮੱਤਸ ੧੭ ਗਾਰੁੜ ੧੮ ਬ੍ਰਹਮੰਡ ਦਸ ਅਸ਼ਟ ਕਰ ਲੇਸ । ਬਯਾਸ ਰੂਪ ਅਵਤਾਰ ਭਿਸ਼ਨ ਧਰ ਪੁਰਾਣ ਅਠਾਰਾਂ ਕਰਤ ਜਗੇਸ ॥

ਰਿਗ ੧ ਯੁਜਰ ੨ ਸਾਮ ੩ ਅਥਰ ਬਣ ੪
ਸਾਂਖ ੧ ਨਿਆਯ ੨ ਬਸ਼ੇਸ਼ਕੋ ੩ ਔਰ ਮੀਮਾਂਸਕ ੪ ਜਾਨ ।
ਕਹੇ ਪਤੰਜਲ ਪੰਚਮੋ ਖਟੇ ਵਿਦਾਂਤ ਬਖਾਨ ।

੧ ਮਨੂ ਸਿੰਮ੍ਰਿਤੀ ੨ ਯਾਗਵਲਕਯ ਸਿਮ੍ਰਿਤੀ ੩ ਲਘੁ ਅਤ੍ਰੀ ਸੰਹਿਤਾ ੪ ਅੱਤ੍ਰੀ ਸੰਹਿਤਾ ੫ ਬ੍ਰਿਧ ਅੱਤ੍ਰੀ ਸੰਹਿਤਾ ੬ ਵਿਸ਼ਨ ਸਿਮ੍ਰਤੀ ੭ ਲਘੁਹਾਰੀਤ ਸਿਮ੍ਰਿਤੀ ੮ ਬ੍ਰਿਧ ਹਾਰੀਤ ਸੰਹਿਤਾ ੯ ਔਸ਼ਨਸ ਧਰਮ ਸ਼ਾਸਤ੍ਰ ੧੦ ਔਸ਼ਨਸ ਸਿਮ੍ਰਤੀ ੧੧ ਆਂਗਿਰਸ ਸਿਮ੍ਰਿਤੀ ੧੨ ਯਮ ਸਿੰਮ੍ਰਤੀ ੧੩ ਅਪਸਤੰਬ ਸਿਮ੍ਰਤੀ ੧੪ ਸੰਵਰਤ ਸਿਮ੍ਰਿਤੀ ੧੫ ਕਾਤ੍ਯਾਯਨ ਸਿਮ੍ਰਿਤੀ ੧੬ ਬ੍ਰਿਹਸਪਤਿ ਸਿਮ੍ਰਿਤੀ ੧੭ ਪਰਾਸਰ ਸੰਹਿਤਾ ੧੮ ਬ੍ਰਿਹਤ ਪਰਾਸਰ ਸੰਹਿਤਾ ੧੯ ਲਘੁ ਬਯਾਸ ਸੰਹਿਤਾ ੨੦ ਬਯਾਸ ਸੰਹਿਤਾ ੨੧ ਸੰਖ ਸੰਹਿਤਾ ੨੨ ਲਿਖਿਤ ਸੰਹਿਤਾ ੨੩ ਦਖ ਸੰਹਿਤਾ ੨੪ ਗੌਤਮ ਸੰਹਿਤਾ ੨੫ ਸਾਤਾਤਪ ਸੰਹਿਤਾ ੨੬ ਵਿਸਿਸ਼ਟ ਸੰਹਿਤਾ ੨੭ ਬ੍ਰਿਧ ਗੌਤਮ ਸੰਹਿਤਾ ੨੮ ਪੁਲਸਤ ਸਿਮ੍ਰਤਿ ੨੯ ਲਘੁ ਬੁਧ ਸਿੰਮ੍ਰਿਤੀ ੩੦ ਕਾਸ਼ਯਪ ਸਿਮ੍ਰਤੀ ੩੧ ਨਾਰਦ ਸਿੰਮ੍ਰਿਤੀ ॥

ਨੋਟ—ਜੇਹੜੀਆਂ ਬਜਾਈ ਸਿਮ੍ਰਿਤੀਆਂ ਹਨ ਸੋ ਭੀ ਇਹਨਾਂ ਦੇ ਵਿਚੋਂ ਹੀ ਹਨ॥

ਸੰਗੀਤ ਰਾਗ ਦੇ ਪੁਸਤਕ ਰਾਗ ਦਰਪਨ ਸੁਰਤਾਲ ਸਮੂਹ ਆਦਿਕ ਸਰਬਗੀ ਗੀਤਾ ਦੇਵ ਦੇਵਤੇ ਸਾਰੇ ਅਤੇ ਜਿਨਾਂ ਕੁ ਮਾਯਾ ਦਾ ਵਿਸਥਾਰ ਫੈਲਾ ਹੋਇਆ ਹੈ ਇਹ ਸਾਰੇ ਗੁਰ ਸਿਖਾਂ ਦੇ ਰੋਮ ਦੀ ਬਰਾਬਰੀ ਨਹੀਂ ਕਰ ਸਕਦੇ॥

ਕੋਟਨ ਕੋਟਾਨਿ ਸਿਖ ਸੰਗਤ ਅਸੰਖ ਜਾਂਕੈ
ਸ੍ਰੀ ਗੁਰ ਚਰਨ ਨੇਤਿ ਨੇਤਿ ਨਮਸਕਾਰ ਹੈ ॥੧੯੨॥

ਕ੍ਰੋੜਾਂਨ ਕ੍ਰੋੜਾਂ ਹੀ ਜਿਨਾਂ ਗੁਰਸਿਖਾਂ ਦੀਆਂ ਅਜੇਹੀਆਂ ਸੰਗਤਾਂ (ਅਸੰਖ) ਬੇ ਗਿਣਤੀਆਂ ਹੀ ਹਨ ਉਨਾਂ ਸੁਭਾਇਮਾਨ ਗੁਰਾਂ ਨੂੰ ਬਿਅੰਤ ਬਿਅੰਤ ਕਹਿਕੇ ਸਾਰੇ ਪਿਛੇ ਦੇ ਦੇਵੀ ਦੇਵਤੇ ਨਮਸਕਾਰ ਕਰਦੇ ਹਨ ਭਾਵ ਜੇਹੜੇ ਪਿਛਲੀਆਂ ਪੰਗਤੀਆਂ ਵਿਚ ਦੇਵੀ ਦੇਵਤੇ ਲਿਖੇ ਹਨ ਓਹ ਗੁਰਾਂ ਨੂੰ ਜੋ ਅਜੇਹੇ ਗੁਰਸਿਖਾਂ ਨੂੰ

ਨਮਸਕਾਰ ਕਰਦੇ ਹਨ ॥੧੯੬॥

ਗੁਰਾਂ ਦੇ ਸਿਖਾਂ ਦੇ ਚਰਨਾਂ ਦੀ ਧੂੜੀ ਦਾ ਪ੍ਰਤਾਪ ਦਸਦੇ ਹਨ

ਚਰਨ ਕਮਲ ਰਜ ਗੁਰ ਸਿਖ ਮਾਥੈ ਲਾਗੀ
ਬਾਂਛਤ ਸਕਲ ਗੁਰ ਸਿਖ ਪਗ ਰੇਨ ਹੈ ।

ਜਿਨਾਂ ਗੁਰਸਿਖਾਂ ਦੇ ਮੱਥੇ ਤੇ ਗੁਰਾਂ ਦੇ ਚਰਨਾਂ ਕਮਲਾਂ ਦੀ ਰਜ ਧੂੜੀ ਲਾਗੀ ਹੈ ਅਗੋ ਓਹਨਾਂ ਗੁਰਸਿਖਾਂ ਦੇ ਪਗ ਚਰਨਾਂ ਦੀ (ਰੇਨ) ਧੂੜੀ (ਬਾਂਛਤ) ਮਨ ਭਾਉਂਦੇ ਪਦਾਰਥ ਸਾਰੇ ਦੇਣ ਵਾਲੀ ਹੈ ਭਾਵ ਜਿਨਾਂ ਦੇ ਮਥੇ ਤੇ ਗੁਰਾਂ ਦੀ ਧੂੜੀ ਲਗੀ ਹੈ ਓਹਨਾਂ ਸਿਖਾਂ ਦੀ ਧੂੜੀ ਅਗੋ ਸਾਰੇ ਦੇਵਤੇ ਤੇ ਸਾਰਾ ਸੰਸਾਰ ਚਾਹੁੰਦਾ ਹੈ ॥

ਕੋਟਿਨ ਕੋਟਾਨ ਕੋਟਿ ਕਮਲਾ ਕਲਪਤਰ
ਪਾਰਸ ਅੰਮ੍ਰਿਤ ਚਿੰਤਾਮਣਿ ਕਾਮਧੇਨ ਹੈ ।

ਕੋੜਾਂ ਨ ਕ੍ਰੋੜਾਂ ਹੀ (ਕਮਲਾ) ਲਛਮੀਆਂ ਤੇ (ਕਲਪ ਤਰ) ਕਲਪ ਬ੍ਰਿਛ ਦੇਵਤਿਆਂ ਦਾ ਰੁਖ ਤੇ ਪਾਰਸ ਪੱਥਰ ਅਤੇ ਅੰਮ੍ਰਿਤ ਜੋ ਮੋਇਆਂ ਨੂੰ ਜੀਵਾ ਦੇਂਦਾ ਹੈ ਤੇ ਚਿੰਤਾਮਣੀ (ਅਤੇ ਕਾਮਧੇਨ) ਦੇਵਤਿਆਂ ਦੀ ਗਾਂ । ਇਹ [illegible] ਸਾਰੇ ਹੀ ਗੁਰਸਿਖਾਂ ਦੇ ਚਰਨਾਂ ਦੀ ਧੂੜੀ ਚਾਹੁੰਦੇ ਹਨ ।

ਸੁਰ, ਨਰ, ਨਾਥ, ਮੁਨਿ, ਤ੍ਰਿਭਵਨ ਔ ਤ੍ਰਿਕਾਲ
ਲੋਗ ਬੇਦ ਗਿਆਨ ਉਨਮਾਨ ਜੇਨ ਕੇਨ ਹੈ ।

ਦੇਵਤੇ ਆਦਮੀ ਨੌ ਨਾਥ ਗੋਰਖ ਭੈਰੋਂ ਆਦਕ (ਮੁਨਿ ਮਰੀਚ ੧ ਅਤ੍ਰਿ ੨ ਅਤੇ ਅੰਗ੍ਰਿ ੩ ਪੁਲਹ ੪ ਪੁਲਸਤ ੫ । ਪੁਨ ਵਸਿਸ਼ਟ ੬ ਕਿਰਤੂ ੭ ਸੁਨੋ ਸਪਤ ਮੁਨੀ [illegible] ।) ਤੇ (ਤ੍ਰਿਭਵਨ) ਤਿੰਨੇ ਲੋਕ ਧਰਤ ਅਕਾਸ਼ ਪਤਾਲ [illegible] ਤੇ (ਤ੍ਰਿਕਾਲ) ਤਿੰਨੇ ਸਮੇਂ ਲੋਗ ਲੋਕੀ ਵਾ ਸਭ ਲੋਕ ਚੌਪਈ

ਭੂਰ ੧ ਭੁਵਰ ੨ ਸੁਰ ੩ ਮਹਿਰ ੪ ਸੁਧਾਰ ॥
ਜਨਪ ੫ ਤਪ ੬ ਸਤ ੭ ਸਾਜੇ ਨਿਰਧਾਰ ॥

ਅਤੇ ਚਾਰੇ ਵੇਦ ਰਿਗ ੧ ਯੁਜਰ ੨ ਸਾਮ ੩ ਅਥਰਬਣ ੪ । ਗਿਆਨ ਦਾ ਉਨਮਾਨ ਵਿਚਾਰ (ਭਾਈ ਜੀ ਆਖਦੇ ਹਨ ਇਹ ਜੇਹੀ ਵਡੇਰੇ ਜੇਨ ਕੇਨ) ਜੇਹੜੇ ਕੇਹੜੇ ਹਨ ਭਾਵ ਜਿੰਨੇ ਕੁ ਹਨ ॥

ਕੋਟਿਨ ਕੋਟਾਨ ਸਿਖ ਸੰਗਤ ਅਸੰਖ ਜਾਂਕੈ
ਨੇਤ ਨੇਤ ਗੁਰ ਸਿਖ ਸੁਖ ਫਲ ਦੇਨ ਹੈ ॥ ੧੯੭॥

ਆਪ ਆਖਦੇ ਹਨ ਕਿ ਇਕ ਸਿਖ ਦੇ ਚਰਨਾਂ ਦੀ ਧੂੜੀ ਦੇ ਬਰਾਬਰ ਕ੍ਰੋੜਾਂ ਦੇਵਤੇ ਨਹੀਂ ਹੋ ਸਕਦੇ ਪਰ ਜਿਨ੍ਹਾਂ ਗੁਰਾਂ ਦੀ ਸਾਧ ਸੰਗਤਾਂ ਵਿਚ ਕ੍ਰੋੜਾਂ ਹੀ ਅਜੇਹੇ ਸਿਖ ਅਤੇ (ਅਸੰਖ) ਅਨਗਿਣਤ ਸੰਗਤਾਂ ਹੋਨ ਉਹਨਾਂ ਆਦਿ (ਗੁਰਸਿਖ) ਗੁਰਮੁਖਾਂ ਨੂੰ ਨਮਸਕਾਰ ਮੇਰੀ ਹੋਵੇ ਕਿਉਂਕਿ ਜੋ ਪੀਛੇ ਦੇਵੀ ਦੇਵਤੇ ਪਦਾਰਥ ਕਥਨ ਕੀਤੇ ਹੈਂ ਉਹਨਾਂ ਨਾਲੋਂ ਬਹੁਤੇ ਹੀ ਸੁਖਦਾਈ (ਸੁਖਫਲ) ਆਨੰਦ ਆਦਕ ਅਨੰਦਾਂ ਦੇ ਦੇਣ ਵਾਲੇ ਹਨ ਭਾਵ ਜਿਨ੍ਹਾਂ ਸਿਖਾਂ ਤੇ ਗੁਰਾਂ ਦੇ ਚਰਨਾਂ ਦੀ ਧੂੜੀ ਉਡਕੇ ਪੈ ਗਈ ਹੈ ਉਨਾਂ ਦੀ ਬਰਾਬਰੀ ਕੋਈ ਵਿਰਨ੍ਹੀ ਬ੍ਰਹਮਾ ਆਦਿ ਆਦਿਕ ਨਹੀਂ ਕਰ ਸਕਦਾ ॥੧੯੩॥

ਫਿਰ ਗੁਰ ਸਿਖਾਂ ਦੇ ਮਿਲਾਪ ਦਾ ਪ੍ਰਤਾਪ ਦਸਦੇ ਹਨ

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਅਤਿ
ਭਾਵਨੀ ਭਗਤਿ ਭਾਇ ਚਾਇ ਕੈ ਚਈਲੇ ਹੈਂ ।

ਗੁਰੂ ਜੀ ਕੇ ਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ (ਅਤਿ) ਬਹੁਤ ਹੈ ਭਾਵ ਗੁਰਸਿਖਾਂ ਦੀ ਸਾਧ ਸੰਗਤ ਵਿਚ ਪ੍ਰੇਮ ਦੇ ਮੇਲ ਦਾ ਬਹੁਤ ਪ੍ਰਤਾਪ ਹੈ (ਭਾਵਨੀ) ਸਰਧਾ ਭੀ ਗੁਰਸਿਖਾਂ ਦੀ ਬਹੁਤ ਹੈ ਅਤੇ ਭਗਤਿ (ਭਾਇ) ਪ੍ਰੇਮਾ ਭਗਤੀ ਭੀ ਬਹੁਤ ਹੈ ਅਜੇਹੇ ਗੁਰਸਿਖ (ਚਾਇ) ਅਨੰਦ ਉਤਸਾਹ ਕਰਕੇ (ਚਈਲੇ) ਅਨੰਦ ਵਾਲੇ ਵਾਹਿਗੁਰੂ ਦੇ ਨਾਮ ਦੀਆਂ ਮੌਜਾਂ ਲੈਣ ਵਾਲੇ ਹੋਏ ਰਹਿੰਦੇ ਹਨ ਭਾਵ ਨਾਮ ਵਿਚ ਹੀ ਲਗੇ ਰਹਿੰਦੇ ਹਨ ॥

ਦ੍ਰਿਸ਼ਟਿ ਦਰਸ ਲਿਵ ਅਤਿ ਅਸਚਰਜ ਮੈ
ਬਚਨ ਤੰਬੋਲ ਸੰਗ ਰੰਗ ਹ੍ਵੈ ਰੰਗੀਲੇ ਹੈਂ ।

ਬਹੁਤ ਹੀ ਅਸਚਰਜ (ਮੈ) ਰੂਪ ਜੋ ਗੁਰਾਂ ਦਾ ਦਰਸ਼ਨ ਹੈ ਤਿਸ ਵਿਚ (ਦ੍ਰਿਸਟਿ) ਨਜ਼ਰ ਲਗਾ ਕੇ (ਲਿਵ) ਬ੍ਰਿਤੀ ਨੂੰ ਜੋੜਦੇ ਹਨ ਭਾਵ ਨੈਣਾਂ ਨਾਲ ਗੁਰਾਂ ਦਾ ਦਰਸ਼ਨ ਕਰਕੇ ਬ੍ਰਿਤੀ ਲਗਾਉਂਦੇ ਹਨ ਅਤੇ ਗੁਰਾਂ ਦੇ ਬਚਨਾਂ ਰੂਪੀ ਜੋ (ਤੰਬੋਲ) ਪਾਨ ਬੀੜੇ ਖਾਕਰ ਉਹਨਾਂ ਦੇ ਨਾਲ ਬੜੇ ਰੰਗ (ਅਨੰਦ) ਕਰਕੇ (ਰੰਗੀਲੇ) ਗਾੜ੍ਹੇ ਰੰਗ ਅਨੰਦ ਵਾਲੇ ਹੋਏ ਹਨ ਭਾਵ ਗੁਰਾਂ ਦੇ ਬਚਨ ਸੁਣਕੇ ਨਿਹਾਲ ਹੋ ਗਏ ਹਨ ॥

ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ
ਪ੍ਰੇਮ ਰਸ ਅੰਮ੍ਰਿਤ ਕੈ ਰਸਕ ਰਸੀਲੇ ਹੈਂ ।

ਗੁਰਾਂ ਦੇ ਉਪਦੇਸ਼ ਦੀ ਚੰਗੀ ਪ੍ਰੀਤੀ ਵਿਚ ਬ੍ਰਿਤੀ ਨੂੰ ਲੀਨ (ਮਿਲਾਈ) ਰਖਦੇ ਹਨ ਪਾਣੀ ਵਿਚ (ਮੀਨ) ਮਛੀ ਦੀ (ਗਤਿ) ਚਾਲ ਵਾਂਗ ਹੀ ਜੋੜਦਾ

[illegible] ਸ਼ੋਭਾ [illegible] ਕਰਦੀ ਹੈ ਭਾਵ ਗੁਰਸਿਖ ਗੁਰ ਸ਼ਬਦ [illegible] ਨੂੰ [illegible] ਕਰਦੇ ਹਨ ਅਤੇ ਪ੍ਰੇਮ ਰਸ ਜੋ ਵਾਹਿਗੁਰੂ ਦੇ ਨਾਮ ਦਾ ਅਨੰਦ ਅਮ੍ਰਿਤ ਹੈ [illegible] ਨੂੰ ਪੀਕੇ (ਰਸਕ ਟਸਕਕੇ) ਰਸ ਲੈਣ ਵਾਲੇ ਰਸੀਏ ਹੋਏ ਹਨ ਭਾਵ [illegible] ਸ਼ੁਭਕੇ ਨਾਮ ਅੰਮ੍ਰਿਤ ਦੇ ਚਸ਼ਮੇ ਵਿਚ ਅਨੰਦ ਲੈਂਦੇ ਨੇ ॥

ਸੋਭਾ ਲਿਧਿ ਸੋਭ ਕੋਟਿ ਓਟ ਲੈਤ ਹੈ ਲੁਭਿਤ
ਛੋਟ ਛਬਿ ਛਾਹ ਛਪੈ ਛਬਿਕੈ ਛਬੀਲੇ ਹੈਂ॥੧੯॥

ਗੁਰ ਸਿਖਾਂ ਦੀ ਸੋਭਾ ਦੀ (ਓਟ) ਟੇਕ ਆਸਰੇ ਦੀ ਲੈਂਕੇ ਕੋਟਿ) [illegible] ਹੀ ਸੋਭਾ ਤੇ ਲਿਧੀਆਂ ਨੇ ਲਾਲਚ ਵਾਲੀਆਂ ਹੋਕੇ ਲੋਭ ਜਾਂਦੀਆਂ ਹਨ ਅਤੇ ਗੁਰ ਸਿਖਾਂ ਨੂੰ ਛਬ ਕਰਕੇ ਛਬ ਵਾਲੇ ਵੇਖਿਆਂ ਹੋਇਆਂ ਹੀ ਦੀ (ਛਾਹਿ) [illegible] ਨੂੰ ਵੇਖਦੇ ਛੋਟੀਆਂ ਹੀ ਛੋਟੀਆਂ (ਛਪੈ) ਛਪ, ਮੰਦ ਪੈ ਜਾਂਦੀਆਂ ਹਨ ।

ਭਾਵ—ਗੁਰਸਿਖਾਂ ਦੀ ਸੋਭਾ ਦੇ ਬਰਾਬਰ ਸੋਭਾ ਵੀ ਨਹੀਂ ਹੋ ਸਕਦੀ ਅਤੇ ਛਬ ਦੇ ਬਰਾਬਰ ਛਬ ਵੀ ਨਹੀਂ ਹੋ ਸਕਦੀ । ਦੂਜਾ ਭਾਵ—[illegible] ਸਿਖਾਂ ਦੇ ਬਾਣੇ (ਪਹਰਾਵੇ) ਦੀ ਸੋਭਾ ਦੇ ਬਰਾਬਰ ਕਿਸੇ ਅਨਮਤਿ ਵਾਲੇ [illegible] ਹੋਏ ਦੀ ਸੋਭਾ ਨਹੀਂ ਹੋ ਸਕਦੀ (ਸੀਧੇ ਦਾਹੜੇ ਵੇਖਕੇ ਸਭ ਪ੍ਰਸੰਨ ਹੁੰਦੇ ਹਨ) ।

ਅਨਨ੍ਯ ਅਲੰਕਾਰ ਵਿਚ ਗੁਰ ਸਿਖਾਂ ਦੀ ਉਪਮਾ ਕਰਦੇ ਹਨ

ਗੁਰ ਸਿਖ ਏਕ ਮੇਕ ਰੋਮ ਕੀ ਅਕਥ ਕਥਾ
ਗੁਰਸਿਖ ਸਾਧ ਸੰਗ *ਮਹਿਮਾ ਕੋ ਪਾਵਈ ।

ਜੇਹੜੇ ਗੁਰੂ ਕੇ ਸਿਖ ਗੁਰਾਂ ਨਾਲ (ਏਕ ਮੇਕ) ਮਿਲਕੇ ਇਕ ਰੂਪ ਹੋਏ ਹਨ ਉਹਨਾਂ ਦੇ ਇਕ ਰੋਮ (ਵਾਲ) ਦੀ ਅਕਥ ਕਥਾ ਹੈ ਭਾਵ ਜੇਹੜਾ ਇਕ ਸਿਖ ਗੁਰਾਂ ਨਾਲ ਮਿਲਿਆ ਹੈ ਉਸਦੀ ਮਹਿਮਾ ਨਹੀਂ ਕੀਤੀ ਜਾਂਦੀ ਅਤੇ ਜਿਨਾਂ [illegible] ਦੀ ਸਾਧ ਸੰਗਤ ਦੀ ਮਹਿਮਾ ਦਾ ਕੌਣ ਅੰਤ ਪਾ ਸਕਦਾ ਹੈ ਭਾਵ [illegible] ਨਹੀਂ ਪਾ ਸਕਦਾ ॥

---

*ਇਸਨੂੰ ਅਸੀ ਲੋਗ ਕਾਵ੍ਯ ਦੇ ਪੁਸਤਕਾਂ ਵਿਚ (ਕਾਕੁ [illegible]) [illegible] ਹਾਂ ਜਿਥੇ ਸੁਰ ਭੇਦ ਨਾਲ ਅਰਥ ਫਿਰੇ ਉਸ ਜਗਾ (ਕਾਕੁ ਹੁੰਦਾ ਹੈ)

"ਸਭਾ ਮੰਡਨੇ" ਸੈਯਾ

ਦੇਸ਼ ਬਿਦੇਸ਼ ਮਨੋ ਭਵ ਕੇ ਹਯ ਫੂਲਕੈ ਫੂਲਨ ਫੂਲਿ ਲਿਖੇ ਹੈਂ ।
[illegible] ਕੁੰਦੀਨ ਹਲਾਹਲ ਕੇ ਗੁਟਕਾ ਉਤ ਕਾਪ੍ਰ ਕੇ ਚੈਨ [illegible] ।
[illegible] ਕੂਰ ਕੁਹੂਕ ਮਿਲੀ ਮਨਿਸਾ ਨਰ [illegible] ।
ਮਾਲੀ ਸ੍ਰੀ ਪਾਵਕ ਕੀ ਲਪਟੈਂ ਲਖ ਪ੍ਰਾਨਪਤੀ [illegible] ॥

ਏਕ ਓਅੰਕਾਰ ਕੈ ਬਿਥਾਰ ਕੋ ਨ ਪਾਰਾਵਾਰ

ਸਬਦ ਸੁਰਤਿ ਸਾਧ ਸੰਗਤਿ ਸਮਾਵਈ ।

ਜਿਸ (ਇਕ ਓਅੰਕਾਰ ਇਕ ਅਕਾਰ ਤੋਂ ਰਹਿਤ ਜੋ ਵਾਹਿਗੁਰੂ ਹੈ ਅਥਵਾ *੧ ਓਅੰਕਾਰ ਸਤਿ ਨਾਮ ਤੋਂ ਲੈਕੇ ਜਪੁਜੀ ਮੰਤ੍ਰ ਦੇ (ਬਿਥਾਰ) (ਫੈਲਾਉ। ਸੰਸਾਰ) ਦਾ (ਪਾਰਾਵਾਰ ਅੰਤ ਕੋਈ ਨਹੀਂ ਪਾ ਸਕਦਾ ਉਹ ਅਜਿਹਾ ਵਾਹਿਗੁਰੂ ਗੁਰਾਂ ਦੇ ਉਪਦੇਸ਼ ਵਿਚ ਉੱਤੀ ਪ੍ਰੀਤੀ ਕਰਨ ਨਾਲ ਮਿਲਦਾ ਹੈ (ਸ਼ੰਕਾ। ਰਹਿੰਦਾ ਕਿਥੇ ਹੈ ? (ਉੱਤਰ) ਸਾਧ ਸੰਗਤ ਵਿਚ ਸਮਾ ਰਿਹਾ ਹੈ ਭਾਵ ਸਾਧ ਸੰਗਤ ਵਿਚ ਵਾਹਿਗੁਰੂ ਵਸਦਾ ਹੈ ਜਿਹਾਕ ਗੁਰੂ ੫ ਪ੍ਰਕਾਸ਼ੀ ਵਿਚ ਆਖਦੇ ਹਨ

ਸਾਧ ਸੰਗਤਿ ਮਹਿ ਬਸੈ ਗੁਪਾਲ ॥

ਭਾਵ ੧ ਓਅੰਕਾਰ ਦਾ ਅੰਤ ਕੋਈ ਨਹੀਂ ਪਾ ਸਕਦਾ ਤੇ ਬਹੁਤਿਆਂ ੧ ਓਅੰਕਾਰਾਂ ਵਾਹਿਗੁਰੂ ਦੇ ਸਰੂਪ ਸੰਸਾਰ) ਜੀਵਾਂ ਦਾ ਕੀ ਕੋਈ ਅੰਤ ਪਾ ਸਕਦਾ ਹੈ ? ਸੋ ਪਿਛਲੇ ਗੁਰ ਭੇਦ ਵਾਕਰ ਜਾਣ ਲਵੋ ॥

ਸਿਖ–ਆਪਨੇ ਪਿਛੇ ਕਿਹਾ ਸੀ ਕਿ ਵਾਹਿਗੁਰੂ ਸਾਧ ਸੰਗਤ ਵਿਚ ਰਹਿੰਦਾ ਹੈ ਪਰ ਅਸੀਂ ਕਿਸ ਤਰਾਂ ਜਾਣੀਏ ॥

ਗੁਰੂ–ਤੈਨੂੰ ਅਸੀ ਅਗਲੀ ਪੰਗਤੀ ਵਿਚ ਦਸਦੇ ਹਾਂ ॥

ਪੂਰਨ ਬ੍ਰਹਮ ਗੁਰ ਸਾਧ ਸੰਗ ਮੈ ਨਿਵਾਸ

ਦਾਸਨ ਦਾਸਾਨ ਮਤਿ ਆਪਾ ਨ ਜਤਾਵਈ ।

ਸਾਰੇ ਫੈਲਿਆ ਹੋਯਾ ਜੋ ਵਾਹਿਗੁਰੂ ਹੈ ਸੋ ਗੁਰੂ ਜੀ ਹਨ ਸਾਧ ਸੰਗਤ ਵਿਚ ਨਿਵਾਸ ਕਰਦੇ ਪਰ ਉਨ੍ਹਾਂ ਦਾ ਦਰਸ਼ਨ ਤਾਂ ਹੁੰਦਾ ਹੈ ਜੇਕਰ ਦਾਸਾਂ ਦੇ ਦਾਸ ਤੇ ਅਗੋ ਦਾਸ ਬਣੀਏ ਅਤੇ (ਮਤਿ) ਸਿਖਿਆ ਅਜੇਹੀ ਧਾਰੋ ਦਾਸਾਂ ਵਾਲੀ ਲਈਏ ਅਤੇ (ਆਪਾ) ਵਿਦਯਾ, ਧਨ, ਆਦਕ ਦੇ ਹੰਕਾਰ ਨੂੰ ਨ ਜਤਾਈਏ ਅਥਵਾ ਜੇਹੜੇ ਸਾਧ ਸੰਗਤ ਵਿਚ ਜਾਕੇ ਦਾਸਾਂ ਦੇ ਦਾਸ ਹੋਇ ਹਨ ਜਿਨ੍ਹਾਂ ਦੀ (ਮਤਿ) ਅਕਲ ਹੰਕਾਰ ਨੂੰ ਨਹੀਂ ਜਣਾਉਂਦੀ ॥ ਭਾਵ–ਉਹ ਹੰਕਾਰ ਨਹੀਂ ਕਰਦੇ ਅਥਵਾ ਜਿਨਾਂ ਨੇ ਸੰਤਾਂ ਦੀ ਸਿਖਿਆ ਲਈ ਹੈ ਅਤੇ ਹੰਕਾਰ ਨੂੰ ਦੂਰ

---

*ਜੋ ਸਾਡੇ ਭਾਈ ਸੋਟੀ ਜੇਹੀ ਕੌਮਦੀ ਪੜ੍ਹੇ ਹੋਏ ਨੇ ਉਨ੍ਹਾਂ ਦੇ ਮੂੰਹ ਵਿਚ ਭਾਈ ਗੁਰਦਾਸ ਜੀ ਨੇ ਏਥੇ ਖੰਡ ਪਾਈ ਹੋਈ ਹੈ ॥ ਭਾਵ–ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਜਿਥੇ ਪਾਠ ੧ ਓ ਆਉਂਦਾ ਹੈ ਓਹ ਉਸਨੂੰ ਇਕ ਓਅੰ ਸਰੂਪ ਦੇ ਹਨ ਪਰ ਹੁਣ ਲਿਖਣਾ ਹੋਇਆ ਹੈ ਕਿ ਇਸ ਕਬਿਤ ਨੂੰ ਪੜ੍ਹਕੇ ਇਕ ਓਅੰਕਾਰ ਪੜ੍ਹਨੇ ਹੋ ॥

ਕੀਤਾ ਹੈ ਉਹ ਦਾਸਾਂ ਦੇ ਦਾਸ ਹੋਏ ਹਨ ਅਤੇ ਉਨਾਂ ਨੇ ਵਾਹਿਗੁਰੂ ਦੇ ਸਰੂਪ ਗੁਰਾਂ ਦਾ ਸਾਧ ਸੰਗਤ ਵਿਚ ਦਰਸ਼ਨ ਕੀਤਾ ਹੈ ਅਥਵਾ ਹੰਕਾਰ ਦੂਰ ਕਰਨਾ ਤੇ ਦਾਸਾਂ ਦੇ ਦਾਸ ਹੋਣਾ ਗੁਰਮਤਿ ਦਾ ਮਤਿ ਹੈ ॥

ਜਨ ਨਾਨਕ ਦਾਸੁ ਦਾਸਨ ਕੋ ਕਰੀਅਹੁ ਹਮ ਦਾਸਨ ਕੇ ਪਨਿਹਾਰੇ ॥

ਸਤਿਗੁਰ ਗੁਰ, ਗੁਰ ਸਿਖ, ਸਾਧ ਸੰਗਤਿ ਹੈ
ਓਤਿ ਪੋਤਿ ਵਾਂਕੀ ਜੋਤਿ ਵਾਹੀ ਬਨਿ ਆਵਈ ॥੧੯੫॥

ਸਤਗੁਰ ਸਚੇ ਗੁਰੂ (ਗੁਰ) ਵਡੇ, ਪ੍ਰਧਾਨੀਕ ਅਤੇ ਸਿਖ ਗੁਰਾਂ ਦੇ ਇਕ ਹੀ ਰੂਪ ਹੋਨ (ਯਥਾ ਪੰਥ ਪ੍ਰਕਾਸ਼ੇ ।) ਗੁਰੂ ਖਾਲਸਾ ਰੂਪ ਗੁਰ ਮੈਂ ਨਿਸਚੇ ਜਿਸ ਜਾਨ । ਬੀਜ ਬ੍ਰਿਛ ਸਮ ਜਾਨ ਕਰ ਬੰਦਨ ਕਰੇਂ ਸੁਜਾਨ ॥ ਭਾਵ—ਸਾਧ ਸੰਗਤ ਵਿਚ ਜਿੰਨੇ ਸਿਖ ਬੈਠੇ ਹੋਂਦੇ ਓਹ ਸਾਰੇ ਗੁਰੂ ਰੂਪ ਹੀ ਹੁੰਦੇ ਹਨ ਭਾਵ ਸਾਰੀ ਸਾਧ ਸੰਗਤ ਹੀ ਗੁਰਾਂ ਦਾ ਰੂਪ ਹੁੰਦੀ ਹੈ (ਓਤ ਪੋਤ) ਤਾਣੇ ਪੇਟੇ ਵਾਂਗ ਧਾਗਿਆਂ ਨਾਲ ਸਿਖਾਂ ਦੀ ਅਭੇਦਤਾਈ ਹੈ ਸਾਧ ਸੰਗਤ ਵਿਚ ਗੁਰਸਿਖਾਂ ਦੀ ਜੋ (ਜੋਤਿ) ਜੋਤ, ਕਰਾਮਾਤ ਹੈ ਉਸਦੀ ਉਪਮਾ ਓਸੇ ਨੂੰ ਹੀ ਬਣ ਆਂਵਦੀ ਹੈ ॥ ਭਾਵ—ਗੁਰ ਸਿਖਾਂ ਦੀ ਉਪਮਾ ਗੁਰ ਸਿਖਾਂ ਨੂੰ ਹੀ ਬਣ ਆਉਂਦੀ ਹੈ ॥੧੯੫॥

ਹੁਣ ਮੁਹਰਲੇ ਕਬਿਤ ਵਿਚ ਬ੍ਰਹਮ ਗਿਆਨੀ ਦੇ ਲਛਣ ਅਤੇ ਗੁਣੀਂ ਦਾ ਗੁਣਾਂ ਨਾਲ ਮਿਲ ਜਾਣਾ ਕਥਨ ਕਰਦੇ ਹਨ ॥

ਸਲੋਕ ਗੁਰੂ ੯

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਪੁਨਾ—(ਰਾਮਕਲੀ ਦਖਣੀ ਓਅੰਕਾਰ ਗੁਰੂ ੧)

ਗੁਣ ਵੀਚਾਰੇ ਗਿਆਨੀ ਸੋਇ । ਗੁਣ ਮਹਿ ਗਿਆਨ ਪਰਾਪਤ ਹੋਇ ॥

ਪੁਨਾ—ਗਉੜੀ ਗੁਰੂ ੯

ਦੁਖ ਸੁਖ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਹੁ ਗਿਆਨੀ ॥

ਪੁਨਾ—ਸੁਖਮਨੀ ਗੁਰੂ ੫

ਮਨਿ ਸਾਚਾ ਮੁਖਿ ਸਾਚਾ ਸੋਇ । ਅਵਰ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥

---

*ਅਨੰਨ੍ਹੋਂ ਲੰਕਾਰ ਉਸਨੂੰ ਆਖਦੇ ਹਨ ਜਿਸ ਜਗਾ ਉਪਮੇਯ ਨੂੰ ਹੀ (ਉਪਮਾਨ) ਉਪਮਾ ਦੇਣ ਨੂੰ ਕੋਈ ਨ ਲਭੇ ਤਾਂ ਤੇ ਉਪਮੇਯ ਨੂੰ ਹੀ ਉਪਮਾਨ ਬਣਾ ਦੇਣਾ ਜਿਹਾ ਕੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਵਿਚ ਥੀਓ ਪਰਮਾਤਮਾ ਦੀ ਉਪਮਾ ਕਰਨ ਨੂੰ ਅਨਨਯ ਭਾਵ ਕਰਦੇ ਹਨ ॥

ਕਹੈ ਨਾਨਕ ਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿਆਵੈ ॥

ਪਵਨਹਿ ਪਵਨ ਮਿਲਤ ਨਾਹੀ ਪੇਖੀਅਤ
ਸਲਿਲੈ ਸਲਿਲ ਮਿਲ ਨਾਹਿ ਪਹਿਚਾਨੀਐ।

ਪੌਣ ਨਾਲ ਪੌਣ (ਹਵਾ) ਮਿਲਦਾ ਨਹੀਂ ਵੇਖਿਆ ਜਾਂਦਾ ਤੇ (ਸਲਿਲੈ) ਪਾਣੀ ਨਾਲ ਪਾਣੀ ਮਿਲਦਾ ਨਹੀਂ (ਪਹਿਚਾਨੀਐ) ਜਾਣ ਸਕੀਦਾ।

ਮਾਝ ਗੁਰੂ ੫

ਜਲ ਤਰੰਗੁ ਜਿਉ ਜਲਹਿ ਸਮਾਇਆ। ਤਿਉ ਜੋਤੀ ਸੰਗਿ ਜੋਤਿ ਮਿਲਾਇਆ॥

ਪੁਨਹ-ਛੰਤਾਂ ਦੇ ਸਲੋਕਾਂ ਵਿਚੋਂ (ਵਡਹੰਸ ਗੁਰੂ ੫)

ਮਿਲਿ ਜਲੁ ਜਲਹਿ ਖਟਾਨਾ ਰਾਮ। ਸੰਗਿ ਜੋਤੀ ਜੋਤਿ ਮਿਲਾਨਾ ਰਾਮ॥

ਸਾਰੰਗ ਨਾਮ ਦੇਉ ਜੀ

ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ।

ਬਿਲਾਵਲ ਕਬੀਰ ਜੀ

ਆਪ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ।

ਜੋਤੀ ਮਿਲੇ ਜੋਤਿ ਹੋਤ ਭਿੰਨ ਭਿੰਨ ਕੈਸੇ ਕਰ
ਭਸਮਹਿ ਭਸਮ ਸਮਾਨੀ ਕੈਸੇ ਜਾਨੀਐ।

ਜਿਵੇਂ (ਜੋਤੀ) ਅਗਨੀ (ਜੋਤਿ) ਅਗਨ ਨਾਲ ਮਿਲ ਜਾਂਦੀ ਹੈ ਫਿਰ (ਭਿੰਨ ਭਿੰਨ) ਵੱਖੋ ਵੱਖ ਕਿਸ ਤਰਾਂ ਹੋ ਸਕਦੀ ਹੈ। ਧਰਤੀ ਦੀ (ਭਸਮ) ਸੁਆਹ ਨਾਲ ਸੁਆਹ ਰਲ ਗਈ, ਸੋ ਕਿਸ ਤਰਾਂ ਜਾਣੀ ਜਾਵੇ॥

ਗੁਰੂ ੧੦ ਕਬਿਤ

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ ਨਿਆਰੇ ਨਿਆਰੇ ਹੁਇ ਕੈ ਫੇਰ ਆਗ ਮੈ ਮਿਲਾਹਿੰਗੇ। ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ। ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿੰਗੇ। ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥

ਪੁਨਹ-ਤੇਜ ਸਬੈ ਅਤੇਜ ਮੈ ਅਤੇਜ ਜੈਸੇ ਤੇਜ ਲੀਨ ਤਾਹਿ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥

ਕੈਸੇ ਪੰਚ ਤੱਤ ਮੇਲ ਖੇਲ ਹੋਤ ਪਿੰਡ ਪ੍ਰਾਨ
ਬਿਛਰਤ ਪਿੰਡ ਪ੍ਰਾਨ ਕੈਸੇ ਉਨਮਾਨੀਐ।

ਪੰਜਾਂ ਤਤਾਂ (ਪੌਣ, ਪਾਣੀ, ਅਗਨੀ, ਅਕਾਸ਼, ਧਰਤੀ) ਦਾ ਮਿਲਾਪ ਜੋ ਸਰੀਰ ਨਾਲ ਹੋਇਆ ਹੁੰਦਾ ਹੈ ਸੋ ਕਿਸ ਤਰਾਂ ਦਾ ਖੇਲ ਤਮਾਸ਼ਾ (ਪਿੰਡੁ)

ਕਰੋੜ ਨਾਲ ਪ੍ਰਾਣਾਂ ਦਾ ਹੈ ਆਵਾਜਾਈ।

ਜਾਣ – ਚੰਗਾ ਭਲਾ ਦਿਸਦਾ ਹੀ ਸਰੀਰ ਤੁਰਦਾ ਫਿਰਦਾ ਪਿਆ ਜਾਂਦਾ ਨਹੀਂ ਜਾਪਦਾ ਕਿ ਹੁਣ ਪ੍ਰਾਣ ਨਿਕਲ ਗਏ ਨੇ ਤੇ ਸਰੀਰ ਨੂੰ ਕੀ ਹੋ ਗਿਆ ਪਿਤੀ ਦੀ ਮਿਟੀ ਪਈ ਰਹਿੰਦੀ ਹੈ ਸਰੀਰ ਨਾਲੋਂ ਪ੍ਰਾਣਾਂ ਨੂੰ ਵਿਛੜਿਆਂ ਹੋਇਆਂ ਕਿਸ ਤਰ੍ਹਾਂ (ਉਨਮਾਨੀਐ) ਵਿਚਾਰੀਏ ਜਾਣੀਏ ਭਾਵ ਪਤਾ ਲਗਦਾ ਕਿ ਪ੍ਰਾਣ ਕਿਧਰ ਚਲੇ ਗਏ ਨੇ ਅਤੇ ਕਿਉਂ ਚਲੇ ਗਏ ਨੇ ਸੋ ਇਸਦਾ [illegible] ਪਤਾ ਨਹੀਂ ਲਗਦੇ॥ ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ॥ (ਕਬੀਰ ਜੀ) ਜਿਉਂ ਤਰ੍ਹਾਂ ਨਾਲ ਤਤ ਮਿਲ ਜਾਏ ਅਤੇ ਫਿਰ ਕੀ ਜਾਣਿਆਂ ਜਾਵੇ॥

ਅਬਿਗਤਿ ਗਤਿ ਅਤਿ ਬਿਸਮ ਅਸਚਰਜ ਮੈ
ਗਿਆਨ ਧਿਆਨ ਅਗਮਿਤਿ ਕੈਸੇ ਉਰ ਆਨੀਐ॥੧੯੬॥

(ਅਬਗਤਿ ਗਤਿ) ਜੋ ਸਾਰੇ ਪ੍ਰਾਪਤ ਹੋ ਰਿਹਾ ਹੈ ਭਾਵ ਜੋ ਸਾਰਿਆਂ ਵਿਚ ਵਾਹਿਗੁਰੂ ਮਿਲਿਆ ਹੋਇਆ ਹੈ (ਅਤਿ) ਬਹੁਤ ਹੀ ਅਸਚਰਜ ਰਹਿਣ (ਬਿਸਮ) ਅਦਭੁਤ ਸਰੂਪ ਅਤੇ ਅਸਚਰਜ (ਮੈ) ਸਰੂਪ ਜੋ ਹੈ ਉਸਨੂੰ ਸ਼ਾਸਤ੍ਰਾਂ ਪੁਰਾਣਾਂ ਗਿਆਨ ਧਿਆਨ ਨਾਲ ਅਤਿ (ਅਗਮਿਤਿ) ਅਣ ਮਿਣਤ ਮਰਯਾਦਾ ਦਾ [illegible] ਵਾਹਿਗੁਰੂ ਨੂੰ ਕਿਸਤ੍ਰਾਂ (ਉਰ) ਹਿਰਦੇ ਵਿਚ (ਆਨੀਐ) ਲਿਆਈਏ ਭਾਵ ਉਸ ਬ੍ਰਹਮ ਗਿਆਨੀ ਦੇ ਤਤਾਂ ਨਾਲ ਤਤਾਂ ਦੇ ਮਿਲਣ ਦਾ ਅੰਤ ਨਹੀਂ ਜਾ [illegible] ਜਾਂਦਾ ਅਤੇ ਅਜਿਹੇ ਵਾਹਿਗੁਰੂ ਦਾ ਕਿਸਤ੍ਰਾਂ ਅੰਤ ਪਾਈਏ॥ ਦਾ ਅਜਿਹੇ ਵਾਹਿਗੁਰੂ ਦੀ ਸੰਗਤ ਗਿਆਨ ਧਿਆਨ ਕਰਨ ਵਾਲੀ ਦਾ ਕਿਸਤ੍ਰਾਂ ਅੰਤ ਪਾਇਆ ਜਾਵੇ ।੧੯੬॥

ਗੁਰ ਸਿਖਾਂ ਦਾ ਸਾਧ ਸੰਗਤ ਦੇ ਅਨੰਦ ਵਰਗਾ ਹੋਰ ਕਿਧਰੇ ਵੀ ਅਨੰਦ ਨਹੀਂ ਹੈ ਭਾਵੇਂ ਸਾਰਾ ਦੇਸ ਫਿਰੋ॥

ਚਾਰ ਕੁੰਟ ਸਾਤ ਦੀਪ ਮੈ ਨ ਨਵਖੰਡ ਵਿਖੈ
ਦਹਿ ਦਿਸਿ ਦੇਖੀਐ ਨ ਬਨ ਗ੍ਰਿਹ ਜਾਨੀਐ।

ਚਾਰ ਕੁੰਟਾਂ ਸਤਾਂ ਦੀਪਾਂ ਤੇ ਨਵਾਂ ਖੰਡਾਂ ਵਿਚ ਅਤੇ ਦਸਾਂ ਹੀ ਦਿਸ਼ਾਂ ਵਿਚ ਤੇ (ਬਨ) ਜੰਗਲਾਂ ਤੇ (ਗ੍ਰਿਹ) ਘਰਾਂ ਜਾਂ ਜੰਗਲਾਂ ਵਿਚ ਘਰ ਕਰਕੇ [illegible] ਅਨੰਦ ਨਹੀਂ ਵੇਖਿਆ ਜਾਂਦਾ ਅਤੇ ਨਾ ਜਾਣਿਆਂ ਜਾਂਦਾ ਹੈ (ਜਿਹਾ ਸਾਧ ਸੰਗਤ ਵਿਚ ਹੈ) ਭਾਵ ਸਾਧ ਸੰਗਤ ਵਰਗਾ ਅਨੰਦ ਕਿਤੇ ਵੀ ਨਹੀਂ ਹੈ।

ਵੇਦ-ਵਿਚਆਦਿਕ ਗਿਣਤੀ ਗਜਾ ਦਾਖਾ ਤੇ ਨਵਾਂ ਖੰਡਾਂ ਦੀ [illegible] ਵਾਲੇ ਸਰੀਰ ਦਾ ਤੇ ਪ੍ਰਸਤਾਰ ਸੰਸਾਰ ਪਿਆਲ ਵਿਚ ਵੇਖ ਜਾਂਦੇ ਹੈ [illegible] ਹੈ ਤੇ ਜਸ ਨਹੀਂ ਲਿਖਣਾ

ਲੋਗ ਬੇਦ ਗਿਆਨ ਉਨਮਾਨ ਕੈ ਨ ਦੇਖੈ ਸੁਨੈ
ਸੁਰਗ ਪਇਆਲ ਮ੍ਰਿਤ ਮੰਡਲ ਨ ਮਾਨੀਐ।

ਲੋਕਾਂ ਦਾ ਸ਼ਾਸਤ੍ਰਾਂ ਤੇ ਵੇਦਾਂ ਦੇ ਗਿਆਨ ਦੇ (ਉਨਮਾਨ) ਵਿਚਾਰ ਵਿਚ ਭੀ ਅਜਿਹਾ ਅਨੰਦ ਨ ਵੇਖਿਆ ਹੈ ਅਤੇ ਨਾ ਸੁਣਿਆ ਹੈ ਭਾਵ ਸੰਸਾਰੀ ਲੋਕਾਂ ਦੇ ਅਨੰਦਾਂ ਤੇ ਵੇਦਾਂ ਸ਼ਾਸਤ੍ਰਾਂ ਦੇ ਗਿਆਨ ਵਿਚ ਵੀ ਸਾਧ ਸੰਗ ਵਰਗਾ ਅਨੰਦ ਨਹੀਂ ਹੈ। ਭਾਵ ਤਿੰਨਾਂ ਹੀ ਲੋਕਾਂ ਵਿਚ ਫਿਰਦੇ ਵੀ ਅਜੇਹਾ ਅਨੰਦ ਨਹੀਂ ਹੈ (ਜੈਸਾ ਕਿ ਸਾਧ ਸੰਗਤ ਵਿਚ ਹੈ)॥

ਭੂਤ ਔ ਭਵਿਖ੍ਯਤ ਨ ਬ੍ਰਤਮਾਨ ਚਾਰੋ ਜੁਗ
ਚਤੁਰ ਬਰਨ ਖਟ ਦਰਸ ਨ ਧਿਆਨੀਐ।

ਭੂਤ ਭਵਿਖ੍ਯਤ ਅਤੇ ਵਰਤਮਾਨ ਤਿੰਨਾ ਹੈ ਤੇ ਚਾਰਾਂ ਹੀ ਜੁਗਾਂ ਵਿਚ ਅਤੇ [illegible] ਵਰਨਾਂ (ਖਟ) ਛੇ ਦਰਸ਼ਨਾਂ ਦੇ ਧਿਆਨ ਵਿਚ ਵੀ ਨਹੀਂ (ਧਿਆਨੀਐ) ਵੇਖਿਆ ਜਾਂਦਾ ਭਾਵ ਸਾਧ ਸੰਗਤ ਵਰਗਾ ਅਨੰਦ ਏਹਨਾਂ ਵਿਚ ਨਹੀਂ ਹੈ।

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਜੈਸੇ
ਤੈਸੇ ਔਰ ਠੌਰ ਸੁਨੀਐ ਨ ਪਹਿਚਾਨੀਐ ॥ ੧੯੭ ॥

ਜੇਹਾਕੁ ਗੁਰ ਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਹੈ ਭਾਵ (ਗੁਰ ਮੁਖਾਂ ਦੇ ਦਰਸ਼ਨ ਕਰਨ ਵਿਚ ਜਿਹਾਕੁ ਅਨੰਦ ਹੈ) ਤਿਹਾਕੁ ਹੋਰ ਕਿਸੇ ਜਗ੍ਹਾ ਨਾ ਸੁਣਿਆਂ ਜਾਂਦਾ ਹੈ ਅਤੇ ਨਾ (ਪਹਿਚਾਨੀਐ) ਜਾਣਿਆਂ ਹੈ ਭਾਵ ਸਾਧ ਸੰਗਤ ਦੇ ਵਿਚ ਬੈਠਕੇ ਨਾਮ ਸੁਣਨਾ ਅਤੇ ਸੇਵਾ ਕਰਨੀ ਅਜੇਹਾ ਅਨੰਦ ਕਿਧਰੇ ਨਹੀਂ ਹੈ ॥ ੧੯੭।

ਨਾਮ ਰੂਪਾਦਿਕ ਦੁੱਖਾਂ ਤੋਂ ਰਹਿਤ ਜੋ ਗੁਰਮੁਖ ਹਨ ਤਿਨਾਂ ਦਾ ਵਰਨਨ

ਊਖ ਮੈ ਪਯੂਖ ਰਸ ਰਸਨਾ ਰਹਿਤ ਹੋਇ
ਚੰਦਨ ਸੁਬਾਸ ਬਾਸ ਨਾਸਕਾਂ ਨ ਹੋਤ ਹੈ।

(ਊਖ) ਗੰਨੇ ਵਿਚ (ਪਯੂਖ) ਅੰਮ੍ਰਿਤ ਦਾ ਅਨੰਦ ਸ੍ਵਾਦ ਹੈ ਭਾਵ ਅੰਮ੍ਰਿਤ ਵਰਗਾ ਸ੍ਵਾਦੀ ਹੈ ਪਰ ਇਕ ਹੀ ਘਾਟਾ ਹੈ ਕਿ ਜੋ ਜੀਭ ਤੋਂ ਰਹਿਤ ਹੋਣ ਕਰਕੇ ਗੰਨੇ ਨੂੰ ਆਪਣੇ ਆਪ ਵਿਚ ਹੀ ਅਨੰਦ ਭਾਵੇਂ ਲੋਕਾਂ ਨੂੰ ਅਨੰਦ ਦੇਂਦਾ ਹੈ ਪਰ ਓਹਨੂੰ ਕੀ ਪਤਾ ਹੈ ਕਿ ਮੈਂ ਕੈਹੋ ਜੇਹਾ ਹਾਂ ਇਸ ਲਈ ਇਹ ਭੀ ਉਪਕਾਰੀ ਨਹੀਂ ਹੈ ਅਤੇ ਇਹ [illegible] ਅਲੰਕਾਰ [illegible] ਜਿਸ ਵਿਚ [illegible] ਹੋਰ ਘਰ ਵਿਚ ਨ ਹੋਵੇ। ਚੰਦਨ ਅੰਦਰ [illegible]

ਸੁਣਦੇ (ਬਹੁਤ ਸ਼ਬਦ ਧੁਨੀ) ਅਤੇ (ਨਿਰਮਲ) ਬਿਨਾ ਸੰਪੂਰਨ ਹੋਣੀ [illegible] (ਭਾਗ) ਬਿਸ ਲੋਅਨ (ਨਾਸਕਾਂ) ਨਾਸਾਂ ਨਹੀਂ ਪੁੰਹੰਚੀਆਂ ਭਾਵ [illegible] ਸ੍ਰਮ ॥ ਸਤਿਗੁਰ ਕਬੀਰ ਜੀ ॥ ਜਿਤੁ ਉਦਿਆਨੁ ਕੁਸਮ ਪਰਫੁਲਿਤ [illegible] ਕਿਨਹਿ ਨ ਘ੍ਰਾਉ ਲਇਓ ॥

ਨਾਦ ਬਾਦ ਸੁਰਤਿ ਬਿਹੂਨ ਬਿਸਮਾਦ ਗਤਿ
ਬਿਬਿਧ ਬਰਨ ਬਿਨ ਦ੍ਰਿਸਟਿ ਸੁ ਜੋਤਿ ਹੈ।

ਵਾਜਿਆਂ ਤੇ ਸ਼ਬਦ ਦਾ ਪ੍ਰਕਾਸ਼ ਹੋਣਾ ਅਸਚਰਜ [illegible] ਹੈ ਕਿਉਂ ਕਿ ਵਾਜੇ (ਸੁਰਤਿ) ਕੰਨਾਂ ਤੋਂ (ਬਿਹੂਨ) ਬਿਨਾ ਹਨ ॥

ਭਾਵ—ਵਾਜਿਆਂ ਦੇ ਕੰਨ ਨਹੀਂ ਹਨ ਅਤੇ ਬਹੁਤ ਤਰਾਂ ਦੇ (ਬਰਨ) [illegible] ਨੇਤ੍ਰਾਂ ਦੀ ਨਜ਼ਰ ਦੀ (ਜੋਤਿ) ਚਾਨਣੀ ਤੋਂ ਬਿਨਾ ਹਨ ॥ ਭਾਵ [illegible] ਦੇਖ ਨਹੀਂ ਸਕਦੇ ॥

ਪਾਰਸ ਪਰਸ ਨ ਸਪਰਸ ਉਸਨ ਸੀਤ
ਅਛ ਹਰਨ ਹੀਨ ਧਰ ਔਖਧੀ ਉਦੋਤ ਹੈ।

ਪਾਰਸ ਨੂੰ (ਪਰਸ) ਛੁਹਦੇ ਸਾਰ ਹੀ ਤਾਂਬਾ ਆਦਕ ਧਾਤਾਂ ਸੋਨਾ ਬਣ [illegible] ਹਨ ਜੇਕਰ ਪਾਰਸ ਨੂੰ (ਉਸਨ) ਗਰਮੀ ਅਤੇ (ਸੀਤ) ਸਰਦੀ ਦਾ (ਸਪਰਸ) ਛੋਹਣਾ ਲਗਦਾ ਨਹੀਂ ਹੈ ॥ ਭਾਵ ਪਾਰਸ ਤਾਂ ਹੀ ਧਾਤੂ [illegible] ਨੂੰ ਸੋਨਾ ਕਰ ਦੇਂਦਾ ਹੈ ਜੇ ਉਹਨੂੰ ਆਪ ਗਰਮੀ ਸਰਦੀ ਨਹੀਂ ਲਗਦੀ ਅਤੇ (ਧਰ) ਪ੍ਰਿਥਵੀ ਉਪਰ (ਔਖਧੀਆਂ) ਦਵਾਈਆਂ, ਤਾਂ ਹੀ (ਉਦੋਤ) ਪ੍ਰਗਟ [illegible] ਨੂੰ ਰਾਜ਼ੀ ਕਰਨ ਵਾਲੀਆਂ ਹਨ ਜੇਕਰ ਓਹ (ਅਛ) ਹਥ ਪੈਰ [illegible] ਹਨ ਭਾਵ ਬੂਟੀਆਂ ਦੇ ਹਥ ਪੈਰ ਨਹੀਂ ਹੁੰਦੇ ॥

ਸੀਹ ਪੰਚ ਦੋਖ ਨਿਰਦੋਖ ਮੋਖ ਪਾਵੈ ਜੈਸੇ
ਗੁਰਮੁਖ ਸਹਜ ਸੰਤੋਖ ਹ੍ਵੈ ਅਛੋਤ ਹੈ ॥ ੧੯੮ ॥

ਜਿਨਾਂ ਪੰਜਾਂ ਗੰਨੇ, ਚੰਦਨ, ਵਾਜੇ, ਨੇਤ੍ਰ, ਪਾਰਸ ਵਿਚ ਆਪ [illegible] (ਜਿਵੇਂ) ਦੂਸਰਿਆਂ ਅਤੇ ਕੰਮ ਹੋਣ ਓਹ (ਨਿਰਦੋਖ) ਦੂਸਰਿਆਂ ਤੋਂ ਬਿਨਾਂ ਹੋਕੇ ਆਪ [illegible] ਮੁਕਤੀ ਦਾ ਦਰਵਾਜ਼ਾ (ਮੋਖ) ਵਾਹਿਗੁਰੂ ਦੀ ਪ੍ਰਾਪਤੀ ਪਾ ਲੈਂਦੇ [illegible] ਭਾਵ-ਇਹ ਪੰਜ ਹੀ ਦੋਸ਼ਾਂ ਵਾਲੇ ਹਨ ਕਿਉਂਕਿ ਇਨਾ ਪੰਜਾਂ [illegible] ਹੋਈ ਹੈ ਨਹੀਂ ਗੰਨੇ ਨੂੰ ਗੰਢ, ਚੰਦਨ ਨੂੰ ਸਪਾਂ, ਵਾਜੇ ਨੂੰ ਕੰਨ, ਨੇਤ੍ਰਾਂ ਨੂੰ [illegible]

[illegible] ਗੁਰੂ ਨਾਨਕ ਦੇ ਪੁਤ੍ਰ [illegible] ਸਾਹਿਬ ਜੀ ਦੀ [illegible] ਸਾਹਿਬ [illegible] ਇਕ ਪਿੰਡ ਦਾ ਨਾਮ [illegible]

ਨੇਤ੍ਰ, ਪਾਰਸ ਨੂੰ ਰਾਹਮੀ ਅਧੀਰੀ ਦਾ ਕੋਰ ਇੰਦ੍ਰੀਆਂ ਦੀਆਂ ਇਤਿਆਦਿਕ ਇੰਦ੍ਰੀਆਂ ਨ ਹੋਣ ਕਰਕੇ ਇਹ ਇਨ ਦੀ ਓਸ ਵਾਲੇ ਹਨ ਅਤੇ ਗੁਰਮੁਖਾਂ ਦੀਆਂ ਇਹ ਇੰਦ੍ਰੀਆਂ ਰਸਨਾ, ਕੰਨਾ ਆਦਿਕ ਹਨ ਅਤੇ ਇਹ ਦੋ ਗੁਰਮੁਖ ਦੋਸ਼ਾਂ ਤੋਂ ਬਿਨਾਂ ਹਨ। ਭਾਵ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਤੋਂ ਰਹਿਤ ਹੋਨ ਅਤੇ ਸਹਿਜ ਸੁਭਾਵ ਹੀ ਗਿਆਨ, ਅਚਲ ਸੁਖ ਤੇ ਸੰਤੋਖ ਵਿਚ ਪੂਰਨ ਹਨ ਅਤੇ ਔਰ ਵਿਸ਼ਿਆਂ ਤੋਂ (ਅਛੂਤ) ਅਛੋਹ ਹੋਨ ਭਾਵ ਵਿਕੇ ਗੁਰਮੁਖਾਂ ਨੂੰ ਜ਼ੋਰ ਨਹੀਂ ਪਾ ਸਕਦੇ ॥

ਰਵਿਦਾਸ ਜੀ ਆਸਾ ॥

ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ।

ਭਾਈ ਗੁਰਦਾਸ ਵਾਰ ੫ ਪੌੜੀ, ੨੦ ॥

ਗਜ ਮ੍ਰਿਗ ਮੀਨ ਪਤੰਗ ਅਲਿ ਇਕਤੁ ਇਕਤੁ ਰੋਗ ਪਚੰਦੇ।
ਮਾਣਸ ਦੇਹੀ ਪੰਜ ਰੋਗ ਪੰਜੇ ਦੂਤ ਕਸੂਤ ਕਰੰਦੇ ॥ ੨੯ ਪ॥

ਹਥਾਂ ਪੈਰਾਂ ਆਦਕਾਂ ਨਾਲ ਜੇਕਰ ਗੁਰਾਂ ਦੀ ਸੇਵਾ ਨਹੀਂ ਕੀਤੀ ਤਾਂ ਸਭ ਅੰਗ ਬਿਅਰਥ ਹਨ ॥ ਤਿਸ ਪਰ

ਨਿਹਫਲ ਜਿਹਵਾ ਹੈ ਸ਼ਬਦ ਸੁਆਦਿ ਹੀਨ
ਨਿਹਫਲ ਸੁਰਤਿ ਨ ਅਨਹਦਿ ਨਾਦ ਹੈ।

ਗੁਰਾਂ ਦੇ ਸ਼ਬਦ ਪੰਨ ਕਹਨ ਪੜ੍ਹਨ ਦੇ ਸੁਆਦ ਤੋਂ (ਹੀਨ) ਬਿਨਾ ਹੋਣੀ ਪਈ ਜਿਹਵਾ ਰਸਨਾ ਭੀ ਨਿਸਫਲ ਬਿਅਰਥ ਹੈ ॥ ਭਾਵ-ਜਿਸ ਅਮੋਲੀ ਰਸਨਾ ਕਰਕੇ ਗੁਰਾਂ ਦਾ ਸ਼ਬਦ ਨਹੀਂ ਪੜ੍ਹਿਆ ਉਸਦੀ ਰਸਨਾ ਹੁੰਦੀ ਭੀ ਹਰਾਮ ਹੈ। ਜਲਉ ਇਹ ਜਿਹਵਾ ਦੂਜੈ ਭਾਇ (ਗਉੜੀ) ॥ (ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨ ਪਾਇਆ॥ ਸਾ ਰਸਨਾ ਜਲਿ ਜਾਉ ਜਿਨਿ ਹਰਿਕਾ ਨਾਉ ਵਿਸਾਰਿਆ ॥ (ਵਾਰ ਬਿਹਾਗੜਾ ਗੁਰੂ੩)। ਨਾਨਕ ਏਹ ਜੀਭ ਦੂਜੈ ਲਗੀ ਸਾ ਜਿਹਵਾ ਜਲਿ ਜਾਉ। ਗੁਰੂ ੩ ਵਾਰ ਗੂਜਰੀ। ਅਤੇ (ਅਨਹਦ) ਇਕ ਰਸ (ਅਨਾਹਦ) ਵਜਦੇ ਦ੍ਵਾਰ ਦੇ (ਨਾਦ) ਸ਼ਬਦ ਸੁਣੇ ਤੋਂ ਬਿਨਾਂ (ਸੁਰਤਿ) ਕੰਨ ਭੀ ਬਿਅਰਥ ਹਨ ਭਾਵ ਜਿਸਨੇ ਮਨ ਇਕਾਗਰ ਕਰਕੇ ਗੁਰ ਸ਼ਬਦ ਦਾ ਕੀਰਤਨ ਨਹੀਂ ਸੁਣਿਆ ਉਸਦੇ ਕੰਨ ਭੀ ਰਖੇ ਹੋਏ ਐਵੇਂ ਹਨ। ਵਾਰ ੨੭ ਪੌੜੀ ੧੦॥ ਧ੍ਰਿਗ ਸਰਵਣ ਉਪਦੇਸ਼ ਵਿਣ ਸੁਣ ਸੁਰਤਿ ਨ ਧਾਰਣੀ। ਧ੍ਰਿਗ ਜਿਹਵਾ ਗੁਰ ਸ਼ਬਦ ਵਿਣ ਹੋਰ ਮੰਤ੍ਰ ਸਿਮਰਣੀ॥ ਜੇਤੇ ਨਾਮ ਦੇਉ ਜੀ। ਦੇ ਜਿਹਵਾ ਕਰਉ ਸਤਖੰਡਾ ਜਾਮਿ ਨ ਉਚਰਸਿ ਸ੍ਰੀ ਗੋਬਿੰਦ।

ਨਿਹਫਲ ਦ੍ਰਿਸਟਿ ਨ ਆਪਾ ਆਪ ਦੇਖੀਅਤ

ਨਿਹਫਲ ਸ੍ਵਾਸ ਨਹੀ ਬਾਸੁ ਪਰਮਾਦਿ ਹੈ।

ਓਹ ਨੇਤ੍ਰਾਂ ਦੀ ਦ੍ਰਿਸ਼ਟੀ ਵੀ ਬਿਅਰਥ ਹੈ ਜੇਹੜੀ ਸਭ ਨੂੰ ਆਪਣੇ ਆਪਣਾ ਰੂਪ ਕਰਕੇ ਨਹੀਂ ਵੇਖਦੀ ਭਾਵ ਉਸ ਆਦਮੀ ਦੇ ਨੇਤ੍ਰਾਂ ਦੀ ਨਜ਼ਰ ਐਵੇਂ ਹੀ ਹੈ ਜੋ ਲੋਕਾਂ ਨੂੰ ਦੁਖ ਦੇਂਦਾ ਹੈ ਅਤੇ ਅਪਣੀ ਜਾਨ ਵਾਂਗਰ ਪਰਾਇਆਂ ਸਾਰਿਆਂ ਨੂੰ ਨਹੀਂ ਸਮਝਦਾ ॥

ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰ ਤਰਣੀ ॥ ੨ ॥

ਅਤੇ ਬਾਹਰ ਜੋ ਸੁਆਸ ਆਉਂਦੇ ਹਨ ਇਹ ਵੀ ਬਿਅਰਥ ਹਨ ਕਿਉਂ ਜੋ (ਬਾਸ) ਵਾਸ਼ਨਾ [illegible] ਰੂਪੀ ਦਾ ਗੁਰਾਂ ਦੇ ਚਰਨਾਂ ਦੀ ਧੂੜੀ ਦਾ (ਪਰਮਾਦਿ) ਮਾਇਆ ਆਦਕ ਤੋਂ ਪਹਿਲੇ ਦਾ ਅਨੰਦ ਨਹੀਂ ਲੈਂਦੇ ॥ ਭਾਵ—ਉਸ ਆਦਮੀ ਦੇ ਸੁਆਸ ਜਾਣੇ ਵੀ ਬਿਅਰਥ ਹਨ ਜੋ ਸੁਆਸ ਸੁਆਸ ਵਾਹਿਗੁਰੂ ਦਾ ਨਾਮ ਜਪਕੇ ਗੁਰਾਂ ਦੀ ਪ੍ਰੇਮਾ ਭਗਤੀ ਨਹੀਂ ਕਰਦਾ॥

ਨਿਹਫਲ ਕਰ ਗੁਰ ਪਾਰਸ ਪਰਸ ਬਿਨ
ਗੁਰਮੁਖ ਮਾਰਗ ਬਿਹੂਨ ਪਗ ਬਾਦ ਹੈ।

ਪਾਰਸ ਰੂਪ ਗੁਰਾਂ ਨੂੰ ਪਰਸੇ ਤੋਂ ਬਿਨਾ (ਕਰ) ਹਥ ਭੀ ਬਿਅਰਥ ਹਨ।

ਭਾਵ—ਜਿਨ੍ਹਾਂ ਹਥਾਂ ਨਾਲ ਗੁਰਾਂ ਦੇ ਚਰਨਾਂ ਦੀ ਸੇਵਾ ਨਹੀਂ ਕੀਤੀ ਓਹ ਹਥ ਭੀ ਐਵੇਂ ਹਨ।

"ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ" ॥ ੫॥

ਧ੍ਰਿਗ ਸਿਰ ਜੋ ਗੁਰ ਨਾ ਨਿਵੇ ਗੁਰ ਲਗੇ ਨ ਚਰਣੀ ॥ ੪ ॥

ਅਤੇ ਗੁਰਮੁਖਾਂ ਦਾ (ਮਾਰਗ) ਰਸਤਾ ਸਤਸੰਗ ਜਿਸਤੋਂ ਬਿਨਾਂ ਪਗ ਪੈਰ ਹੋਇ ਹੋਇ (ਬਾਦ) ਬਿਅਰਥ ਹਨ॥

ਭਾਵ—ਜੇਹੜਾ ਆਦਮੀ ਪੈਰੀਂ ਟੁਰਕੇ ਸਾਧ ਸੰਗਤ ਵਿਚ ਨਹੀਂ ਗਿਆ ਉਸਦੇ ਪੈਰ ਰਖਣੇ ਵੀ ਐਵੇਂ ਹੀ ਹਨ ਭਾਵ ਓਹ ਪਿੰਗਲਾ ਹੋ ਜਾਵੇ॥

ਗੁਰਮੁਖ ਅੰਗ ਅੰਗ *ਪੰਗ ਸਰਬੰਗ ਲਿਵ
ਦ੍ਰਿਸਟਿ ਸੁਰਤਿ ਸਾਧ ਸੰਗਤ ਪ੍ਰਸਾਦਿ ਹੈ ॥੧੫੯।

ਸਾਧ ਸੰਗਤ ਦੀ (ਪ੍ਰਸਾਦਿ) ਕਿਰਪਾ ਕਰਕੇ ਗੁਰਮੁਖਾਂ ਦੇ ਅੰਗ ਅੰਗ ਸਾਰੇ (ਪੰਗ) ਸੁਧ, ਸਫਲੇ ਹੋਇ ਹਨ ਅਤੇ (ਸਰਬੰਗ) ਸਾਰੇ ਹੀ (ਲਿਵ) ਬ੍ਰਿਤੀ (ਦ੍ਰਿਸਟਿ) ਨੇਤ੍ਰਾਂ ਦੀ ਜੋਤੀ ਅਤੇ (ਸੁਰਤਿ) ਕੰਨ ਵਾ ਮਨ ਦੀ ਪ੍ਰੀਤੀ ਇਤਿਆਦਕ

---

*ਪੰਗ ਪੀਲੇ ਹੋਰ ਨੂੰ ਵੀ ਆਖਦੇ ਹਨ ਪਰ ਇਸ ਜਗਾ ਓਹ ਅਰਥ ਨਹੀਂ ਲਗਦਾ॥

ਇੰਦ੍ਰੀ ਗੁਰੂ ਵਲ ਲਾਗੇ ਹੋਏ ਹਨ ॥ ਭਾਵ—ਗੁਰਮੁਖਾਂ ਦੇ ਇੰਦ੍ਰੀ ਕ੍ਰਿਆ ਐਸੀ ਸਫਲ ਹੋਇ ਰਹੀ ਹਨ ਕਿ ਸਾਧ ਸੰਗਤ ਵਿਚ ਜਾਕੇ ਨਾਮ ਨਾਲ ਪ੍ਰੀਤੀ ਕਰਦੇ ਹਨ ॥ ੧੯੯ ॥

ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥ ੬ ॥

ਹੁਣ ਡੰਗਰਾਂ ਨਾਲੋਂ ਮਨੁਖਾਂ ਆਦਮੀਆਂ ਨੂੰ ਚੰਗਾ ਕਥਨ ਕਰਦੇ ਹਨ ਕਿ ਆਦਮੀ ਇਓਂ ਚੰਗਾ ਹੈ ਨਹੀਂ ਤਾਂ ਮਾੜਾ ਹੈ ॥

ਪਸੂਆ ਮਨੁਸ਼ ਦੇਹ ਅੰਤਰੁ ਅੰਤਰੁ ਇਹੈ
ਸ਼ਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ ।

ਪਸ਼ੂ ਅਤੇ ਆਦਮੀ ਦੀ ਦੇਹ ਅੰਤਰ ਵਿਚ (ਅੰਤਰ) ਇਹੁ ਭੇਦ ਹੈ ਕਿ ਆਦਮੀ ਨੂੰ ਸ਼ਬਦ ਦੀ (ਸੁਰਤ) ਗਯਾਤ ਦਾ ਬਿਬੇਕ ਵਿਚਾਰ ਹੈ ਭਾਵ ਮਾੜਾ ਚੰਗਾ ਕੰਮ ਸੁਣਕੇ ਵਿਚਾਰ ਕਰਦਾ ਹੈ ਅਤੇ ਪਸ਼ੂ ਨੂੰ (ਅਬਿਬੇਕ) ਅਵਿਚਾਰ ਹੈ ਭਾਵ ਪਸ਼ੂ ਮਾੜਾ ਚੰਗਾ ਨਹੀਂ ਸਮਝ ਸਕਦਾ ਕਿ ਇਸ ਵਿਚ ਗੁਣ ਹੈ ਯਾ ਔਗੁਣ ॥

ਪਸ਼ੂ ਹਰਿਆਊ ਕਹਜ਼ੇ ਸੁਨਜ਼ੇ ਅਨੁਸੁਨਜ਼ੇ ਕਰੈ
ਮਾਨਸ ਜਨਮ ਉਪਦੇਸ਼ ਰਿਦੈ ਟੇਕ ਹੈ ।

ਪਸ਼ੂ (ਹਰਿਆਊ) ਜੇਹਾਕੁ ਹਰਿਆਂ ਪਠਿਆਂ ਨੂੰ ਵੇਖਕੇ ਦੌੜ ਆਉਂਦਾ ਹੈ ਅਤੇ ਮਾਲਕ ਦੇ ਕਹੇ ਹੋਇ ਨੂੰ ਸੁਣ ਕੇ ਅਨਸੁਣਿਆਂ ਕਰਦਿੰਦਾ ਹੈ ਭਾਵ ਜੇਕਰ ਮਾਲਕ ਆਖੇ ਕਿ ਥੋੜਾ ਜਿਹਾ ਖੜੋ ਜਾ ਤਾਂ ਖੜੋਂਦਾ ਨਹੀਂ ਹੈ ॥ ਭਾਵ ਆਪੇ ਖਦਾ ਬਹੁਤ ਕਰਦਾ ਹੈ ਅਤੇ ਆਦਮੀ ਜੋ ਜੂਨ ਦੇ ਮਿਲਣ ਦਾ ਇਹ ਡੰਗਰ ਨਾਲੋਂ ਵਾਧਾ ਹੈ ਕਿ ਗੁਰਉਪਦੇਸ਼ ਦੀ ਹਿਰਦੇ ਵਿਚ (ਟੇਕ) ਓਟ (ਆਸਰਾ) ਲੈ ਸਕਦੀ ਹੈ ਭਾਵ ਆਦਮੀ ਗੁਰਉਪਦੇਸ਼ ਨੂੰ ਸੁਣ ਸਕਦਾ ਹੈ ਅਤੇ ਅਗੋਂ ਵਿਚਾਰ ਅਵਿਚਾਰ ਕਰ ਸਕਦਾ ਹੈ ।

ਪਸੂਆ ਸਬਦ ਹੀਨ ਜਿਹਬਾ ਨ ਬੋਲ ਸਕੈ
ਮਾਨਸ ਜਨਮ ਬੋਲੈ ਬਚਨ ਅਨੇਕ ਹੈ ।

ਡੰਗਰ ਸਬਦ ਦੀ ਸੁਣਾਈ ਦੇ ਵਿਚਾਰ ਤੋਂ ਹੀਨ ਹੋਕਰ ਰਸਨਾ ਕਰਕੇ ਨਹੀਂ ਬੋਲ ਸਕਦਾ ॥ ਅਤੇ ਆਦਮੀ ਮਨੁਖਾ ਜਨਮ ਧਾਰ ਕੇ ਅਨੇਕਾਂ ਹੀ ਬਚਨ ਬੋਲ ਸਕਦਾ ਹੈ ॥

ਸਬਦ ਸੁਰਤਿ ਸੁਨਿ ਸਮਝਿ ਬਿਬੇਕੀ ਬੋਲੈ
ਨਾਤੁਰ ਅਚੇਤ ਪਸੂ ਪ੍ਰੇਤ ਹੂੰ ਮੈ ਏਕ ਹੈ ॥ ੨੦੦ ॥

ਗੁਰ ਉਪਦੇਸ਼ ਦੇ ਸ਼ਬਦ ਦੀ (ਸੁਰਤਿ) ਕੰਨਾ ਨਾਲ ਹਾਸਲ ਕਰਕੇ ਅ ਭਾਵ ਸੁਣੇ ਅਤੇ ਅਗੇ ਹੋਰ ਉਪਦੇਸ਼ ਸਮਝ ਕੇ ਤੇ (ਬਿਬੇਕੀ) ਵੀਚਾਰ ਵਾਲਾ ਹੋਕੇ ਬੋਲੇ ਭਾਵ ਗੁਰ ਉਪਦੇਸ਼ ਨੂੰ ਪ੍ਰੀਤ ਨਾਲ ਸੁਣੇ ਅਤੇ ਅਗੇ ਸਮਝਾ ਕੇ ਲੋਕਾਂ ਨੂੰ ਉਸ ਦਾ ਭਾਵ ਦਸੇ ॥ ਜੇਕਰ ਤਾਂ ਅਜੇਹੇ ਗੁਣ ਆਦਮੀ ਵਿਚ ਹੋਣ ਤੇ ਤਾਂ ਆਦਮੀ ਠੀਕ ਹੈ (ਨਾਤਰ) ਨਹੀਂ ਤਾਂ (ਅਚੇਤ ਪਸ਼ੂ) ਬਹੁਤ ਅਗਿਆਨ ਤੇ ਸਮਝ ਡੰਗਰ ਨਾਲੋਂ (ਪੂਰ) ਤੁਲਨਿਆਂ ਵਿਚ ਇਕ ਤੁਲਨਾਂ ਹੈ ਭਾਵ ਉਹ ਆਦਮੀ ਅਜੇਹਾਂ ਡੰਗਰਾਂ ਨਾਲੋਂ ਭੀ ਮਾੜਾ ਹੈ ॥

ਮਾਇਆ ਮੋਹ ਪ੍ਰੇਤ ਹੈ ਕਾਮ ਕ੍ਰੋਧ ਅਹੰਕਾਰਾ ॥ ਗੁਰੂ ਵਾਰ ਗੁਜਰੀ ੧

ਚਿਰੰਕਾਲ ਪਾਈ ਦ੍ਰੁਲਭ ਦੇਹ । ਨਾਮ ਬਿਹੂਣੀ ਹੋਈ ਖੇਹ ॥

ਪਸੂ ਪਰੇਤ ਮੁਗਧ ਤੇ ਬੁਰੀ । ਤਿਸਹਿ ਨ ਬੂਝੈ ਜਿਨ ਇਹ ਸਿਰੀ ॥

(ਗੁਰੂ ੫ ਰਾਮਕਲੀ) ॥ ੨੦੭ ॥

ਹੁਣ ਪਸ਼ੂ ਨੂੰ ਮਨੁਖਾਂ ਨਾਲੋਂ ਚੰਗਾ ਕਥਨ ਕਰਦੇ ਹਨ ਜਿਹਾ ਕੁ ਸੇਖਸਾਦੀ ਨੇ ਗੁਲਿਸਤਾਂ ਵਿਚ ਕਿਹਾ ਹੈ:—

'ਮਸਕੀਨ ਖਰ ਅਗਰਚੇ ਬੇ ਤਮੀਜ਼ ਅਸਤ'।

ਗਰੀਬ ਖੋਤਾ ਭਾਵੇਂ ਬੇਅਕਲ ਹੈ ।

'ਚੂੰ ਬਾਰ ਹਮੀ ਬੁਰਦ ਅਜ਼ੀਜ਼ ਅਸਤ'।

ਜਦ ਭਾਰ ਉਹ ਲੈ ਜਾਂਦਾ ਹੈ ਤਾਂ ਪਿਆਰਾ ਹੈ ।

'ਗਾਵਾਂਨ ਵ ਖਰਾਨ ਬਾਰ ਬਰਦਾਰ'।

ਬੈਲ ਔਰ ਗਧੇ ਬੋਝਾ ਉਠਾਵਨੇ ਵਾਲੇ ।

'ਬਿਹ ਜ਼ਿ ਆਦਮੀਆਂਨ ਮਰਦਮ ਅਜ਼ਾਰ'।

ਅਛੇ ਹਨ ਆਦਮੀਆਂ ਦੁਖ ਦੇਣ ਵਾਲਿਆਂ ਸੇ ।

ਸਬਦ ਸੁਰਤਿ ਹੀਨ ਪਸੂਆ ਪਵਿਤ੍ਰ ਦੇਹ ਖੜ ਖਾਇ ਅੰਮ੍ਰਿਤ ਪ੍ਰਵਾਹਿ ਕੋ ਸੁਆਉ ਹੈ ।

ਆਦਮੀ ਗੁਰ ਸ਼ਬਦ ਦੀ (ਸੁਰਤਿ) ਸੋਝ ਤੋਂ ਰਹਿਤ ਹੈ ਇਸ ਲਈ ਪਸ਼ੂ ਦੀ ਦੇਹ ਆਦਮੀ ਨਾਲੋਂ ਚੰਗੀ ਹੈ [ਭਾਵ ਜੋ ਆਦਮੀ ਗੁਰ ਸ਼ਬਦ ਨੂੰ ਮਨ ਵਿਚ ਨਹੀਂ ਵਸਾਉਂਦਾ ਉਸ ਨਾਲੋਂ ਡੰਗਰ ਚੰਗੇ ਹਨ ਕਿਉਂਕਿ (ਖੜ) ਘਾਹ ਤੇ ਤਿਲਾਂ ਦੀ ਹੁੰਦੀ ਹੈ ਅਥਵਾ ਘਾਹ ਖਾਕੇ (ਅੰਮ੍ਰਿਤ) ਦੁਧ ਦੇ ਪ੍ਰਵਾਹ ਚਲਾਉਣ ਦਾ ਪਸ਼ੂਆਂ ਦਾ (ਸੁਆਉ) ਪ੍ਰਯੋਜਨ ਹੈ ॥

ਭਾਵ ਘਾਸ ਆਦਿਕ ਖਾਕੇ ਦੁਧ ਦੇਂਦੇ ਹਨ ਤੇ ਲੋਕਾਂ ਨੂੰ ਲਾਭ ਪਹੁੰਚਾਂਦੇ ਹਨ।

ਪਸੂ ਮਿਲਹਿ ਚੰਗਿਆਈਆ ਖੜ ਖਾਵਹਿ ਅੰਮ੍ਰਿਤੁ ਦੇਹਿ ।

ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ

ਮਾਨਸ ਨਿਖੇਧ ਦੇਹੀ ਅੰਮ੍ਰਿਤ ਅਪਰਾਉ ਹੈ ।

ਹੋਰ ਭਾਵ ਡੰਗਰਾਂ ਵਿਚ ਅਰਥ ਕਰਦੇ ਹਨ ਕਿ ਜਿਨ੍ਹਾਂ ਪਸੂਆਂ ਦਾ (ਬੀਕਟ) ਗੋਹਾ ਅਤੇ (ਜੋ) ਗਾਂ ਦਾ (ਮੂਤ੍ਰ) ਮੂਤ੍ਰ ਬੜੀ ਅਛੀ ਮਰਯਾਦਾ ਨਾਲ ਹਿੰਦੂਆਂ ਨੇ ਆਪਣੇ ਵਿਚ (ਪਰਮ) ਬਹੁਤ ਹੀ ਅਛਾ ਪਵਿਤ੍ਰ ਮੰਨਿਆਂ ਹੋਇਆ ਹੈ ਭਾਵ ਹਿੰਦੂ ਗੋਹੇ ਦਾ ਪੋਚੀ ਪਾਕੇ ਅਤੇ ਮੂਤ ਦਾ ਚਰਨਾਮ੍ਰਿਤ ਲੈਕੇ ਆਖਦੇ ਹਨ ਅਸੀ ਬਹੁਤ ਪਵਿਤ੍ਰ ਹੋਏ ਹਾਂ ਇਸ ਲਈ ਡੰਗਰ ਆਪਣੇ ਆਪ ਵਿਚ ਬਹੁਤ ਪਵਿਤ੍ਰ ਹਨ ਕਿਉਂਕਿ ਉਹਨਾਂ ਦਾ ਗੋਹਾ ਮੂਤ੍ਰ ਭੀ ਕੰਮ ਆ ਜਾਂਦਾ ਹੈ ॥ ਅਤੇ ਆਦਮੀ ਦੀ ਦੇਹ (ਨਿਖੇਧ) ਭੈੜੀ (ਨਿਕੰਮੀ) ਹੈ ਕਿਉਂਕਿ ਇਸ ਗਊ ਆਦਿਕ ਦੇ (ਅੰਮ੍ਰਿਤ) ਦੁਧ ਦਾ (ਅਪਰਾਉ) ਭੋਜਨ ਕਰਕੇ ਵਾ ਦੁਧ ਨੂੰ ਪੀਕੇ ਅਪਵਿਤ੍ਰ ਮੂਤ੍ਰ ਕਰ ਦੇਂਦਾ ਹੈ ॥

ਸਾਰ ਕਤਾਵਲੀ ਹਮਾਰੀ ਸਟੀਕ

ਧਰਮ ਸੀਲ ਤਪ ਦਾਨ ਗੁਨ ਵਿਦਿਆ ਬਿਨ ਜੋ ਜੰਤ।
ਮਿਰਤ ਲੋਕ ਖਿਤ ਭਾਰ ਤੇ ਨਰ ਪਸ਼ੂ ਮ੍ਰਿਗ ਬਿਚਰੰਤ ॥ ੧੪ ॥
ਸੁਰ ਸਿਰ ਤ੍ਰਕ ਮੁਨਿ ਪਲਾਦ ਜਨ ਸ੍ਰਿੰਗ ਧੇਗ ਦ੍ਰਿਗ ਨਾਰਿ।
ਪੰਚ ਗੁਣ ਮ੍ਰਿਗ ਘਟ ਦੇਖ ਨਰ ਨਰ ਤੇ ਹਰਨ ਉਦਾਰ ॥

ਬਚਨ ਬਿਬੇਕ ਟੇਕ ਸਾਧਨ ਕੈ ਸਾਧ ਭਏ
ਅਧਮ ਅਸਾਧ ਖਲ ਬਚਨ ਦੁਰਾਉ ਹੈ ।

ਵਿਚਾਰਵਾਨ ਗੁਰਮੁਖ ਗੁਰਾਂ ਦੇ ਬਚਨਾਂ ਦੀ (ਟੇਕ) ਓਟ ਲੈਕੇ ਅਤੇ ਜੋ ਗੁਰਾਂ ਨੇ ਸਾਧਨ ਦਸੇ ਹਨ ਉਹਨਾਂ ਨੂੰ ਕਰਕੇ ਗੁਰਮੁਖ ਬਣ ਗਏ ਭਾਵ ਸਿਖ ਗੁਰਾਂ ਦੇ ਬਚਨ ਮੰਨਕੇ ਗੁਰਮੁਖ ਬਣ ਗਏ ਅਤੇ (ਅਧਮ) ਪਾਪੀ ਭੈੜੇ ਸਾਧੂ (ਖਲ) ਮੂਰਖ ਜਿਨ੍ਹਾਂ ਨੇ ਗੁਰਾਂ ਦੇ ਬਚਨਾਂ ਦਾ (ਦੁਰਾਉ) ਛਪਾਉ ਕੀਤਾ ਹੈ ਉਹ ਮਨਮੁਖ ਦੇ ਮਨਮੁਖ ਹੀ ਰਹੇ ॥

ਭਾਵ ਜਿਨ੍ਹਾਂ ਨੇ ਗੁਰਾਂ ਦੀ ਨਿੰਦਿਆ ਕੀਤੀ ਅਤੇ ਗੁਰੂ ਆਪਣਾ ਕੋਈ ਨਾ ਧਾਰਿਆ ਅਤੇ ਜੇਹੜਾ ਗੁਰੂ ਧਾਰਿਆ ਸੀ ਉਸ ਨਾਲ ਛਲ ਛਿਦ੍ਰ ਆਦਿਕ ਕੀਤੇ ਉਹ ਮਨਮੁਖ ਹੀ ਰਹੇ ॥

ਰਸਨਾ ਅੰਮ੍ਰਿਤ ਰਸਿ ਰਸਿਕ ਰਸਾਇਨਿ ਹੈ
ਮਾਨਸ ਬਿਕੈ ਧਰ ਬਿਖਮ ਬਿਖੁ ਤਾਉ ਹੈ ॥੨੦੧॥

ਗੁਰਮੁਖਾਂ ਦੀ ਰਸਨਾ (ਅੰਮ੍ਰਿਤ ਰਸ) ਨਾਮ ਦਾ ਅਨੰਦ ਜੋ ਹੈ ਉਸ ਵਿਚ (ਰਸਿਕ) ਰਸੀਆ ਚਾਕਰ (ਰਸਾਕਾਰ) ਬਹੁਤ ਲਾਗੀ ਹੋਈ ਜਿਹੋ ਜਿਹੀ [illegible] ([illegible]) ਰਸਾਂਦਾ ਘਰ ਪਿਆਰੀ ਰਸਨਾ ਹੋ ਗਈ ਹੈ ।

ਭਾਵ ਗੁਰਮੁਖਾਂ ਦੀ ਰਸਨਾ ਨਾਮ ਜਪਣ ਕਰਕੇ ਸੰਗੀਹੈ ਅਤੇ (ਮਾਨਸ) ਜੋ ਮਨਮੁਖ ਆਦਮੀ ਹਨ ਉਹਨਾਂ ਦੀ ਰਸਨਾ ਦਾ (ਬਿਖੋਧਰ) ਵਿਹੁ ਕੇ ਧਾਰਨ ਵਾਲੇ ਸਪ ਦੀ (ਬਿਖ) ਵਿਹੁ ਵਾਂਕਰ (ਬਿਖਮ) ਕਠਨ ਕੌੜਾ ਰੰਗ (ਭਾਵ) ਸੇਜ ਦੁਖ ਹੈ। ਭਾਵ ਮਨਮੁਖ ਸਪ ਵਾਂਗਰ (ਰਸਨਾ ਨਾਲ ਬਚਨ ਬੋਲਕੇ) ਸਭਨਾ ਮਾਰ ਸੁਟਦੇ ਹਨ ॥ "ਸਾਦੀ"

"ਮਨ ਆਂ ਮੋਰਮ ਕਿ ਦਰ ਪਾਯਮ ਬਮਾਲੀਂਦ"
ਮੈਂ ਓ ਹਾਂ ਕੀੜੀ ਕਿ ਵਿਚ ਪੈਰਾਂ ਦੇ ਮਲਦੇ ਹਨ ॥
"ਨ ਜ਼ੰਬੂਰਮ ਕਿ ਅਜ਼ ਨੇਸ਼ਮ ਬਨਾਲੀਂਦ"
ਨਾ ਹਾਂ ਮੈਂ ਭੂੰਡ ਕਿ ਮੇਰੇ ਡੰਗ ਤੋਂ ਰੋਂਦੇ ਹਨ।
"ਕੁਜਾ ਖ਼ੁਦਾ ਸ਼ੁਕਰ ਈਂ ਨਿਯਾਮਤ ਗੁਜ਼ਾਰਮ"
— ਮੈਂ ਆਪ ਕਿਥੋਂ ਤਾਂਈ ਸ਼ੁਕਰ ਇਸ ਨਿਯਾਮਤ ਦਾ ਕਰਾਂ ਮੈਂ
"ਕਿ ਜ਼ੋਰ ਮਰਦਮ ਅਜ਼ਾਰੀ ਨ ਦਾਰਮ"
ਕਿ ਜ਼ੋਰ ਮਰਦਾਂ ਨੂੰ ਦੁਖ ਦੇਣ ਦਾ ਨਹੀਂ ਰਖਦਾ ਮੈਂ ॥੨੦੧॥

ਫਿਰ ਦੂਨੀ ਖੰਡਨ ਨਸਾਇ ਭਿਸੀ ਪਰ

ਪਸ਼ੂ ਖੜਿ ਖਾਤ ਖਲ ਸਬਦ ਸੁਰਤਿ ਹੀਨ
ਮੋਨ ਕੈ ਮਹਾਤਮ ਪੈ ਅੰਮ੍ਰਿਤ ਪ੍ਰਵਾਹ ਜੀ।

(ਪੈ) ਦੁਧ (ਮੋਨ) ਚੁਪ ਡੰਗਰ ਘਾਹ ਅਤੇ ਖਲ ਨੂੰ ਖਾਕੇ ਸ਼ਬਦ ਦੀ ਸੂਝ ਤੋਂ ਹੀਨ ਹੁੰਦਾ ਹੈ ਉਸ ਚੁਪ ਕਰ ਰਹਿਣ ਦਾ ਉਸਨੂੰ ਏਹ (ਮਹਾਤਮ) ਫਲ ਹੁੰਦਾ ਹੈ ਕਿ ਦੁਧ (ਅੰਮ੍ਰਿਤ ਵਰਗੇ ਸੁਆਦ ਵਾਲੇ) ਦਾ ਪ੍ਰਵਾਹ ਚਲਾ ਦੇਂਦਾ ਹੈ ਭਾਵ ਪਸ਼ੂ ਘਾਹ ਖਾਕੇ ਅੰਮ੍ਰਿਤ ਵਰਗਾ ਦੁਧ ਦੇਂਦਾ ਹੈ ॥

ਨਾਨਾ ਮਿਸਟਾਨ ਖਾਨ ਪਾਨ ਕੈ ਮਾਨੁਸ਼ ਮੁਖ
ਰਸਨਾ ਰਸੀਲੀ ਹੋਇ ਸੋਈ ਭਲੀ ਤਾਂਹਿ ਜੀ।

ਆਦਮੀ ਆਪਣੇ ਮੂੰਹ ਨਾਲ ਬਹੁਤ ਤਰਾਂ ਦੇ ਮਿਠੇ ਖਾਣਿਆਂ ਨੂੰ ਖਾਕੇ ਅਤੇ ਦੁਧ ਆਦਕ ਨੂੰ ਪੀਕੇ ਜੇਕਰ ਜੀਭ ਨੂੰ ਰਸ ਵਾਲੀ ਕਰ ਲਵੇ ਤਾਂ ਚੰਗੀ ਹੈ ਨਹੀਂ ਤਾਂ ਕਿਸੇ ਕੰਮ ਦੀ ਨਹੀਂ ॥

(ਗੂਜਰੀ ਵਾਰ ਗੁਰੂ ੩)॥ ਨਾਨਕ ਏਕੁ ਛੋਡਿ ਦੂਜੇ ਲਗੈ ਸਾ ਜਿਹਵਾ ਜਲਿ ਜਾਉ॥

ਬਚਨ ਬਿਬੇਕ ਟੇਕ ਮਾਨਸ ਜਨਮ ਫਲ
ਬਚਨ ਬਿਹੂਨ ਪਸੁ ਪਰਮਿਤਿ ਆਹਿ ਜੀ।

(ਫਲ) ਫਟ, (ਪਰਮਿਤਿ) ਹਦ ਮੁਰਾਦ (ਆਹਿ) ਹੋਰੀ ਦੇ ਮਨੁਖਾ

ਪ੍ਰੇਮ ਦਾ ਏਹ ਭਾ ਸਿਧੂ ਫਲ ਹੈ ਕਿ ਵਿਚਾਰ ਵਾਲੇ ਬਚਨਾਂ ਦੀ ਤਿਹ ਲੈਣੀ ਅਤੇ ਵਿਚਾਰ ਵਾਲੇ ਬਚਨਾਂ ਤੋਂ ਬਿਨਾ ਆਦਮੀ ਹੋਣਾ ਹੋਕੇ ਪਸ਼ੂ ਦੀ ਮਰਯਾਦਾ ਵਾਲੋਂ ਭੀ ਪਰੇ ਡਿੱਗਿਆ ਹੋਯਾ ਹੈ ॥

(ਕੁਬਾਣੀ ਕਬੀਰ ਜੀ) ਹਰਿ ਬਿਨੁ ਬੈਲ ਬਿਰਾਨੇ ਹੁਈ ਹੈ ॥

ਮਾਨਸ ਜਨਮੁ ਗਤਿ ਬਰਨ ਬਿਬੇਕ ਹੀਨ

ਬਿਖਧਰ ਬਿਖਮ ਚਕਿਤ ਚਿਤ ਚਾਹਿ ਜੀ ॥੨੦੨॥

(ਗਤਿ) ਹਾਲ (ਬਿਖਧਰ) ਵਿਹੁ ਧਾਰਨ ਵਾਲਾ ਸਪ (ਬਿਖਮ) ਭਯਾਨਕ, ਕਠੋਰ (ਚਕਤ) ਹੈਰਾਨ ਇਸ ਆਦਮੀ ਨੂੰ ਮਨੁਖਾ ਜਨਮ ਮਿਲਿਆ ਸੀ ਸੋ ਇਹ ਮੂਰਖ ਰੰਗੀ ਵਿਚਾਰ ਵਾਲੇ ਬਚਨਾਂ ਤੋਂ ਰਹਿਤ ਹੋਇਆ ਅਤੇ ਇਸ ਲਈ ਇਸ ਨੂੰ ਵੇਖਕੇ ਸਪ ਭੀ ਕਰੜੇ ਚਿਤ ਵਾਲੇ ਹੈਰਾਨ ਹੋ ਜਾਂਦੇ ਹਨ ਅਤੇ ਇਸ ਮਨ ਮੁਖ ਦੇ ਦਰਸ਼ਨ ਕਰਨ ਦੀ ਚਿਤ ਵਿਚ ਲੋੜ ਨਹੀਂ ਰਖਦੇ ॥੨੦੨॥

ਇਸ ਮੁਹਰਲੇ ਕਬਿਤ ਵਿਚ ਭਾਈ ਜੀ ਆਪ ਪ੍ਰੋਖਤ ਪਤਕਾ ਨਾਇਕਾ ਵਾਕਰ ਬਣ ਕਰ ਆਪਣਾ ਪ੍ਰੇਮ ਦਸਦੇ ਹਨ। ਪ੍ਰੋਖਤ ਪਤਿਕਾ ਨਾਇਕਾ ਤਿੰਨ ਤਰਾਂ ਦੀ ਹੁੰਦੀ ਹੈ,

੧ ਜਿਸ ਦਾ ਪਤੀ ਪ੍ਰਦੇਸ ਕੋ ਜਾਵੇਗਾ ॥

੨ ਜਿਸ ਦਾ ਪਤੀ ਪ੍ਰਦੇਸ ਨੂੰ ਤੁਰਿਆ ਹੈ ॥

੩ ਜਿਸ ਦਾ ਪਤੀ ਪ੍ਰਦੇਸ ਨੂੰ ਗਿਆ ਹੋਯਾ ਹੈ ਇਸ ਨਾਇਕਾ ਵਾਕਰ ਆਪ ਪ੍ਰੇਮ ਨੂੰ ਪ੍ਰਗਟ ਕਰਦੇ ਹਨ ਪਰ ਪਹਲੇ ਮੈਂ ਪ੍ਰੋਖਤ ਪ੍ਰੋਖਤਿ ਪਤਿਕਾ ਨਾਇਕਾ ਦਸਦਾ ਹਾਂ। ਜਥਾ ਕਬਿੱਤ ॥

ਕਬਿਤ ॥ ਲਾਗਤ ਬਸੰਤ ਕੇ ਸੁਖਾਰੀ ਲਿਖੀ ਪ੍ਰੀਤਮ ਕੋ ਪਯਾਰੀ ਪਦ ਬੀਨ ਹੋ ਹਮਾਰੀ ਸੁਧ ਆਨਕੀ। ਕਹੇ ਪਦਮਾਕਰ ਈਹਾਂ ਕੇ ਜੋ ਹਵਾਲ ਬਿਹਾਲ ਕਾ ਰੂਪ ਕੋ ਦੋਬਾਨਲ ਤੇ ਆਨ ਜੀ। ਉਕਤੇ ਗੁਲਾਬਨ ਕੇ ਪੂਰੇ ਪਰਗਾਸ ਸੇ ਤੇ ਲਿਪਟ ਉਜਾਸ ਪੌਨ ਹੂ ਤੇ ਪਹਿਲਾਨ ਥੀ। ਨੈਨਨ ਕੋ ਬੈਰ ਸੋਂ ਅਨੇਕ ਮਿਰਗਾਵਨ ਤੈਂ ਗਾਵਨ ਕੇ ਰੰਗ ਪੀਰੇ ਪਾਤਨ ਤੈਂ ਜਾਨਥੀ ॥

ਦਰਸਨ ਧਯਾਨ ਬਿਰਹਾ ਬਯਾਪਤ ਦ੍ਰਿਗਨ ਹੋਇ

ਸ੍ਰਵਨ ਬਿਰਹੁ ਬਯਾਪੈ ਮਧੁਰ ਬਚਨ ਕੈ।

(ਦ੍ਰਿਗਨ) ਨੇਤ੍ਰ (ਸ੍ਰਵਨ, ਕੰਨ (ਮਧੁਰ) ਮਿਠੇ ਸੋਹਾਗੁ ਇਸਤ੍ਰੀ ਨੂੰ ਆਪਣੇ ਪਤੀ ਦੇ ਦਰਸ਼ਨ ਕਰਨਦੇ ਧਯਾਨਦਾ (ਬਿਹੁ) ਵਿਛੋੜੇ ਦਾ ਦੁਖ ਨੇਤ੍ਰਾਂ ਨੂੰ ਲਗਦਾ ਹੈ ਅਤੇ ਕੰਨਾਂ ਨੂੰ ਦੁਖ ਹੁੰਦਾ ਹੈ ਮਿਠੇ ਬਚਨਾਂ ਤੋਂ ਬਿਨਾਂ ਹੋਇਆਂ ਹੋਇਆਂ ॥

ਸੋਭਮ ਸਮਾਗਮ ਬਿਰਹੋਂ ਬਯਾਪੈ ਜਿਹਬਾ ਕੈ

ਪਾਰਸ ਪਰਸ ਅੰਗ ਮਾਲ ਕੀ ਜਰਨ ਹੈ ।

(ਸੰਗਮ) ਮਿਲਣਾ (ਸਮਾਗਮ) ਬਹੁਤ ਅਰਥ (ਪਰਸ) ਛੁਹ ਕੇ (ਅੰਗਮਾਲ) ਹਿਰਦੇ ਦੀ ਮਾਲਾ ਛਾਤੀ । ਜਿਹਾ ਕੁ ਪਤੀ ਦੇ ਨਾਲ ਮਿਲਾਪ ਤੇ ਸਮਾਗਮ ਤੋਂ ਬਿਨਾਂ ਹੋਕੇ ਜੀਭ ਨੂੰ ਦੁਖ ਲਗ ਰਹਿਆ ਹੈ ਅਤੇ ਪਾਰਸ ਰੂਪ ਭਰਤਾ ਦੇ ਨਾਲ ਲਗਣ ਤੋਂ ਬਿਨਾਂ ਛਾਤੀ ਦੁਖਤ ਹੋਰਹੀ ਹੈ ਅਥਵਾ ਜਿਹਾ ਕੁ ਮਾਲਾ ਹਿਰਦੇ ਤੋਂ ਲਥ ਕੇ ਮਲਵਾਰ ਹੋ ਜਾਂਦੀ ਹੈ ਤੇਹਾ ਕੁ ਹਿਰਦੇ ਦੀ ਜਲਨਾਂ ਕਰਨ ਤੋਂ ਜਿਵੇਂ ਹੋਏ ਭਾਵ (ਮਿਲਾਪ ਪੀਆ ਹੀਆ ਜੋ ਹਿਹਾਰ ਬਾਹ ਅੰਦਰੋਂ) ਛਾਤੀ ਦੁਖੀ ਹੋ ਰਹੀ ਹੈ ॥

ਸਿਹਜਾ ਰਵਨ ਬ੍ਰਿਹਾਂ ਬਜ੍ਰਾਪਤ ਦਰਨ ਹੋਇ
ਪ੍ਰੇਮ ਰਸ ਬਿਰਹਾਂ ਭੁਅੰਗ ਹ੍ਵੈ ਡਸਨ ਹੈ ।

(ਰਵਨ) ਰਲਣਾ (ਭੁਅੰਗ) ਸਾਰੇ ਅੰਗ (ਡਸਨ) ਮਿਲਾਪ ਕਰਨਾ ਜੇਹੜਾ ਮੈਂ ਪਤੀ ਦੀ ਸੇਜ ਉਤੇ ਪੈਰੀਂ ਟੁਰਕੇ ਜਾਂਦੀ ਸੀ ਪਰ ਹੁਣ ਪਤੀ ਨਾ ਪਾਸ ਹੋਣ ਕਰਕੇ ਓਹ ਵਿਛੋੜਾ ਮੈਨੂੰ ਬੁਰਾ ਲਗਦਾ ਹੈ ਅਤੇ ਮੈਂ ਦੁਖੀ ਹੋ ਰਹੀ ਹਾਂ ਅਤੇ ਜੋ (ਪ੍ਰੇਮ ਰਸ) ਵਾਹਿਗੁਰੂ ਦਾ (ਪਤੀ ਦੇ) ਨਾਮ ਦਾ ਵਿਛੋੜਾ ਹੋ ਰਿਹਾ ਹੈ ਓਹ ਸਾਰੇ ਅੰਗਾਂ ਨੂੰ (ਡਸਨ) ਲਗ ਰਹਿਆ ਹੈ ॥

ਰੋਮ ਰੋਮ ਬਿਰਹਾਂ ਬ੍ਰਿਥਾ ਕੈ ਬਿਹਬਲ ਭਈ
ਸਸਾ ਜੈਸੇਂ ਵਹੀਰ ਪੀਰ ਪ੍ਰਬਲ ਤਰਨਕੈ ॥੨੦੩॥

(ਬ੍ਰਿਥਾ) ਪੀੜਾ (ਬਿਹਬਲ) ਵਿਆਕੁਲ (ਸਸਾ) ਸਹਿਆ (ਵਹੀਰ) ਬਹੁਤਿਆਂ ਮਿਲਦੇ ਤੁਰਨਾਂ (ਪੀਰ) ਪੀੜਾ (ਪ੍ਰਬਲ) ਬਲੀ, ਜ਼ੋਰਵਾਲੀ (ਤਰਨ) ਤਾਪਣਾ ਪ੍ਰਹਨਾ (ਕੈ) ਕਰਕੇ ਜੇਹਾ ਕੁ ਪਤੀ ਦੇ ਵਿਛੋੜੇ ਦੀ ਪੀੜਾ ਕਰਕੇ ਇਸਤ੍ਰੀ ਵਿਆਕੁਲ ਹੋ ਜਾਂਦੀ ਹੈ ਅਤੇ ਲੂੰ ਲੂੰ ਪ੍ਰੇਮ ਦੇ ਬਾਣਾਂ ਨਾਲ ਵਿੰਨ੍ਹਿਆਂ ਜਾਂਦਾ ਹੈ ਅਤੇ ਜੇਹਾ ਕੁ ਸਹਿਆ, ਸ਼ਿਕਾਰ ਦੇ ਬਹੁਤਿਆਂ ਆਦਮੀਆਂ ਤੇ ਕੁਤਿਆਂ ਦਾ ਘੇਰਿਆ ਹੋਇਆ ਦੁਖੀ ਹੁੰਦਾ ਹੈ ਅਤੇ ਉਹਨਾਂ ਦੀ ਬੜੀ ਜ਼ੋਰ ਵਾਲੀ ਹੋਹਿ ਹੋਹਿ ਤਾਪਣਾ ਕਰਕੇ ਉਸ ਨੂੰ ਬੜੀ ਪੀੜਾ ਹੁੰਦੀ ਹੈ ਅਤੇ ਉਹ ਦੁਖੀ ਹੁੰਦਾ ਹੈ ਤੇਹਾ ਕੁ ਹੀ ਮੈਂ ਨਾਮ ਦੇ ਦਰਸ਼ਨ ਤੋਂ ਬਿਨਾਂ ਹੋਕੇ ਦੁਖੀ ਹੋ ਰਿਹਾ ਹਾਂ ॥

ਮੁਗਧਾ ਨਾਇਕਾ ਦੋਹ ॥ ਝਲਕਤ ਆਵੇ ਤਰੁਨਈ ਨਈ ਜਾਸ ਅੰਗ ਅੰਗ । ਮੁਗਧਾ ਤਾਂਕੋ ਕਹਿਤ ਹੈਂ ਜੋ ਪ੍ਰਬੀਨ ਰਸ ਰੰਗ ॥ ਇਸ ਨਾਇਕਾ ਨਾਲ ਜਦ ਜਿਥੇ ਨਾਇਕ ਹਸਕੇ ਗੱਲ ਕਰ ਬੈਠੇ ਅਤੇ ਵੇਖਾ ਵੇਖੀ ਰੋਹ ਕਰੇ ਤਾਂ ਨਾਇਕਾ ਬੜੀ ਪ੍ਰਸੰਨ ਹੁੰਦੀ ਹੈ ਅਤੇ ਆਪਣੀਆਂ ਸਖੀਆਂ ਨਾਲ ਪ੍ਰਸੰਨਤਾ ਦੀਆਂ ਗੱਲਾਂ ਕਰਦੀ ਹੈ ਜੇਹਾ ਕੁ ਸ੍ਰੀ ਗੁਰੂ ਸਾਹਿਬ ਗੁਰੂ ਪੰਥ ਸਾਹਬ ਰਾਜ ਸਿੰਘ

ਆਖਦੇ ਹਨ ਕਿ "ਅਬ ਮੈਂ ਹੀ ਖਾਲਸੋ ਰਹੋ । ਸਾਲੂ ਜਹੀਕਾ। ਸਹਜੇ ਪਾਇਓ ਸਤਿਗੁਰ ਬਚਨ ਲਹੇ । ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਖੇਲਨ ਉਪਹਾਸ ਕਰੈ । ਜਉ ਬ੍ਰਿਜਨ ਗ੍ਰਿਹ ਭੀਤਰਿ ਆਇਓ ਤਬ ਮੁਖੁ ਢਾਂਪਿ ਲਜੈ॥"

ਕੁਆਰਿ ਕੰਨਿਆ, ਪਦ ਤੋਂ ਇਹ ਨਾਇਕਾ ਸਿਧ ਹੁੰਦੀ ਹੈ ਜਗਤਭਿਖਨੋ ਦੋ॥ ਦੋਹ॥ ਅਨਵਜਾਧੀ ਕ੍ਰਿਯਾ ਹੋਤ ਜਹਿ ਸਹਸ ਪੁਰਖ ਰਸ ਲੀਨ । ਤਾਹਿ ਅਨੂਢਾ ਕਹਿਤ ਹੈਂ ਕਵਿ ਪੰਡਤ ਪਰਬੀਨ । ਸੋ ਅਜੇਹਾ ਹੀ ਭਾਈ ਜੀ ਦ੍ਰਿਸ਼ਟਾਂਤ ਸਮਝ ਲੈਣਾ। ਆਪ ਵਰਾਸਾ (ਇਸਤ੍ਰੀ) ਰੂਪ ਹੋਕਰ ਗੁਰਾਂ ਨੂੰ ਪਤੀ ਪ੍ਰਮੇਸ਼ਰ ਰੂਪ ਸਮਝਕੇ ਜਦ ਥੋੜੀ ਜੇਹੀ ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕੀਤੀ ਤਿਸਪਰ ਆਖਦੇ ਹਨ। ਇਸ ਪ੍ਰਸੰਗ ਨੂੰ ਵਿਸਤਾਰ ਨਾਲ ਵੇਖਣਾ ਹੋਵੇ ਤਾਂ ਵਾਰਾਂ ਸਟੀਕ ਕਵਿਤ੍ਰਿਤ ਵਿਚੋਂ ਵੇਖ ਸਕਦੇ ਹੋ ਜੇਹਾ ਕੁ "ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ । ੨੦ ਪੌੜੀ ਵਾਰ ੩੫" ॥੨੮੩॥

ਕਿੰਚਤ ਕਟਾਛ ਕ੍ਰਿਪਾ ਬਦਨ ਅਨੂਪ ਰੂਪ
ਅਤਿ ਅਸਚਰਜ ਮੈ ਨਾਇਕਾ ਕਹਾਈ ਹੈ ।

(ਕਿੰਚਤ) ਥੋੜੀ ਜੇਹੀ (ਬਦਨ) ਮੁਖ ਨਾਇਕਾ ਇਸਤ੍ਰੀ ਜੇਹਾ ਕੁ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਪਤੀ ਦੀ ਸੁੰਦਰ ਸਰੂਪ ਵਾਲੇ ਸਰੀਰ ਵਲ ਹੋਜਾਵੇ ਤਾਂ ਬਹੁਤ ਹੀ ਸੁੰਦਰ ਇਸਤ੍ਰੀ ਕਹਾਉਂਦੀ ਹੈ ॥

(ਆਸਾ ਮਹਲਾ ੫)

ਗੁਨ ਅਵਗੁਨ ਮੇਰੋ ਕਛੁ ਨ ਬੀਚਾਰੋ । ਨਹ ਦੇਖਿਓ ਰੂਪ ਰੰਗ ਸੀਗਾਰੋ । ਚਜ ਅਚਾਰ ਕਿਛੁ ਬਿਧਿ ਨਹੀ ਜਾਨੀ । ਬਾਹਿ ਪਕਰਿ ਪ੍ਰਿਅ ਸੇਜੈ ਆਨੀ ।
ਸੁਨਿ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ ।

ਲੋਚਨ ਕੀ ਪੁਤਰੀ ਮੈ ਤਨਕ ਤਾਰਕਾ ਸਜਾਮ
ਤਾਂਕੋ ਪ੍ਰਤਿਬਿੰਬ ਤਿਲ ਬਨਿਤਾ ਬਨਾਈ ਹੈ ।

(ਲੋਚਨ) ਨੇਤ੍ਰ ਪੁਤਰੀ ਪੁਤਲੀਆਂ, (ਤਾਰਕਾ) ਅਖਾਂ ਦੀਆਂ ਧੀਰੀਆਂ, ਤਾਰੇ (ਸਜਾਮ) ਕਾਲੀਆਂ (ਪ੍ਰਤਿਬਿੰਬ) ਅਕਸ, ਪ੍ਰਕਾਸ਼, ਚਮਤਕਾਰ (ਬਨਿਤਾ) ਇਸਤ੍ਰੀ । ਪਤੀ ਦੇ ਨੇਤ੍ਰਾਂ ਵਿਚ ਜੋ ਚਿਟਾ ੨ ਰੰਗ ਹੈ ਅਤੇ ਕਾਲੀਆਂ ੨ ਵਿਚ ਧੀਰੀਆਂ ਹਨ ਅਤੇ ਥੋੜਾ ੨ ਵਿਚ ਲਾਲ ਰੰਗ ਹੈ ਅਥਵਾ ਨੇਤ੍ਰਾਂ ਦੀਆਂ ਪੁਤਲੀਆਂ ਵਿਚ ਜੋ ਤਿੰਨ ਰੰਗ ਹਨ ਉਨ੍ਹਾਂ ਅਜੇਹਾਂ ਰੰਗ ਵਾਲਿਆਂ ਨੇਤ੍ਰਾਂ ਦੀ ਜਦੋਂ ਕਿਰਪਾ ਦ੍ਰਿਸ਼ਟੀ ਹੋਈ ਅਤੇ ਮੇਰੇ ਵਲ ਉਨ੍ਹਾਂ ਵੇਖਿਆ ਮੇਰੀਆਂ ਅਖੀਆਂ ਵਿਚ ਉਨ੍ਹਾਂ ਦਾ (ਪ੍ਰਤਿਬਿੰਬ) ਚਮਤਕਾਰ ਥੋੜਾ ਜੇਹਾ ਪਿਆ ਤਾਂ ਇਸ ਚਮਕ ਨਾਲ ਮੈਂ ਸੁੰਦਰ ਇਸਤ੍ਰੀ ਬਣ ਗਈ ॥

ਨੋਟ—ਭਾਵੇਂ ਲਾਲ ਰੰਗ ਵਿਚ ਲੋਧੀ ਸ੍ਰੀ ਹੋਰਾ ਪਦ ਲੋਕਾਂ ਦੀ ਉਪਮਾ ਵਿਚ ਕਿਨੇ ਰੰਗ ਹਨ ਇਸ ਵਾਸਤੇ ਇਕ ਰੰਗ ਉਪਰੋਂ ਅਧਾਰ ਕੀਤਾ ਗਿਆ ਹੈ ਜੋ ਕਿ ਸ੍ਰੀ ਗੁਰੂ ਜੀ ਨੇ ਰਿਦ ਬਿਲਾਸ ਵਿਚ ਆਖਿਆ ਹੈ। (ਬ੍ਰਿਧ ਪਾਨ) ਤੀਨ ਪ੍ਰਤਾਪ ਨਿਵਾਰਨ ਕੌ ਕਿ ਲਸੇ ਭ੍ਰਿਖ ਕੇ ਦ੍ਰਿਗ ਮੈਂ ਰੰਗ ਭੀਨੋ॥

ਕੋਟਿਨ ਕੋਟਾਨਿ ਛਬਿ ਤਿਲ ਮੈ ਛਪਤ ਜਾਹ

ਕੋਟਿਨ ਕੋਟਾਨਿ ਸੋਭ ਲੋਭ ਲਲਚਾਈ ਹੈ।

। ਪਤੀ ਦੀ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਦੇ ਪ੍ਰਭਾਵ ਹੇਠਾਂ ਬਹੁਤ ਤਰ੍ਹਾਂ ਦੀਆਂ ਕ੍ਰੋੜਾਂ ਹੀ ਛਬੀਆਂ ਛਿਪ ਜਾਂਦੀਆਂ ਹਨ ਅਤੇ ਬਹੁਤ ਤਰਾਂ ਦੀਆਂ ਸੋਭਾ (ਲੁਭਾਇਮਾਨ) ਮੋਹਤ ਹੋਕੇ ਮੋਹੀਆਂ ਜਾਂਦੀਆਂ ਹਨ॥

ਕੋਟਿ ਬ੍ਰਹਮੰਡ ਕੇ *ਨਾਇਕ ਕੀ †ਨਾਇਕਾ ਭਈ

ਤਿਲਕੈ ਤਿਲਕ ਸ੍ਰਬ ਨਾਇਕਾ ਮਿਟਾਈ ਹੈ॥੨੦੪।

ਨਾਇਕ ਪਤੀ, ਨਾਇਕਾ ਇਸਤ੍ਰੀ, ਤਿਲਕ ਮਥੇ ਦਾ ਟਿਕਾ। ਸਿਰੋਮਣੀ ਕੋਟ ਬ੍ਰਹਮੰਡ ਕੇ ਠਾਕਰ ਸੁਆਮੀ ਸਰਬ ਜੀਆਂ ਕਾ ਦਾਤਾ ਹੈ॥

ਜਦ ਪਤੀ ਨੇ ਬਹੁਤ ਕਿਰਪਾ ਕੀਤੀ ਤਾਂ ਕ੍ਰੋੜਾਂ ਹੀ ਬ੍ਰਹਮੰਡਾਂ ਦਾ ਜੋ ਪਤੀ ਮੇਰਾ ਪਤੀ ਮਾਲਕ ਹੈ ਉਸ ਸੁਆਮੀ ਦੀ ਮੈਂ ਸੁਆਮਣਿ ਬਣ ਗਈ ਪਰ ਮੈਂ ਇਉਂ ਜਾਣ ਲਿਆ ਕਿ ਜਦ ਪਤੀ ਨੇ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਮੈਂ ਸਾਰੀਆਂ ਇਸਤ੍ਰੀਆਂ ਵਿਚੋਂ ਸਿਰੋਮਣੀ ਪਟਰਾਣੀ ਬਣ ਗਈ।

ਹੋਰ ਸਾਰੀਆਂ ਇਸਤ੍ਰੀਆਂ ਪਤੀ ਨੇ ਦੂਰ ਕਰ ਦਿਤੀਆਂ ਅਤੇ ਮੈਨੂੰ ਹੀ ਪਟ ਰਾਣੀ ਬਣਾ ਦਿਤਾ ਤਾਂ ਤੇ ਮੈਨੂੰ ਬਹੁਤ ਅਨੰਦ ਹੋਇਆ ਭਾਵ ਮੇਰੇ ਉਪਰ ਗੁਰਾਂ ਨੇ ਬਹੁਤ ਕਿਰਪਾ ਦ੍ਰਿਸ਼ਟੀ ਕਰੀ ਅਤੇ ਮੈਨੂੰ ਸਾਰੇ ਸਿਖਾਂ ਵਿਚੋਂ ਮੁਖੀ ਸਿਖ ਸਮਝਕੇ ਬੁਲਾਇਆ ਅਰ ਪੀੜਿਆਂ ਦੇ ਦਰਸ਼ਨ ਵਾਸਤੇ ਬਾਹਰ ਨੂੰ ਘੱਲਿਆ॥ ਹੁਣ ਆਪ ਭਾਈ ਜੀ ਆਗਤਪਤਿਕਾ ਨਾਇਕਾ ਬਣਕਰ ਹੋਕਰ ਵਰਨਨ ਕਰਦੇ ਹਨ ਅਤੇ ਨਾਲ ਹੀ ਸੁਪਨ ਦਰਸ਼ਨ ਦਾ ਲੱਛਣ ਦਸਦੇ ਹਨ

ਸ਼ੰਕਾ—ਸੁਪਨ ਦਰਸ਼ਨ ਕੀ ਹੁੰਦਾ ਹੈ

ਉੱਤਰ—ਜੋ ਸੁਪਨੇ ਵਿਚ ਪਤੀ ਪ੍ਰਮੇਸ਼ਰ ਦਾ ਦਰਸ਼ਨ ਹੋਵੇ॥

---

*ਦੋਹਰਾ॥ ਦਾਤਾ ਸੁੰਦਰ ਦਰਬ ਜੁਤ ਪ੍ਰੀਤੀ ਸੁਸ਼ੀਲ ਕੁਲੀਨ॥

ਜੁਵਾ ਪ੍ਰਤਾਪੀ ਚਤਰ ਵਰ ਹੈ ਨਾਇਕ ਪਰਬੀਨ॥ ਸਭਾ ਪ੍ਰਕਾਸ਼॥

†ਨਾਇਕਾ ਲ੍ਰ ਦੋ॥ ਰਸ ਸਿੰਗਾਰ ਕੋ ਭਾਵ ਉਰ ਉਪਜਤ ਜਾਹਿ ਨਿਹਾਰ॥ [illegible] ਆਸ॥ ਮੀਠੀ ਆਗਿਆ॥ ਨਾ ਮੈਂ ਕੁਲ ਨਾ ਸੋਭਾਵੰਤ। [illegible] ਕਿਉ ਭਾਨੀ ਕੰਤ। ਮੋਹਿ ਮਨਾ ਬਗਰੀਬ ਨਿਮਾਣੀ। ਕੰਤ ਪੱਕਰ ਦਿਪਾਸ ਸੋਂ ਨੌ ਰਾਣੀ

ਸ਼ੰਕਾ—ਸ੍ਵੈ ਦਰਸ਼ਨ ਕਿੰਨੇ ਤਰ੍ਹਾਂ ਦੇ ਹਨ।

ਉੱਤਰ—ਚਾਰ ਤਰ੍ਹਾਂ ਦੇ (ਟੀਕਾ)—ਚੇਹਰੇ ਦੇਖਣੇ ॥

ਉੱਤਰ—੧ (ਸ੍ਰਵਨ) ਜੋ ਪਤੀ ਦਾ ਜਸ ਆਦਿਕ ਸੁਣਨਾ ॥

੨ (ਚਿਤ੍ਰ) ਕੰਧ ਉਪਰ ਚਿਤ੍ਰਕਾਰੀ ਕਰੀ ਹੋਈ ਮੂਰਤ ਤਸਵੀਰ ਆਦਿਕ ਨੂੰ ਵੇਖਕੇ ਨਿਹਾਲ ਹੋ ਜਾਣਾ

੩ ਸੁਪਨ ਦਰਸ਼ਨ ॥

ਜਾਗਤ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗ ॥ (ਬਿਲਾਵਲ ਗੁਰੂ ੫)

੪ ਪ੍ਰਤੱਖ ਦਰਸ਼ਨ—ਜੋ ਪ੍ਰਗਟ ਹੀ ਪ੍ਰਮਾਤਮਾ ਦਾ ਦਰਸ਼ਨ ਹੋ ਜਾਣਾ (ਸੂਹੀ ਰਾਗ ਵਿਚ ੫ ਗੁਰੂ ਜੀ) ਉਮਕਿਓ ਹੀਉ ਮਿਲਣ। ਸੇਈ ਰੁਤ ਸੁਹਾਵੜੀ ਜਿਤੁ ਸਹੁ ਮਨਿ ਆਇਆ (ਵਡਹੰਸ ਗੁਰੂ ੧) ਇਤ ਆਦਿਕ ਸ਼ਬਦਾਂ ਵਿਚ ਨਾਇਕਾ ਅਤੇ ਦਰਸ਼ਨ ਪ੍ਰਗਟ ਹਨ ॥

ਕਬ [illegible] ਹੈ ਘਰ ਲਾਗੋ ਰੰਗ (ਬਸੰਤ ਰਾਮਾਨੰਦ ਜੀ)

ਸ਼ੰਕਾ—ਆਗਤ ਪਤਿਕਾ ਨਾਇਕਾ ਕਿਨੂੰ ਆਖਦੇ ਹੈਂ ॥

ਉੱਤਰ—ਜਿਸਦਾ ਪਤੀ ਪ੍ਰਮੇਸ਼ਰ ਪ੍ਰਦੇਸ਼ (ਪ੍ਰਦੇਸ ਭਾਵ ਮਉਦੇ ਚਲੇ ਆਇਆ) ਤੋਂ ਆਵੇ ਅਤੇ ਓਹ ਆਂਵਦੇ ਦਾ ਅਨੰਦ ਮਨਾਵੇ।

ਪ੍ਰੇਮਾ ॥ ਕਬਿਤ ॥

ਆਜ ਦਿਨ ਕਾਨ ਆਗਮਨ ਕੇ ਬਧਾਇ ਸੁਨ ਗਾਇ ਮੰਗ ਭੂਖਨ ਸੁਹਾਇ ਚਲ ਚਲ ਕੇ। ਕਹੈ ਪਦਮਾਕਰ ਤਯੋਂ ਆਰਤੀ ਉਤਾਰਨੇ ਕੋ ਥਾਰਨ ਮੇਂ ਦੀਪ ਹੀਰਾ ਹਾਰਨ ਕੇ ਛਲਕੇ। ਕੰਚਨ ਕੇ ਕਲਸ ਭਰਾਇ ਭੂਰ ਪੰਨਨ ਕੇ ਤਾਕੇ ਤੁੰਗ ਤੋਰਨ ਤਹਾਂ ਹੀ ਝਲਾ ਝਲਕੇ। ਪੌਰ ਕੇ ਦੁਆਰ ਤੇ [illegible] ਮੰਦਰ ਲੌ ਮਖਮਲ ਪਾਵੜੇ ਪਸਾਰੇ ਮਖ ਮਲਕੇ ॥

*ਸੁਪਨ ਚਰਿਤ੍ਰ ਚਿਤ੍ਰ ਬਾਨਕ ਬਚਿਤ੍ਰ ਬਨੇ ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈਂ।

ਪਤੀ ਪਰਮਾਤਮਾ ਸੁਪਨੇ ਦੇ ਤਮਾਸ਼ੇ ਵਿਚ ਚਿਤ੍ਰਕਾਰੀ ਕੀਤੇ ਹੋਏ (ਜੀਕਰ ਕੰਧ ਉਪਰ ਤਸਵੀਰ ਚਿਤ੍ਰੀ ਹੁੰਦੀ ਹੈ) ਜੀਕਰ ਹੀ (ਬਾਨੇ) ਪਹਰਾਵੇ ਦੀ

---

*ਸੁਪਨ ਦਰਸ਼ਨ ਜੇਕਰ ਹਾਲੀ ਜ਼ਰਾਂ ਵੇਖਣਾ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਸਮ ਚਰਿਤ੍ਰ ੨੪੭ ਵਿਚੋਂ ਵੇਖ ਸਕਦੇ ਹੋ ॥

ਦੋਹਰਾ ॥ ਸੋਵਤ ਸੁਤਾ ਸੁਪਨ ਮੌ ਪਾਯੋ। ਕਾਨਕ ਮੈਨ ਰੂਪ ਧਰ ਆਯੋ।

ਦੋਹਰਾ ॥ ਚਮਕ ਪਰੀ ਅਬਲਾ ਤਬੈ ਪ੍ਰੀਤ ਪੀਯ ਕੇ ਸੰਗ।

ਪੁਲਕਿ ਪਸੀਜਤ ਤਨ ਤਜੈ ਬਿਰਹ ਬਿਕਲ ਸਭ ਅੰਗ ॥

ਸੂਹੀ ਗੁਰੂ ੫ ॥ [illegible] ਸਾਜਨ ਆਏ ॥

ਅਨਾਥਨ ਨਾਥ ਗੁਰੂ ਤੁਹਾਂ ਦੀ ਬਣੇ ਹੋਏ ਅਤੇ ਅਪ੍ਰਾਪਤ ਵਸਤਾਂ ਦੇ ਪਰਮਾਤਮ ਮਨ ਨੂੰ ਪਵਿਤ੍ਰ ਕਰਨ ਵਾਲੇ ਮੇਰੇ ਪਯਾਰੇ ਮੇਰੇ ਘਰ ਵਿਚ ਆਏ ਹਨ ॥

ਭਾਵ—ਸੁਪਨੇ ਵਿਚ ਮੈਨੂੰ ਪ੍ਰਮਾਤਮਾ ਦਾ ਦਰਸ਼ਨ ਹੋਇਆ ਹੈ ॥

ਸਖੀ—ਅੜੀ ਤੈਨੂੰ ਕੀ ਆਨੰਦ ਆਯਾ ॥

ਨਾਇਕਾ—ਮੇਰੇ ਪਤੀ ਨੇ ਮੇਰੇ ਨਾਲ ਇਹ ਬਚਨ ਕੀਤੇ ਅਤੇ ਮੈਨੂੰ ਮੁਹਰਲੀ ਪੰਗਤੀ ਵਾਲਾ ਅਨੰਦ ਆਯਾ ॥

ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ
ਬਚਨ ਰਸਾਲ ਮਧੁ ਮਧੁਰ ਪੀਆਏ ਹੈਂ ।

(ਲੋਚਨ) ਨੇਤ੍ਰ (ਮਧੁ) ਅੰਮ੍ਰਿਤ, ਸ਼ਹਦ (ਮਧੁਰ) ਮਿਠੇ ਬੜੇ ਰੰਗ ਵਾਲੇ ਪਤੀ ਮੇਰੇ ਦੇ ਜੋ ਨੇਤ੍ਰ ਚੌੜੇ ਕਮਲ ਦੇ ਪਤਿਆਂ ਵਾਂਗਰ ਨੇ ਉਨ੍ਹਾਂ ਨਾਲ ਮੇਰੇ ਵਲ ਵੇਖਿਆ ਅਤੇ ਮੂੰਹੋਂ ਸੁੰਦ੍ਰ ਬਚਨ ਮਿਠੇ ਮਿਠੇ ਸ਼ਹਿਤ ਵਾਂਗਰ ਕਹਿ ਕੇ ਮੈਨੂੰ ਪੀਆਏ ਕਿਆ ਆਖੇ ਭਾਵ ਚੰਗੀ ਨੇਤ੍ਰਾਂ ਨਾਲ ਕਿਰਪਾ ਦ੍ਰਿਸ਼ਟੀ ਕਰੀ ਅਤੇ ਮੁਖੋਂ ਚੰਗੀਆਂ ਗਲਾਂ ਕੀਤੀਆਂ ।

(ਮਾਰੂ ਕਬੀਰ ਜੀ)

ਤੁਮਰੋ ਦੂਧ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ ।

ਸੋਭਤ ਸੇਜਾਸਨ ਬਿਲਾਸਨ ਦੈ ਅੰਕਮਾਲ
ਪ੍ਰੇਮ ਰਸ ਬਿਸਮ ਹ੍ਵੈ ਸਹਿਜ ਸਮਾਏ ਹੈਂ ।

(ਅੰਕਮਾਲ) ਹਿਰਦੇ ਦੀ ਮਾਲਾ ਛਾਤੀ ਮੇਰੀ ਅੰਤਹਕਰਣ ਰੂਪੀ ਸੇਜਾ ਉਤੇ ਆਸਨ ਵਿਛਾਏ ਸੋਭੇ ਹੈਨ ਅਤੇ (ਛਾਤੀ) ਹਿਰਦੇ ਨੂੰ ਅਨੰਦ ਦਿਤਾ ਹੈ ਪ੍ਰੇਮ ਰਸ ਵਿਚ ਅਨੰਦ ਹੋਕੇ ਮੈਂ ਅਦਭੁਤ ਹੋ ਗਈ ਹਾਂ ਅਤੇ ਸਹਜੇ ਹੀ ਪਤੀ ਦੇ ਨਾਲ ਸਮਾ ਗਈ ॥

ਆਸਾ ਗੁਰੂ ੫ ॥ "ਹਮ ਓਇ ਮਿਲਿ ਹੋਈ ਇਕ ਰੰਗਾ"

ਸੂਹੀ ਗੁਰੂ ੫ ॥ ਸੁਖੀ ਤਪਤਿ ਘਰਹਿ ਪਿਰ ਪਾਇਆ ॥

ਪੁਨਹ—ਗਉੜੀ ਗੁਰੂ ੫ ॥ ਸਾਧ ਸੰਗਤਿ ਮੇਰੀ ਜਲਨਿ ਬੁਝਾਈ ।

ਸੂਹੀ ਗੁਰੂ ੫ ॥ ਏਕਾ ਸੇਜ ਵਿਛੀ ਧਨ ਕੰਤਾ ।

ਵਡਹੰਸ ਗੁਰੂ ੪ ॥ ਸੇਜ ਏਕ ਏਕੋ ਪ੍ਰਭੁ ਠਾਕੁਰੁ ॥

ਚਾਤ੍ਰਿਕ ਸ਼ਬਦ ਸੁਨ ਅਖੀਆਂ ਉਘਰ ਗਈ
ਭਈ ਜਲ ਮੀਨ ਗਤਿ ਬਿਰਹ ਜਗਾਏ ਹੈਂ ॥ ੨੦੫ ॥

(ਮੀਨ) ਮੱਛੀ । ਸੁਪਨ ਦਰਸਨ ਨਾਥ ਉਪਰ ਕਥਨ ਕੀਤਾ ਹੈ ਪ੍ਰਿਸਨ

ਅਨੰਦ ਇਸਤ੍ਰੀ ਨੂੰ ਹ ਇਹ ਸੀ ਉਸੀ ਵੇਲੇ ਪਪੀਹੇ ਆਦਿਕ ਜੋ ਅਨੰਦ ਦਾਇਕ ਉਦ੍ਵੀਪਨ ਸੀ ਓਹ ਬੋਲ ਉਠੇ (ਭਾਵਕ ਨਵ ਦਾਰਦ ਵੇਧਕ ਭਯੋ ਹਰਿ ਮੋਰਨ ਸੋਰ ਬਰਨੋ ਧਨ ਰਾਮ) ਇਤਨਾਦਿਕ ਉਦ੍ਵੀਪਨ ਪੰਛੀ ਜਦ ਬੋਲ ਉਠੇ ਤਾਂ ਇਨ੍ਹਾਂ ਦੀ ਅਵਾਜ਼ ਸੁਣਕੇ ਮੇਰੇ ਨੇਤ੍ਰਾਂ ਦੀਆਂ ਪਲਕਾਂ ਉਘੜ ਗਈਆਂ ॥

ਭਾਵ—ਮੈਂ ਜਾਗ ਉਠੀ ਹੁਣ ਓਹ ਵਿਛੋੜੇ ਦਾ ਦੁਖ ਭੀ ਨਾਲ ਹੀ ਜਾਗ ਉਠਿਆ, ਮੈਂ ਉਸਨੂੰ ਬਥੇਰਾ ਸੁਵਾ ਰਹੀ ਪਰ ਓਹ ਪ੍ਰੇਮ ਨਾ ਸੁਤਾ ਹੁਣ ਮੈਂ ਅਜੇਹੀ ਤੜਫਦੀ ਹਾਂ ਜੇਹੀ ਕੁ ਪਾਣੀ ਤੋਂ ਬਿਨਾਂ ਮੱਛੀ ਭੀ ਗਰਕ ਹੁੰਦੀ ਹੈ। ਭਾਵ—ਮੈਨੂੰ ਹੁਣ ਬਹੁਤ ਦੁਖ ਹੋ ਗਿਆ ਹੈ ਕਿਉਂਕਿ ਪਤੀ ਪ੍ਰਮੇਸਰ ਪ੍ਰਤੱਖ ਹੋਕੇ ਅਲੋਪ ਹੋ ਗਿਆ ਹੈ ॥ ੨੦੫ ॥

ਹੁਣ ਜੇਹੜੀ ਨਾਇਕਾ ਪਤੀ ਪ੍ਰਮਾਤਮਾ ਨੂੰ ਚੰਗੀ ਲਗ ਗਈ ਹੈ ਅਤੇ ਉਸ ਨੂੰ ਜੋ ਅਨੰਦ ਹੋਯਾ ਹੈ ਉਸ ਅਨੰਦ ਦਾ ਅਨੰਦ ਹੋਰ ਨਾਇਕਾ (ਸਖੀਆਂ) ਚੁਪ ਪੁਛਦੀਆਂ ਹਨ ਅਤੇ ਓਹ ਅਗੋਂ ਆਖਦੀ ਹੈ

ਦੇਖਬੇ ਕੌ ਦ੍ਰਿਸ਼ਟਿ ਨ ਦਰਸ ਦਿਖਾਇਬੇ ਕੌ
ਕੈਸੇ ਪ੍ਰਿਯਾ ਦ੍ਰਸ਼ਨ ਕੌ ਦੇਖੀਐ ਦਿਖਾਈਐ।

ਜੇਹਾ ਕੁ ਮੈਨੂੰ ਪਤੀ ਪ੍ਰਮਾਤਮਾ ਦੇ ਦਰਸ਼ਨ ਦਾ ਅਨੰਦ ਹੋਯਾ ਹੈ ਓਹ ਹੁਣ ਮੈਂ ਨਾ ਆਪ ਵੇਖ ਸਕਦੀ ਹਾਂ (ਕਿਉਂਕਿ ਮੈਨੂੰ ਸੁਪਨੇ ਵਿਚ ਦਰਸ਼ਨ ਦੇਕੇ ਅਲੋਪ ਹੋ ਗਿਆ ਹੈ) ਅਤੇ ਨਾ ਮੈਂ ਤੁਹਾਨੂੰ ਵਿਖਾ ਸਕਦੀ ਹਾਂ ।

(ਭੀਖਨ ਜੀ ਸੋਰਠ)

ਹਰਿ ਗੁਨ ਕਹਿਤੇ ਕਹਨੁ ਨ ਜਾਈ । ਜੈਸੇ ਗੂੰਗੇ ਕੀ ਮਿਠਿਆਈ ।

ਸਖੀਆਂ—ਅਨੀ ਤੂੰ ਕੁਝ ਉਸਦੀ ਮਹਿਮਾ ਦੇ ਗੁਣ ਹੀ ਕਥਨ ਕਰ ਦੇ
ਨਾਇਕਾ—

ਕਹਿਬੇ ਕੌ ਸੁਰਤਿ ਹੈ ਨ ਸ੍ਰਵਨ ਸੁਨਿਬੇ ਕੌ
ਕੈਸੇ ਗੁਨ ਨਿਧ ਗੁਨ ਸੁਨੀਐ ਸੁਨਾਈਐ॥

(ਸ੍ਰਵਨ) ਕੰਨ। ਕਹਣ ਨੂੰ ਗਿਆਤ ਨਹੀਂ ਹੈ ਅਤੇ ਕੰਨ ਸੁਣ ਨਹੀਂ ਸਕਦੇ ਸੋ ਕਿ ਸਖੀਆਂ ਪਤੀ ਪ੍ਰਮਾਤਮਾ ਦੇ ਮੈਂ ਗੁਣ ਤੁਹਾਨੂੰ ਸੁਣਾਵਾਂ ਪਹਲੇ ਮੈਨੂੰ ਹੀ ਨਹੀਂ ਆਪ ਸੁਝੀ ਹੈ ॥

ਸਖੀਆਂ—ਜੋ ਕੁਝ ਤੈਨੂੰ ਸਿਖਿਆ ਉਸਨੇ ਦਿਤੀ ਸੀ ਓਹੋ ਹੀ ਤੂੰ ਸਾਨੂੰ ਸੁਣਾ ਦੇ॥ ਨਾਇਕਾ—

ਮਨ ਮੈ ਨ ਗੁਰਮਤਿ, ਗੁਰਮਤਿ ਮੈ ਨ ਮਨ

ਨਿਹਚਲ ਹੈ ਨ ਉਨ ਮਨ ਲਿਵ ਲਾਈਐ ।

ਮਨ ਵਿਚ ਪਤੀ ਦੀ ਸਿੱਖਿਆ ਯਾਦ ਨਹੀਂ ਹੈ ਅਤੇ ਉਹ ਜੇਹੜੀ ਸਿੱਖਿਆ ਪ੍ਰਮਾਤਮਾ ਨੇ ਦਿਤੀ ਹੈ ਉਸਦੇ ਵਿਚ ਮਨ ਨਹੀਂ ਹੈ ਅਤੇ ਮਨ ਦੀ ਟਿਕਾਵਟ ਨਹੀਂ ਹੈ ਕਿ ਮੈਂ ਜਿਵੇਂ ਤੁਹਾਨੂੰ ਉਸ ਅਨੰਦ ਵਾਲੇ ਘਰ ਵਿਚ ਜੋ ਪਤੀ ਨੇ ਅਨੰਦ ਕੀਤਾ ਸੀ ਉਸ ਵਿਚ ਬ੍ਰਿਤੀ ਲਾਇ ਦਸਾਂ ॥

ਅੰਗ ਅੰਗ ਤੰਗ ਰੰਗ ਰੂਪ ਕੁਲ ਹੀਨ ਦੀਨ
ਕੈਸੇ ਬਹੁ ਨਾਇਕ ਦੀ ਨਾਇਕਾ ਕਹਾਈਐ ॥ ੨੦੯॥

ਸਰੀਰ ਦਾ ਅੰਗ ਅੰਗ ਮੇਰਾ ਟੁਟ ਰਹਿਆ ਹੈ ਅਤੇ ਰੰਗ ਪੀਲਾ ਹੋਗਿਆ ਹੈ ਰੂਪ ਵੀ ਚੰਗਾ ਨਹੀਂ ਰਹਿਆ ਅਤੇ ਕੁਲ ਦੀ ਵੀ ਨਿਮਾਣੀ ਹਾਂ ਅਤੇ ਗਰੀਬਣੀ ਹਾਂ ਇਤਿਆਦਕ ਔਗਣ ਮੇਰੇ ਵਿਚ ਹੈਨ ਅਤੇ ਮੇਰੇ ਨਾਲੋਂ ਚੰਗੀਆਂ ਚੰਗੀਆਂ ਸਖੀਆਂ ਪਤੀ ਪ੍ਰਮਾਤਮਾ ਦੇ ਪਾਸ ਹਾਜ਼ਰ ਰਹ ਰਹੀਆਂ ਹਨ ਅਤੇ ਮੈਂ ਅਜੇਹੇ ਪ੍ਰਮਾਤਮਾ ਦੀ (ਜੋ ਬਹੁਤੀਆਂ ਇਸਤ੍ਰੀਆਂ ਦਾ ਮਾਲਕ ਹੈ) ਕਿਸ ਤਰਾਂ ਇਸਤ੍ਰੀ ਕਹਾਵਾਂ ॥ (ਸੂਹੀ ਗੁਰੂ ੧)

ਸਭਿ ਅਵਗੁਣ ਮੈ ਗੁਣੁ ਨਹੀਂ ਕੋਈ । ਕਿਉ ਕਰਿ ਕੰਤ ਮਿਲਾਵਾ ਹੋਈ ।
ਨਾ ਮੈ ਰੂਪੁ ਨ ਬੰਕੇ ਨੈਣਾ । ਨਾ ਕੁਲ ਢੰਗੁ ਨ ਮੀਠੇ ਬੈਣਾ । ਪੁਨਾ-
ਪੇਵਕੜੈ ਧਨ ਖਰੀ ਇਆਣੀ॥ਤਿਸ ਸਹ ਕੀ ਮੈ ਸਾਰ ਨ ਜਾਣੀ। (ਆਸਾ ਗੁਰੂ ੧)
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥(ਸੂਹੀ ਗੁਰੂ ੧)
ਤੈ ਸਾਹਿਬ ਕੀ ਮੈ ਸਾਰ ਨ ਜਾਨੀ । ਜੋਬਨੁ ਖੋਇ ਪਾਛੈ ਪਛੁਤਾਨੀ॥ (ਸੂਹੀ [illegible])
ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ।
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ।(ਸੂਹੀ ਗੁਰੂ ੧)

ਅਜੇਹਾ ਹੀ ਭਾਈ ਜੀ ਆਖਦੇ ਹਨ ਕਿ ਜਿਸ ਗੁਰੂ ਜੀ ਪਾਸ ਬਹੁਤੇ ਸਿਖ ਮੇਰੇ ਨਾਲੋਂ ਅਛੇ ੨ ਹਨ ਉਸ ਨੂੰ ਮੈਂ ਹੁਣ ਕੇਸੇ ਚੰਗਾ ਲਗਾਂ ਕਿਉਂਕਿ ਮੇਰੇ ਪਾਸੋਂ ਬਹੁਤ ਅਵਗਿਆ ਹੋਗਈ ਹੈ ਹੁਣ ਤਾਂ ਆਪ ਹੀ ਕਿਰਪਾ ਕਰਕੇ ਬਖਸ਼ ਲੈਣ ਤਾਂ ਖਬਰੇ ਮੈਂ ਫਿਰ ਵੈਸੇ ਹੋ ਜਾਵਾਂ ॥ ੨੦੯॥

ਹੁਣ ਭਾਈ ਜੀ ਆਪ ਬ੍ਰਹਣੀ ਨਾਇਕਾ ਵਤ ਹੋਕਰ ਪ੍ਰੇਮ ਪ੍ਰਗਟ ਕਰਦੇ ਹਨ ਬ੍ਰਹਣੀ ਨਾਇਕਾ ਵੀ ਪ੍ਰੋਖਤ ਪਤਿਕਾ ਨਾਇਕਾ ਵਾਕਰ ਤਿੰਨ ਤਰਾਂ ਦੀ ਹੁੰਦੀ ਹੈ ।

੧ ਜਿਸ ਦਾ ਪਤੀ ਪ੍ਰਦੇਸ ਨੂੰ ਤਿਆਰ ਹੈ "ਵਰਤਮਾਨ"
੨ ਜਿਸ ਦਾ ਪਤੀ ਪ੍ਰਦੇਸ ਨੂੰ ਜਾਵੇਗਾ "ਭਵਿਖਤ"
੩ ਜਿਸ ਦਾ ਪਤੀ ਪ੍ਰਦੇਸ ਨੂੰ ਗਿਆ ਹੋਇਆ ਹੈ "ਭੂਤ"

ਜੇਹਾ ਕੁ ਲਛਣ [illegible] ਕਵੀ ਦੇ ਗ੍ਰੰਥ [illegible] ਦੇਖੋ।

ਕੇਸ ਹੀ ਸੇ ਲਿਖ ਉਠਿ ਪੇਮ ਹੀ ਕੇ ਅਭਿਮਾਨ, ਜਾਨ ਮੈਂ [illegible] ਹੈ [illegible] ਜਾਹੇ ਰਹਿਓ। ਝੂਠੂ ਮਨ ਸੋਹਨ ਮਹਾਰਾਜ ਨ ਮਾਨੈ ਹਾਰ, ਕਹੀ, [illegible] ਮੇਲ ਕਹੈ ਮੀਠੀ ਖਾਂਡਿਓ। ਵਡੀ ਨਿਰਦਈ ਅਬ ਐਸੀ ਕਰੀ, ਮੋਹਨ [illegible] ਐਸੇ ਮਾਨਸਨ ਕੈ ਸੰਦੇਸ ਹੂੰ ਨ ਪਠਿਓ। ਕਹਾਂ ਕਹੋਂ ਮੇਰੀ ਮਾਈ [illegible] ਜਾਤ ਤੇਊ ਜਗਤ ਉਠਤ ਅਬ ਕਜਰ ਕੀ ਛੰਡਿਓ ॥

ਬਾਰਾਂ ਮਾਹ ਤੁਖਾਰੀ ਗੁਰੂ ੧ ॥

ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ।
"ਵਿਚ" ਏਵੇਂ ਹੀ ॥ ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ।
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥ ੯ ॥

ਬਿਰਹ ਬਿਯੋਗ ਰੋਗ ਦੁਖਤ ਹ੍ਵੈ ਬਿਰਹਨੀ
ਕਹਿਤ ਸੰਦੇਸ ਪੰਥਕਨ ਪੈ ਉਸਾਸ ਤੇ।

ਪਤੀ ਦੇ ਵਿਛੋੜੇ ਦੇ ਪ੍ਰੇਮ ਰੂਪ ਰੋਗ ਵਿਚ ਇਸਤ੍ਰੀ ਗ੍ਰਸੀ ਹੋਈ ਹੈ ਅਤੇ ਦੁਖੀ ਹੋ ਰਹੀ ਹੈ ਅਤੇ ਉਡੇ ਸਾਹ ਭਰਦੀ ਸਨੇਹੇ ਰਾਹੀਆਂ ਪਾਸ ਆਖਦੀ ਹੈ ਤੁਸਾਂ ਉਤੇ ਹੋਕੇ ਭਰਕੇ ਰਾਹੀਆਂ ਨੂੰ ਸਨੇਹੇ ਦਿੰਦੀ ਹੈ ॥

ਭਾਵ—ਜਗਿਆਸੂ ਪ੍ਰਮਾਤਮਾ ਦੇ ਵਿਛੋੜੇ ਦੇ ਰੋਗ ਕਰਕੇ ਬੜਾ ਦੁਖੀ ਹੋ ਰਿਹਾ ਹੈ ਅਤੇ ਜਿਹੜੇ ਪ੍ਰਮਾਤਮਾਂ ਵਲ (ਸਾਧਨ ਕਰਕੇ) ਪੂਰੇ ਗਰਾਂ ਜਾਂਦੇ ਹਨ ਉਹਨਾਂ ਨੂੰ ਆਪਣੇ ਦਿਲ ਦੇ ਉਬਾਲੇ ਦਸਦਾ ਹੈ ॥

ਗੁਰੂ ੧੦—ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ। ਤੁਧ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ। ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ। ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ।

ਮਾਰੂ ਗੁਰੂ ੧—ਸਾਜਨ ਤੇਰੇ ਚਰਨ ਕੀ ਹੋਇ ਰਹਾਂ ਸਦ ਧੂਰਿ ॥
ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥

ਦੇਖੋ ਹੌਂ ਤ੍ਰਿਗਦ ਜੋਨਿ ਪ੍ਰੇਮ ਕੈ ਪਰੇਵਾ (ਕੂਰ)
ਪਰ ਕਰ ਨਾਰਿ ਦੇਖ ਛੂਟਤ ਅਕਾਸ ਤੇ।

(ਪਰੇਵਾ) ਕਬੂਤਰ, ਪੰਛੀ (ਕੂਰ) ਪੰਖਾਂ ਨਾਲ) ਇਸਤ੍ਰੀ ਭੇਰੀ ਦੇ ਵਾਸਤੇ ਅਤੇ

ਪਤੀ ਨੂੰ ਆਖ ਦੇਣਾ ਕਿ ਜੋਹੜੀਆਂ ਹੰਸਣੀਆਂ ਕੂੰਜੀਆਂ ਸਰਪ ਆਦਿਕ ਨੇ ਅਤੇ ਹੋਰ ਅਕਾਸ਼ ਵਿਚ ਉਡਨ ਵਾਲੇ ਪੰਛੀ ਓਹ ਆਪਣੀਆਂ ਇਸਤ੍ਰੀਆਂ ਪਾਸ ਪ੍ਰੇਮ ਕਰਕੇ ਅਕਾਸ਼ੋਂ ਉਤਰ ਆਉਂਦੇ ਹਨ ਅਤੇ ਅੰਤ ਓਹਨਾਂ ਦੇ ਛਲ ਬਲ ਕਰਕੇ ਫੁਟਦੇ ਹਨ ਪਰ ਦੁਖ ਨਹੀਂ ਮੰਨਦੇ ॥ ਭਾਵ ਸੈਂਕੜੇ ਕੋਹਾਂ ਤੋਂ ਰੋਜ ਉਡਕੇ ਉਡਕੇ ਆਉਂਦੇ ਹਨ ਪਰ ਆਪਣੀਆਂ ਇਸਤ੍ਰੀਆਂ ਨੂੰ ਰਾਤ ਅਕੇਲੀਆਂ ਨਹੀਂ ਛਡਦੇ ਅਥਵਾ ਖੰਭਾਂ ਨਾਲ ਸੈਂਕੜੇ ਕੋਹਾਂ ਤੋਂ ਉਡਕੇ ਆਉਂਦੇ ਹਨ ॥ ਅਤੇ ਤੁਸੀ ਹੁਣ ਮੈਨੂੰ ਭੁਲਾ ਬੈਠੇ ਹੋ ਹੁਣ ਮੇਰਾ ਹਾਲ ਕੀ ਹੋਵੇਗਾ ॥

ਤੁਮ ਤੋ ਚਤੁਰਦਸ ਵਿਦ੍ਯਾ ਕੇ ਨਿਧਾਨ ਪ੍ਰਿਯਾ
ਤ੍ਰਿਆ ਨਾ ਛੁਡਾਵੋ (ਹਾਇ) ਬ੍ਰਿਹਾਂ ਰਿਪੁ ਤ੍ਰਾਸ ਤੇ ।

ਹੇ ਰਾਹੀਓ ਐਉਂ ਮੇਰੇ ਪਤੀ ਨੂੰ ਕਹਣਾ। ਕਿ ਤੁਸੀਂ ਤਾਂ ਚੌਦਾਂ ਵਿਦਿਆ ਦੇ ਭੰਡਾਰ ਹੋ ॥ ਦੋਹਰਾ ਛੰਦ ॥

ਚੌਦਸ ਵਿਦਿਆ ਨਾਮ ਕਹਤ ਹੌਂ ਚਤੁਰ ਬੇਦ ਪੁਨ ਅਵਰ ਨਿਆਇ ।
ਧਰਮ ਤੰਤ੍ਰ ਜੋਤਸ਼ ਪੁਨ ਕਹੀਐ ਬ੍ਯਾਕਰਣ ਅਸ਼ਟ ਦਰਸਾਇ ।
ਸਿਖਯਾ ਕਲਪ ਨਿਰੁਕਤ ਬਖਾਨੋ ਪਿੰਗਲ ਕੋਵਿਦ ਕਹੈ ਬਨਾਇ ।
ਔਰ ਪੁਰਾਨ ਮੀਮਾਂਸਾ ਕਹੀਐ ਚੌਦਸ ਵਿਦਿਆ ਦਈ ਬਤਾਇ ।

ਹੇ ਪਤੀ ਤੇ ਆਪਣੀ ਇਸਤ੍ਰੀ ਨੂੰ ਇਸ ਵਿਛੋੜੇ ਰੂਪ ਦੁਸ਼ਮਨ ਦੇ ਡਰ ਤੋਂ ਕਿਉਂ ਨਹੀਂ ਛੁਡਾਂਵਦੇ ॥ ਭਾਵ-ਛੁਡਾ ਲਵੋ ॥

ਚਰਨ ਬਿਖਮ ਦੁਖ ਤਾਰਿਕ ਚਮਤਕਾਰ
ਹੇਰਤ ਹਿਰਾਹਿ ਰਵਿ ਦਰਸ ਪ੍ਰਗਾਸ ਤੇ ॥੨੦੭

(ਤਾਰਿਕ) ਤਾਰੇ (ਹੇਰਤ) ਵੇਖਕੇ (ਹਿਰਾਇ) ਹੈਰਾਨ, ਦੁਖ (ਰਵਿ) ਸੂਰਜ ਦੇ ਰਾਹੀਓ ਐਉਂ ਮੇਰੇ ਪਤੀ ਨੂੰ ਆਖ ਦੇਣਾ। ਕਿ ਆਪਦੇ ਚਰਨਾਂ ਤੋਂ ਬਿਮੁਖ ਹੋਣ ਕਰਕੇ ਮੈਨੂੰ ਤਾਰਿਆਂ ਦੀ ਲਿਸ਼ਕ ਦੁਖ ਦੇ ਰਹੀ ਹੈ ਭਾਵ ਰਾਤ ਨੂੰ ਤਾਰੇ ਗਿਣ ਗਿਣ ਰਾਤ ਲੰਘਦੀ ਹੈ ਅਤੇ ਸਵੇਰੇ ਸੂਰਜ ਚੜਦੇ ਵਲੋਂ ਉਗਦਾ ਵੇਖਕੇ ਹੈਰਾਨ ਹੁੰਦੀ ਹਾਂ ਭਾਵ ਕਿ ਹੁਣੇ ਹੀ ਮੇਰਾ ਪਿਆਰਾ ਪਤੀ ਮੈਨੂੰ ਆ ਮਿਲੇਗਾ ॥ ੨੦੭ ॥

ਹੁਣ ਜੋਹੜੀ ਇਸਤ੍ਰੀ ਪਤੀ ਨੂੰ ਤੇ ਜਗਤਪ੍ਰਭੂ ਪ੍ਰਮਾਤਮਾ ਨੂੰ ਤੇ ਸਿਖ ਗੁਰੂ ਨੂੰ ਚੰਗਾ ਲਗ ਗਿਆ ਹੈ ਤਿਸਤੇ ਕਥਨ ਕਰਦੇ ਹਨ

ਜੈਸੀ ਪ੍ਰਿਆ ਭਾਵੈ ਤਾਂਹਿ ਦੇਖ ਔ ਦਿਖਾਵੈ ਆਪ
ਦ੍ਰਿਸਟਿ ਦਰਸ ਮਿਲ ਸੋਭਾ ਦੇ ਸੁਹਾਵਨੀ ॥

ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਜਿਸ ਨੂੰ ਪਤੀ ਵੇਖਦਾ ਹੈ ਤੇ

ਜਿਹੜੀ ਇਸਤ੍ਰੀ ਪਤੀ ਨੂੰ ਭਾਉਂਦੀ ਹੈ ਅਤੇ ਪਤੀ ਉਸਨੂੰ ਆਪਣਾ ਆਪ ਵਿਖਾਉਂਦਾ ਹੈ ॥ ਭਾਵ—ਦੋਹਾਂ ਦਾ ਆਪਸ ਵਿਚ ਕੋਈ ਭਿੰਨ ਭੇਦ ਕੋਈ ਨਹੀਂ ਰਹਿੰਦਾ ॥ ਜਦ ਇਸਤ੍ਰੀ ਪਤੀ ਨੂੰ ਚੰਗੀ ਲਗਣ ਜਾਂਦੀ ਹੈ ਤਾਂ ਸਾਰੇ ਘਰ ਦੀ ਮਾਲਕਣ ਬਣ ਜਾਂਦੀ ਹੈ ਅਤੇ ਪਤੀ ਸਾਰੇ ਘਰ ਦਾ ਭੇਤ ਉਸਨੂੰ ਦਸ ਦੇਂਦਾ ਹੈ ਜਿਸ ਕਰਕੇ ਪਤੀ ਦੇ ਦਰਸ਼ਨ ਵਿਚ ਇਸਤ੍ਰੀ ਦੀ ਸਿਦਕ ਮਿਲ ਜਾਵੇ ਤਾਂ ਪਤੀ ਉਸਨੂੰ ਚੰਗਾ ਚੰਗਾ ਭੋਜਨ ਅਤੇ ੨ ਗਹਣੇ ਕਪੜੇ ਪਹਰਾਕੇ ਸੁਭਾਗ ਮਾਨ ਕਰਦਾ ਹੈ ॥

ਆਸਾ ਮਹਲਾ ੫ ॥ ਮੀਠੀ ਆਗਿਆ ਪਿਰ ਕੀ ਲਾਗੀ ।
ਸਉਕਨਿ ਘਰ ਕੀ ਕੰਤਿ ਤਿਆਗੀ ॥

ਜੈਸੀ ਪ੍ਰਿਆ ਭਾਵੈ ਮੁਖ ਬਚਨ ਸੁਨਾਵੈ ਤਾਂਹਿ
ਸਬਦ ਸੁਰਤਿ ਗੁਰ ਗਿਆਨ ਉਪਜਾਵਈ ॥

ਜਿਹੜੀ ਇਸਤ੍ਰੀ ਪਤੀ ਨੂੰ ਚੰਗੀ ਲਗ ਜਾਵੇ ਉਸਨੂੰ ਪਤੀ ਮਿਠੇ ਮਿਠੇ ਬਚਨ ਸੁਣਾਉਂਦਾ ਹੈ ਭਾਵ ਮਿਠੀਆਂ ੨ ਗਲਾਂ ਕਰਦਾ ਹੈ ਅਤੇ ਆਪਣੇ ਸ਼ਬਦ ਦਾ ਗਿਆਤ ਕਰੀ ਗਿਆਨ ਵਾਲੀ ਪ੍ਰਗਟ ਕਰਦਾ ਹੈ ॥

ਜੈਸੀ ਪ੍ਰਿਆ ਭਾਵੈ ਦਸ ਦਿਸ ਪ੍ਰਗਟਾਵੈ ਤਾਂਹਿ
ਸੋਈ ਸਹੁ ਨਾਇਕ ਕੀ ਨਾਇਕਾ ਕਹਾਵਈ ॥

ਜਿਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਉਸਨੂੰ ਦਸਾਂ ਦਿਸ਼ਾ ਵਲ ਪ੍ਰਗਟ ਕਰ ਦੇਂਦਾ ਹੈ ਭਾਵ ਉਸਨੂੰ ਸਾਰੇ ਸੌਹਰੇ ਪੇਕੇ ਸਰੀਕ ਆਦਿਕ ਮੰਨਣ ਲਗ ਜਾਂਦੇ ਹਨ ਅਤੇ ਉਹ ਹੀ ਇਸਤ੍ਰੀ ਬਹੁਤੀਆਂ ਇਸਤ੍ਰੀਆਂ ਵਾਲੇ ਪਤੀ ਦੀ ਮੁਖੀ ਇਸਤ੍ਰੀ ਕਹਾਉਂਦੀ ਹੈ ॥

ਜੈਸੀ ਪ੍ਰਿਆ ਭਾਵੈ ਸਿੰਘਾਸਨ ਮਿਲਾਵੈ ਤਾਂਹਿ
ਪ੍ਰੇਮ ਰਸ ਬਸ ਕਰਿ ਅਪਿਉ ਪੀਆਵਈ ॥ ੨੦੮ ॥

ਜਿਹੜੀ ਇਸਤ੍ਰੀ ਪਤੀ ਨੂੰ ਭਾ ਜਾਵੇ ਉਸਨੂੰ ਪਤੀ ਸੇਜਾ ਦੇ ਆਸਣ ਨਾਲ ਮਿਲਾ ਲੈਂਦਾ ਹੈ ਭਾਵ ਜਿਸ ਸੇਜੇ ਤੇ ਆਪ ਬੈਠਾ ਹੁੰਦਾ ਹੈ ਉਸੇ ਤੇ ਉਸਨੂੰ ਬੈਠਾ ਲੈਂਦਾ ਹੈ ਅਤੇ ਉਸਨੂੰ ਪ੍ਰੇਮ ਦੇ ਅਨੰਦ ਵਿਚ ਵਸ ਕਰ ਲੈਂਦਾ ਹੈ ਅਤੇ ਫਿਰ ਉਸਨੂੰ ਆਪਣਾ ਅਧਰਾਮ੍ਰਿਤ ਪੀਉਂਦਾ ਹੈ ॥ ਭਾਵ—ਅਨੰਦ ਦੇਂਦਾ ਹੈ । (ਬਡਹੰਸ ਮਹਲਾ ੪ ॥) ਸੇਜ ਏਕ ਏਕੋ ਪ੍ਰਭੁ ਠਾਕੁਰੁ ।

ਗੁਰਮੁਖਿ ਹਰਿ ਰਾਵੇ ਸੁਖ ਸਾਗਰੁ ।

(ਸੂਹੀ ਮਹਲਾ ੫) ਏਕਾ ਸੇਜ ਵਿਛੀ ਧਨ ਕੰਤਾ । ਪੁਨਾ

(ਆਸਾ ਮਹਲਾ ੧) ਜੈਸਾ ਸੁਆਮੀ ਸੰਗਿ ਮਿਲਕੈ ਮਾਣ ਰਸ ਅੰਮ੍ਰਿਤ ਰਹੇ ।

ਅੰਦਰ ਇਸ ਕਬਿਤ ਵਿਚ ਪ੍ਰੀਤਮ ਲਛਣ ਕੀਤਾ ਹੈ ਈਸ਼ਰ ਦੀ ਪ੍ਰਾਪਤ ਕਰਨੇ ਵਿਚ ਹੈ ॥

ਜੋਈ ਪ੍ਰਿਆ ਭਾਵੈ ਤਾਂਹਿ ਸੁੰਦਰਤਾ ਕੈ ਸੁਹਾਵੈ
ਸੋਈ ਸੁੰਦਰੀ ਕਹਾਵੈ ਛਬਿ ਕੈ ਛਬੀਲੀ ਹੈ॥

ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਓਹੋ ਹੀ ਸੁੰਦਰਤਾਈ ਕਰਕੇ ਸੋਹਣੀ ਲਗਦੀ ਹੈ ਅਤੇ ਸੋਈਓ ਹੀ ਸੁੰਦਰੀ ਕਹਾਉਂਦੀ ਹੈ ਛਬ ਕਰਕੇ ਛਬੀਲੀ ਹੋਈ ।

ਜੋਈ ਪ੍ਰਿਆ ਭਾਵੈ ਤਾਂਹਿ ਬਾਨਕ ਬਪੁ ਬਨਾਵੈ
ਸੋਈ ਬਨਿਤਾ ਕਹਾਵੈ ਰੰਗ ਮੈ ਰੰਗੀਲੀ ਹੈ ॥

ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਜਿਸਨੂੰ ਸੋਹਣੇ ਬਾਣੇ ਪਹਿਰਾਵੇ ਵਾਲੀ ਇਸਤ੍ਰੀ ਬਣਾਉਂਦਾ ਹੈ ਅਤੇ ਓਹੋ ਹੀ ਅਜੇਹੀ ਇਸਤ੍ਰੀ ਕਹਾਉਂਦੀ ਹੈ ਅਤੇ ਪਤੀ ਦੇ ਰਾਗ ਰੰਗ ਵਿਚ ਰੰਗੀ ਜਾਂਦੀ ਹੈ। ਭਾਵ ਪਤੀ ਪ੍ਰੇਮ ਉਸ ਨਾਲ ਬਹੁਤ ਕਰਦਾ ਹੈ ॥

ਜੋਈ ਪ੍ਰਿਆ ਭਾਵੈ ਤਾਂਹਿ ਸਭੈ ਕਾਮਨਾ ਪੁਜਾਵੈ
ਸੋਈ ਕਾਮਨੀ ਕਹਾਵੈ ਸੀਲ ਕੈ ਸੁਸੀਲੀ ਹੈ॥

ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਉਸਦੀਆਂ ਸਾਰੀਆਂ ਇਛਾ ਪਤੀ ਪੂਰੀਆਂ ਕਰ ਦੇਂਦਾ ਹੈ ਅਤੇ ਸੋਈਓ ਹੀ ਇਸਤ੍ਰੀ ਕਹਾਉਂਦੀ ਹੈ ਜਹੜੀ ਸੁਭਾਉ ਕਰਕੇ ਸ਼ਾਂਤੀ ਸੁਭਾਉ ਵਾਲੀ ਹੁੰਦੀ ਹੈ ।

ਜੋਈ ਪ੍ਰਿਆ ਭਾਵੈ ਤਾਂਹਿ ਪ੍ਰੇਮਰਸ ਲੈ ਪੀਆਵੈ
ਸੋਈ ਪ੍ਰੇਮਨੀ ਕਹਾਵੈ ਰਸਿਕ ਰਸੀਲੀ ਹੈ॥੨੦੮

ਜੇਹੜੀ ਇਸਤ੍ਰੀ ਪਤੀ ਨੂੰ ਚੰਗੀ ਲਗੇ ਉਸਨੂੰ ਆਪਣਾ ਅਧਰਾਮ੍ਰਿਤ ਪਿਆਉਂਦਾ ਹੈ ਵਾ ਚੰਗੇ ਚੰਗੇ ਮਿਠੇ ਮਿਠੇ ਖਾਣੇ ਖੁਆਉਂਦਾ ਹੈ, ਅਤੇ ਸੋਈਓ ਹੀ ਪ੍ਰੇਮਣ ਕਹਾਉਂਦੀ ਹੈ ਅਤੇ ਓਹੋ ਹੀ ਪਤੀ ਦੇ ਰਸ ਲੈਣ ਨੂੰ ਰਸਕਣ ਬਣ ਜਾਂਦੀ ਹੈ ਭਾਵ ਪਤੀ ਨਾਲ ਮਿਲਕੇ ਰਸ ਲੈਂਦੀ ਹੈ ਅਤੇ ਰਸ ਵਾਲੀ ਹੁੰਦੀ ਹੈ ॥੨੦੮॥

ਅੰਦਰ ਭਾਈ ਜੀ ਨੇ ਪਿਛੇ ਬਿਰਹਣੀ ਨਾਇਕਾ ਦਾ ਲਛਣ ਦਸਿਆ ਹੈ ਪ੍ਰੰਤੂ ਹੁਣ ਇਸ ਜਗਾ ਪਤਿਬ੍ਰਤਾ ਦੁਆਰਾ ਪ੍ਰੇਮ ਪ੍ਰਗਟ ਕਰਦੇ ਹਨ ॥

ਬਿਰਹ ਬਿਯੋਗ ਰੋਗ ਸੋਗ ਰੂਪ ਹ੍ਵੈ ਬਿਲਾਸ

ਟੂਕ ਟੂਕ ਭਏ ਪਾਤੀ ਲਿਖੀਐ ਬਿਦੇਸ ਤੇ।

(ਜਿਗ੍ਯਾਸ)ਕ ਗਾਦ। ਬ੍ਰਹਵੀ ਇਸਤ੍ਰੀਦਾ ਸਰੀਰ ਪਤੀ ਦੇ ਪ੍ਰੇਮ ਰੂਪ ਵਿਛੋੜੇ ਦੇ ਦੁਖ ਕਰਕੇ ਕਾਗਜ਼ ਵਰਗਾ ਚਿਟਾ ਰੰਗ ਹੋਗਿਆਹੈ ਭਾਵ ਵਿਛੋੜੇ ਕਰਕੇ ਚਿਟਾ ਰੰਗ ਸਰੀਰ ਦਾ ਹੋ ਗਿਆ ਹੈ ਅਤੇ ਸਰੀਰ ਦੇ ਅੰਗ ਵਿਛੋੜੇ ਦੇ ਬਾਣਾਂ ਕਰਕੇ ਪੁਰਜਾ ਪੁਰਜਾ ਰਤਾ ਰਤਾ ਹੋ ਗਏ ਹਨ ਅਜੇਹੀ ਇਬਾਰਤ ਪਤ੍ਰਕਾ ਵਿਚ ਪਤੀ ਵਲ ਪਰੇਮ ਨੂੰ ਲਿਖਦੀ ਹੈ (ਸੰਤੂ ਕਵੀ) ਕਬਿਤ

ਆਹਿਕੈ ਕਰਾਹਿ ਕ੍ਰਿਸ ਤਨ ਆਇ ਬੈਠੀ ਚਾਹਿਤ ਸੰਦੇਸ ਕਹਿਬੇ ਕੋ ਪੈ ਨ ਕਹਿ ਜਾਤ। ਫਿਰ ਮਸਭਾਂਜਨ ਮੰਗਾਯੋ ਪੱਤ੍ਰ ਲਿਖਬੇ ਕੋ ਚਾਹਿਤ ਕਲਮ ਗਹਿਬੇ ਕੋ ਪੈ ਨ ਗਹਿ ਜਾਤ। ਏਤੇ ਮੈਂ ਉਮਡ ਅਸੂਵਾਨਕੇ ਪ੍ਰਵਾਹ ਆਵੈ ਚਾਹੇ ਸੰਤੂ ਬਾਤ ਕਹਿਬੇ ਕੋ ਪੈ ਨ ਕਹਿ ਜਾਤ। ਦਹਿ ਜਾਤ ਗਾਤ ਬਾਤ ਬੂਝੇ ਹੂੰ ਨ ਕਹਿ ਜਾਤ ਬਹਿ ਜਾਤ ਕਾਗਦ ਕਲਮ ਹਾਥ ਰਹਿ ਜਾਤ॥

ਬਿਰਹ ਅਗਨਿ ਸੇ ਸਵਾਨੀ ਮਾਸ ਕ੍ਰਿਸਨ ਹ੍ਵੈ
ਬਿਰਹਨੀ ਭੇਖ ਲੇਖ ਬਿਖਮ ਸੰਦੇਸ ਤੇ॥

ਪਤੀ ਦੇ ਵਿਛੋੜੇ ਦੀ ਅਗ ਨਾਲ ਸਵਾਣੀ ਦੇ ਸਰੀਰ ਦਾ ਮਾਸ ਕਾਲਾ ਹੋ ਗਿਆ ਹੈ ਅਜੇਹਾ ਬ੍ਰਹਣੀ ਇਸਤ੍ਰੀ ਦੇ ਸਰੀਰ ਦਾ ਮਾੜਾ ਭੇਖ ਬਣਿਆ ਹੋਯਾ ਹੈ ਅਤੇ ਇਹੋ ਜੇਹੇ ਆਪਣੇ ਭੇਖ ਦੇ ਹਾਲ ਦੇ ਕਠਨ ਸਨੇਹੇ ਭਰਕੇ ਲਿਖਦੀ ਹੈ ਪਤ੍ਰਕਾ ਵਿਚ, ਭਾਵ ਸਰੀਰ ਦਾ ਹਾਲ ਦਸਦੀ ਹੈ

'ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸ'।
"ਫਰੀਦਾ ਚਿੰਤ ਖਟੋਲਾ ਵਾਣ ਦੁਖੁ ਬਿਰਹ ਵਿਛਾਵਣ ਲੇਫ।
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥੩੫॥

ਸਵਾਣੀ ਪਦ ਦਾ ਅਰਥ ਸੜੀ ਹੋਈ ਵ ਦਾਸੀ ਕਰਦੇਹਨ ਪਰ ਸ਼ਬਦਾਰਥ ਭਾਨੂ ਕੋਸ਼ ਵਿਚ ਸੁਵਾਣੀ ਦਾ ਅਰਥ ਭਵਾਨੀ ਮੁਰਾਦ ਉਚੀ ਕੁਲ ਦੀ ਇਸਤ੍ਰੀ ਤੋਂ ਹੈ ਪਰ ਇਸਨੂੰ ਜਾਣ ਦਿਓ ਕਿਉਂਕਿ ਇਹਪਦ ਭਾਈ ਗੁਰਦਾਸ ਜੀ ਨੇ ਆਪ- ਣੀਆਂ ਵਾਰਾਂ ਵਿਚ ਵਰਤਿਆ ਹੋਇਆ ਹੈ। ਭਾਈ ਗੁਰਦਾਸ ਜੀ ਦਸਵੀਂ ਵਾਰ ਦੀ ਪਹਿਲੀ ਪੌੜੀ ਵਿਚ ਲਿਖਦੇ ਹਨ ਯਥਾ—

ਭੁਲਾਹੁ ਲਿਕਾ ਮਾਂ ਪੁਛੈ ਤੂ ਸਾਵਾਣੀ ਹੈਂ ਕਿ ਸਰੀਕ਼ਾ।

ਅਤੇ ਫਿਰ ਮਾਸ ਦਾ ਅਰਥ ਸਿਆਹੀ ਕਈ ਸਿਆਣੇ ਕਰਦੇ ਹਨ ਭਾਵੇਂ ਸਾਡੇ ਪਿੰਗਲਾਂ ਵਿਚ ਲਿਖਿਆ ਹੈ ਕਿ (ਲਘੁ ਗੁਰ ਚਾਰ ਰੂਪ ਹੋਤ) ਪਰ ਇਸੇ ਜਗਾ ਕਿਆ ਜ਼ਰੂਰਤ ਹੈ ਕਿ ਏਨਾਂ ਖਿਚਕੇ ਅਰਥ ਕਰਨਾ ਕਿਉਂਕਿ ਕ੍ਰਿਸਨ ਪਦ ਵਿਚ ਹੀ ਪਿਆ ਹੋਇਆ ਹੈ॥

ਬਿਰਹ ਬਿਯੋਗ ਰੋਗ ਲੇਖਨਿ ਕੀ ਛਾਤੀ ਫਟੀ
ਰੁਦਨ ਕਰਤ ਲਿਖੈ ਆਤਮ ਅਦੇਸ ਤੇ॥

ਪਤੀ ਦੇ ਪ੍ਰੇਮ ਰੂਪ ਵਿਛੋੜੇ ਦੇ ਦੁਖ ਵਿਚ ਨਾਲੋਂ ਲਿਖਾਉਂਦਿਆਂ ਲਿਖਾਉਂਦਿਆਂ ਲਿਖਾਉਣ ਵਾਲੀ ਦੀ ਛਾਤੀ ਫਟ ਗਈ ਅਥਵਾ ਲਿਖਦੀ ਦੀ ਪਤੀ ਦੇ ਪਰ ਕਲਮ ਵਿਚਾਰੇ ਟੁਟ ਗਈ ਅਥਵਾ ਕਾਨੀ ਵਾਂਗਰ ਟੁਕੜੇ ਟੁਕੜੇ ਛਾਤੀ ਹੋ ਗਈ ਫਿਰ ਹੁਣ ਕਿਸ ਨਾਲ ਲਿਖੇ ਅਤੇ ਕੀ ਲਿਖੇ ਦੁਖ ਬਹੁਤ ਸਾਰੀ ਨੇ ਕਾਗਜ਼ ਫਟ ਗਿਆ ਹੈ ਕਲਮ ਟੁਟ ਗਈ ਹੈ ਦਵਾਤ ਭਜ ਗਈ ਹੈ ਕਾਗ਼ਜ਼ ਰੁੜ੍ਹ ਗਿਆ ਹੈ ਅਜੇਹੀ ਹਾਲਤ ਹੋਣ ਨਾਲ ਰੋਣ ਲਗ ਪਈ ਹੈ ਅਤੇ ਲਿਖਦੀ ਹੈ ਆਪਣੇ ਮਨ ਵਿਚ ਇਸਥਿਤ ਹੋਕੇ ਪਤੀ ਵਲ ਸਨੇਹੇ ਭਾਵ ਆਪਣੇ ਮਨ ਵਿਚ ਪਤੀ ਦੀ ਮੂਰਤੀ ਨੂੰ ਵਸਾਕੇ ਛਾਤੀ ਸੀਤਲ ਕਰਦੀ ਹੈ ਅਤੇ ਫਿਰ ਸੁਚੇਤ ਹੋਕੇ ਆਪਣੇ ਵਿਛੋੜੇ ਦਾ ਦੁਖ ਲਿਖਣ ਨੂੰ ਉਛਲਦੀ ਹੈ ਅਤੇ ਜਦੀ ਜਾਂ ਉਛਲਦੇ ਹਨ ਤਾਂ ਓਹਨਾਂ ਨੂੰ ਵੇਖਕੇ ਅਨੰਦ ਕਰਦੀ ਹੈ ਕਦੀ ਰੋਣ ਲਗ ਜਾਂਦੀ ਹੈ।

ਬਿਰਹੋਂ ਉਸਾਸਨ ਪ੍ਰਗਾਸਨ ਦੁਖਿਤਗਤ
ਬਿਰਹਨੀ ਕੈਸੇ ਜੀਐ ਬ੍ਰਿਹ ਪ੍ਰਦੇਸ ਤੇ ॥੨੧੦॥

ਜੋਗੀਆਂ ਦੇ ਗੋਰ ਪਤੀ ਦੇ ਵਿਛੋੜੇ ਵਿਚ ਉਤੇ ਸਾਹ ਲੈਕੇ ਝਰੀ ਹਾਉਕੇ ਪ੍ਰਗਟ ਕਰਦੀ ਹੈ। ਸੋ ਆਪ ਆਖਦੇ ਹਨ ਇਹ ਇਸਤ੍ਰੀ ਕਿਸ ਤਰਾਂ ਬਚੇਗੀ ਜਿਸਦਾ ਪਤੀ ਦੇ ਵਿਛੋੜੇ ਵਿਚ ਮਰ ਵੇਗ ਹੋਇਆ ਹੋਇਆ ਹੈ* ॥੨੧੦॥

ਜੇਹੜੀਆਂ ਪਿਛੇ ਨਾਇਕਾ ਆਈਆਂ ਹਨ ਏਹਨਾਂ ਨੂੰ ਪਤੀ ਦੀ ਅਪ੍ਰਾਪਤੀ ਹੁੰਦੀ ਹੈ ਇਸ ਲਈ ਏਹ ਦੁਖ ਪਾਉਂਦੀਆਂ ਹਨ ਹੁਣ ਭਾਈ ਜੀ ਸੰਜੋਗ ਸੋਹਣਾ ਕਥਨ ਕਰਦੇ ਹਨ ਜਦ ਗੁਰੂ ਸਾਹਿਬ ਦਾ ਆਣਕੇ ਦਰਸ਼ਨ ਕੀਤਾ ਤਾਂ ਸਾਰਾ ਵਿਛੋੜਾ ਦੂਰ ਹੋ ਗਿਆ ਅਤੇ ਤਿਸ ਸਮੇਂ ਜੋ ਅਨੰਦ ਹੋਇਆ ਓਹਨੂੰ ਜਿਹਾ ਇਸਤ੍ਰੀ ਦੀ ਕੁੜਮਾਈ ਅਤੇ ਵਿਵਾਹ ਹੁੰਦਾ ਹੈ ਅਤੇ ਉਸਨੂੰ ਅਨੰਦ ਹੁੰਦਾ ਹੈ ਓਹ ਜੇਹਾ ਅਨੰਦ ਆਪਨੂੰ ਹੋਇਆ॥

ਕੰਨਿਆਂ ਦੀ ਕੁੜਮਾਈ ਤੇ ਵਿਆਹ ਦਾ ਅਨੰਦ ਵਰਣਨ ਕਰਦੇ ਹਨ

ਪੂਰਬ ਸੰਜੋਗ ਮਿਲ ਸੁਜਨ ਸਗਾਈ ਹੋਤ

---

*ਪਿਆਰੇ ਭਰਾਵੋ ਜੇਕਰ ਇਸ ਇਸਤ੍ਰੀ ਦਾ ਅਸਲੀ ਬੁਰਾ ਹਾਲ ਵੇਖਣਾ ਹੋਵੇ ਤਾਂ ਤੁਹਾਡੀ ਹੀਰ ਦਾ ਸਾਰਾ ਬਾਰਹ ਮਾਹ ਇਸੇ ਹੀ ਵਿਰੋਗ ਦੇ ਪ੍ਰੇਮ ਨਾਲ ਭਰਿਆ ਹੋਇਆ ਹੈ ਅਤੇ ਬਾਕੀ ਸਾਹਿਤਕ ਦੇ ਪੁਸਤਕਾਂ ਵਿਚੋਂ ਭੀ ਪਤਾ ਲੈ ਸਕਦੇ ਹੋ॥

ਅਿਮਰਤ ਸੁਨ ਸੁਨ ਸ੍ਰਵਨ ਸੰਦੇਸ ਕੇ ॥

ਜੇਹੜੇ ਪਹਿਲੇ ਚੰਗੇ ਕਰਮ ਕੀਤੇ ਹੁੰਦੇ ਨੇ ਭਾਵ ਜਿਸ ਨਾਲ ਕੁੜਮਾਈ ਦੇ ਲੇਖ ਲਿਖੇ ਹੁੰਦੇ ਨੇ ਅਥਵਾ ਪਹਿਲੇ ਸਾਰੇ ਸਬੰਧੀ ਕਰੀਬ ਕੁੜਮ ਆਦਿਕ ਮਿਲਦੇ ਹਨ ਤੇ ਫਿਰ ਇਹਨਾਂ ਦੇ ਆਪੋ ਵਿਚ ਦੀ ਮਿਲਾਪ ਨਾਲ ਲੜਕੀ ਲੜਕੇ ਦੀ ਕੁੜਮਾਈ ਹੁੰਦੀ ਹੈ ਅਤੇ ਲੜਕੀ ਆਪਣੇ ਪਤੀ ਦੇ ਗੁਣਾਂ ਨੂੰ ਸੁਣ ਸੁਣ ਕੇ ਖੁਸ਼ ਹੁੰਦੀ ਹੈ ਅਤੇ ਉਹਨਾਂ ਸਨੇਹਿਆਂ ਨੂੰ ਯਾਦ ਕਰਦੀ ਹੈ ਜੇਹੜੇ ਪਤੀ ਵਲੋਂ ਆਉਂਦੇ ਹਨ ਅਥਵਾ ਲੜਕੀ ਲੜਕਾ ਦੋਵੇਂ ਹੀ ਖੁਸ਼ ਹੁੰਦੇ ਹਨ ਇਕ ਦੂਜੇ ਦੇ ਗੁਣ ਸੁਣ ਸੁਣਕੇ ਤੇ ਇਹਨਾਂ ਸਨੇਹਿਆਂ ਨੂੰ ਸੁਣ ਸੁਣ ੨ ਕੇ ਖੁਸ਼ੀ ਹੁੰਦੇ ਹਨ ਕਿ ਹੁਣ ਕਿਸ ਦਿਨ ਸਾਡਾ ਆਪੋ ਵਿਚ ਦੀ ਮਿਲਾਪ ਹੋਵੇਗਾ ॥

ਭਾਵ-ਜੇਕਰ ਪੂਰਬਲੇ ਕਰਮ ਚੰਗੇ ਹੋਣ ਤਾਂ ਸੰਤ ਜਨ ਗੁਰੂ ਮਿਲ ਪੈਂਦੇ ਨੇ ਅਤੇ ਪ੍ਰਮਾਤਮਾ ਵਾਹਿਗੁਰੂ ਨਾਲ ਜਗਿਆਸੂ ਦੀ (ਸਗਾਈ) ਕੁੜਮਾਈ ਮਿਲਾਵਣ ਹੋ ਜਾਂਦੀ ਹੈ ਅਤੇ ਹਰੀ ਦੇ ਗੁਣ ਸੰਤਾਂ ਪਾਸੋਂ ਸੁਣਕੇ ਜਗਿਆਸੂ ਖੁਸ਼ੀ ਹੁੰਦਾ ਹੈ ॥

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ। ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ॥

ਬਿਲਾਵਲ ਗੁਰੂ ੫ ॥ ਮੰਗਲ ਸਾਜ। ਏਹ ਸਾਰਾ ਸ਼ਬਦ ਵੇਖ ਸਕਦੇ ਹੋ।

ਸੂਨਾ ਸੂਹੀ ਗੁਰੂ ੪। ਸਤ ਸੰਤੋਖ ਕਰ ਭਾਉ ਕੁੜਮ ਕੁੜਮਾਈ ਆਇਆ ਬਲਿਰਾਮ ਜੀਉ। ਸੰਤ ਜਨਾ ਕਰ ਮੇਲ ਗੁਰਬਾਣੀ ਗਾਵਾਈਆ ਬਲਿਰਾਮ ਜੀਉ ॥

ਬਿਧਿ ਸੋਂ ਬਿਵਾਹੇ ਮਿਲ ਦ੍ਰਿਸ਼ਟਿ ਦਰਸ ਲਿਵ
ਬਿੱਦਮਾਨ ਧਿਆਨ ਰਸ ਰੂਪ ਰੰਗ ਭੇਸ ਕੈ ॥

(ਵਿਦਮਾਨ) ਪ੍ਰਤੱਖ ਸਰੀਕਾਂ ਸੰਬੰਧੀਆਂ ਕੁੜਮਾਂ ਦੇ ਕੱਠਿਆਂ ਹੋਣ ਕਰ ਕੇ ਲੜਕੀ ਲੜਕੇ ਦਾ ਬੜੀ ਚੰਗੀ ਮ੍ਰਯਾਦਾ ਨਾਲ ਵਿਆਹ ਹੋਯਾ ਅਤੇ ਲੜਕੀ ਦੇ ਨੇਤ੍ਰਾਂ ਦੀ ਨਿਗਾ ਤੇ ਲਿਵ ਬ੍ਰਿਤੀ ਲੜਕੇ ਦੇ ਦਰਸ਼ਨ ਦੇ ਧਿਆਨ ਵਿਚ ਸੁਭਾਵਕ ਹੀ ਪ੍ਰੇਮ ਨਾਲ ਲਗ ਜਾਂਦੀ ਹੈ ਅਤੇ ਇਸੇ ਤਰ੍ਹਾਂ ਹੀ ਲੜਕੇ ਦਾ ਧਿਆਨ ਲੜਕੀ ਵਲ ਲਗ ਜਾਂਦਾ ਹੈ, ਦੋਵੇਂ ਰੂਪ ਰੰਗ ਭੇਸ ਕਰਕੇ ਇਕ ਰੂਪ ਹੋ ਜਾਂਦੇ ਹਨ ॥

ਰੈਨ ਸੈਨ ਸਮੈ ਸੁਤਿ ਸ਼ਬਦ ਬਿਬੇਕ ਟੇਕ
ਆਤਮ ਗਿਆਨ ਪਰਮਾਤਮ ਪ੍ਰਵੇਸ ਕੈ ॥

ਫਿਰ ਇਸਤ੍ਰੀ ਰਾਤ ਨੂੰ ਸੌਣ ਦੇ ਵੇਲੇ ਆਪਣੇ ਕੰਨਾਂ ਵਿਚ ਪਤੀ ਦੇ

(ਅਰਥਾਤ) ਆਤਮਕ ਇਸਤ੍ਰੀ ਵਿਆਹ ਦੀ ਹੈ ॥ ਜਦ ਕੋਈ ਆਪ ਸੁਹਾਗਣਿ ਹੈ ਕਿ ਜਦ ਮੈਨੂੰ ਪਤੀ ਆਗਿਆ ਕਰਦਾ ਹੈ ਅਤੇ ਆਪਣੇ ਮਨ ਨੂੰ ਪਤੀ ਦੇ ਧਿਆਨ ਵਿਚ ਪ੍ਰਵੇਸ਼ ਕਰਾਉਂਦੀ ਹੈ ॥

ਗਜਾਨ ਧਜਾਨ ਸਿਮਰਨ ਉਲੰਘ ਬਿਸਮਾਦ ਹੋਇ
ਪ੍ਰੇਮ ਰਸ ਬਸ ਹੋਇ ਬਿਸਮ ਅਵੇਸ ਕੈ ॥੨੧੨॥

ਜਦੋਂ ਇਸਤ੍ਰੀ ਦਾ ਪਤੀ ਨਾਲ ਮਿਲਾਪ ਹੋਵੇ ਤਾਂ ਪ੍ਰੇਮ ਰਸ ਦੀ ਮਸਤੀ ਦੇ ਅਨੰਦ ਵਿਚ ਰਹਿੰਦੇ ਵਸੀਕਾਰ ਹੋਏ ਅਤੇ ਵਿਰਹ ਵਿਛੋੜੇ ਦਾ ਦੁਖ ਦੂਰ ਹੋਇਆ। ਅਸਚਰਜ ਪਤੀ ਦੇ ਨਾਲ ਇਸਥਿਤ ਹੋਣ ਕਰਕੇ ਅਤੇ ਜੋ ਪਹਿਲੇ ਗਿਆਨ ਧਿਆਨ ਦੀਆਂ ਸਿਮਰਨੀਆ ਸੀ ਇਨ੍ਹਾਂ ਤੋਂ ਪਾਰ ਹੋਗਏ ਭਾਵ ਜੋ ਹੋਰ ਸੋਚਾਂ ਦੀਆਂ ਲਹਿਰਾਂ ਸਨਿ (ਗਿਆਨ) ਹੋਰਨਾਂ ਪਾਸੋਂ ਮਨ ਦੀਆਂ ਵਾਸ਼ਨਾ ਉਠਣੀਆਂ ਅਤੇ ਪਤੀ ਵਲ ਧਿਆਨ ਲਾਉਣਾ ਇਤਯਾਦਿਕ ਸੋਚਾਂ ਦੂਰ ਹੋ ਗਈਆਂ ਅਤੇ ਇਕ ਰੂਪ ਹੋਗਏ ॥

(ਗੁਰੂ ੫ ਆਸਾ) ਨਾਨਕ ਗੁਰਿ ਖੋਇ ਭ੍ਰਮੁ ਦੀਆ ।
ਹਮ ਓਇ ਮਿਲਿ ਹੋਏ ਇਕ ਰੰਗਾ ॥੨੧੨॥

ਇਸਤ੍ਰੀ ਪਤੀ ਨਾਲ, ਜੀਵ ਪ੍ਰਮਾਤਮਾ ਨਾਲ ਤੇ ਸਿਖ ਗੁਰਾਂ ਨਾਲ ਜਦ ਅਭੇਦ ਹੋਇਆ ਤਾਂ ਫਿਰ ਜੋ ਹਾਲ ਹੈ ਇਸਤ੍ਰੀ ਪਤੀ ਅਗੇ ਬੇਨਤੀ ਕਰਦੀ ਹੈ ਤੇਰਾ ਕੁਝ ਇਸਦਾ ਵਿਚਾਰ ਚੰਗੇ ਲਗਦੇ ਹਨ

ਏਕ ਸੈਂ ਅਧਿਕ ਏਕ ਨਾਇਕਾ ਅਨੇਕ ਜਾਂਕੈ
ਦੀਨ ਕੈ ਦਯਾਲ ਹੈ ਕ੍ਰਿਪਾਲ ਕ੍ਰਿਪਾ ਧਾਰੀ ਹੈ ।

ਇਕ ਤੋਂ ਇਕ ਚੜ੍ਹਦੀਆਂ ਅਨੇਕਾਂ ਹੀ ਜਿਸ ਪਤੀ ਦੇ ਘਰ ਵਿਚ ਸੋਹਣੀਆਂ ਇਸਤ੍ਰੀਆਂ ਹਨ ॥

ਜੈਤਸਰੀ ਗੁਰੂ ੫ ॥

ਸਾਰ ਵੇ ਪ੍ਰਿਅ ਹਭੇ ਸਖੀਆਂ ਮੂ ਕਹੀ ਨ ਜੇਹੀਆਂ ।
ਸਾਰ ਵੇ ਪਿਰ ਹੂ ਪਿਰਿ ਚਾੜੇ ਹਉ ਤਿਸੁ ਵਿਚੋਹੀਆਂ ।
ਪਿਰ ਦੂ ਪਿਰਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ।
ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ।
ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆਂ ।
ਨਾਨਕ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆਂ ।

(ਸੂਹੀ ਗੁਰੂ ੧) ਇਕ ਦੂ ਇਕ ਚੜੰਦੀਆਂ ਕਉਣੁ ਜਾਣੈ ਮੇਰਾ ਨਾਉ ਜੀਉ ।

ਜਿਸ ਗਰੀਬਣੀ ਮੇਰੇ ਵਰਗੀ ਇਸਤ੍ਰੀ ਤੇ ਦਯਾ ਦੇ ਘਰ ਹੋਕੇ ਪਤੀ

ਗ੍ਰਿਪਾਲੂ ਨੇ ਲਿਰਪਾ ਕੀਤੀ ਹੈ। ਇਹ ਭਾਵ ਹਾਈ ॥

ਸਜਨੀ ਰਜਨੀ ਸਜਿ ਪ੍ਰੇਮ ਰਸ ਔਸਰ ਮੈ
ਅਬਲੇ ਅਧੀਨ ਗਤਿ ਬੇਨਤੀ ਉਚਾਰੀ ਹੈ॥

(ਅਬਲੇ) ਇਸਤ੍ਰੀਆਂ । (ਸਜਿ) ਰੰਦ ਵਾ ਵੈਹਾਰ । ਭਾਵ ਪ੍ਰਭੂ ਦੇ ਪਾਸ ਸਮਾਗਮ ਸਖੀਆਂ ਦਾ ਜੁੜਿਆ ਹੋਯਾ ਅਤੇ ਕੀਦਮ ਰਾਤ ਨੂੰ ਚੜ੍ਹਿਆ ਹੋਯਾ ਵੇਖਕੇ ਅਜੇਹੇ ਵੇਲੇ ਪ੍ਰੇਮ ਰਸ ਅਨੰਦ ਵਿਚ ਆਕੇ ਗਰੀਬ ਇਸਤ੍ਰੀਆਂ ਵਾਕਰ ਹੋਕੇ ਅਧੀਨਤਾਈ ਨਾਲ ਮਿਠੀਆਂ ੨ ਗਲਾਂਵਾਲੀ ਬੇਨਤੀ ਉਚਾਰਨ ਕੀਤੀ ॥

ਜੋਈ ਜੋਈ ਆਗਯਾ ਹੋਇ ਸੋਈ ਸੋਈ ਮਾਨਿਜਾਨ
ਹਾਥ ਜੋਰ ਅਗ੍ਰਭਾਗ ਹੋਇ ਆਗਯਾ ਕਾਰੀ ਹੈ॥

ਜੇਹੜੀ ੨ ਪਤੀ ਦੀ ਆਗਿਆ ਹੋਣੀ ਓਹੋ ਓਹੋ ਸਭ ਖਣਨ ਕਰਕੇ ਮੰਨਣ ਲਗ ਪਈ ਅਤੇ ਦੋਵੇਂ ਹਥ ਜੋੜਕੇ ਅਗੇ ਖੜੋਕੇ ਬੇਨਤੀ ਮੰਨਣ ਵਾਲੀ ਹੋਈ ॥ ਤੇਰਾ ਕੀਆ ਮੀਠਾ ਲਾਗੈ ।

ਲਾਵਨੀ ਭਗਤਿ ਭਾਇ ਚਾਇ ਕੈ ਚਈਲੇ ਭਜੇ
ਸਫਲ ਜਨਮ ਧੰਨ ਆਜ ਮੇਰੀ ਬਾਰੀ ਹੈ ॥੨੧੨

—ਭਾਈ ਜੀ ਆਖਦੇ ਹਨ ਕਿ ਜਦ ਅਜੇਹੀ ਪੂਰੀ ਇਸਤ੍ਰੀ ਪਤੀ ਨੂੰ ਭਾ ਜਾਵੇ ਤਾਂ ਸਰਧਾ ਕਰਕੇ ਉਸਦੀ ਪ੍ਰੇਮ ਨਾਲ ਭਗਤੀ ਕਰੇ ਭਾਵ ਪਤੀ ਤੋਂ ਬਗੈਰ ਕਿਸੇ ਦੀ ਛਾਂ ਵਲ ਵੀ ਨਾ ਵੇਖੇ ਅਤੇ ਉਸ ਦਾ ਨਾਮ ਸ੍ਵਾਸ ੨ ਜਪੇ ਅਤੇ ਪਤੀ ਅਨੰਦੀ ਦੇ ਅਨੰਦ ਵਿਚ ਸਮਾਈ ਰਹੇ ਅਤੇ ਉਸਨੂੰ ਇਹ ਕਹੇ ਕਿ ਹੇ ਪਿਆਰੇ ਭਰਤਾ ਮੈਨੂੰ ਭਜੋ ਕਿਆ ਮੇਰੇ ਨਾਲ ਮਧੁਰਾਰਤੀ ਕਰੋ ॥

ਭਾਵ—ਕਿਆ ਮੈਨੂੰ ਆਪਣੇ ਵਰਗੀ ਬਣਾ ਲਵੇ ਜਦ ਅਜੇਹੀ ਬੇਨਤੀ ਮੰਨਕੇ ਪਤੀ ਆਪਣੇ ਨਾਲ ਅਭੇਦ ਕਰਲਵੇ ਤਾਂ ਇਹ ਇਸਤ੍ਰੀ ਕਹੇ ਕਿ ਅਜ ਮੇਰਾ ਸੰਸਾਰ ਉਪਰ ਆਉਣਾ ਸਫਲ ਹੋਯਾ ਹੈ ਅਤੇ ਧੰਨ ਮੇਰੇ ਭਾਗ ਹਨ ਅਜ ਮੇਰੀ ਸੰਸਾਰ ਉਤੋਂ ਉਧਰਨ ਦੀ ਵਾਰੀ ਹੈ ਭਾਵ ਪੁਤਾਂ ਪੋਤ੍ਰਿਆਂਕਰਕੇ ਮੈਂ ਸੁਖੀਹਾਂ।

ਜਿਸ ਵੇਲੇ ਅਜੇਹੀਆਂ ਬਿਨਤੀਆਂ ਪਤੀ ਪ੍ਰਮਾਤਮਾ ਅਗੇ ਕੀਤੀਆਂ ਤਾਂ ਪ੍ਰਕਾਸ਼ ਗਜਾਨ ਹੋਗਿਆ ਸੋ ਅਗੇ ਦਸਦੇ ਹਨ

ਪ੍ਰੀਤਮ ਕੀ ਪੁਤਰੀ ਮੈ ਤਨਕ ਤਾਰਿਕਾ ਮਸਾਮ
ਤਾਕੈ ਪ੍ਰਤਿਬਿੰਬ ਤਿਲ ਤਿਲਕ ਤ੍ਰਿਲੋਕ ਕੋ ॥

(ਸਕਲ) ਸਾਰੇ ਮੇਰੇ ਪਤੀ ਦੀਆਂ ਮੂੰਹ ਦੀਆਂ ਪ੍ਰੀਤਲੀਆਂ ਵਿਚ ਜੋ ਛੋਟੇ ਛੋਟੇ ਦੋ ਕਾਲੇ ਕਾਲੇ ਤਿਲ ਚਿਲਕਦੇ ਪ੍ਰਕਾਸ਼ ਨੇ ਮੇਰੀਆਂ ਅੱਖੀਆਂ ਵਿਚ ਚੰਗਾ ਜੇਹਾ ਪ੍ਰਕਾਸ਼ ਆਕੇ ਕੀਤਾ ਅਤੇ ਮੈਨੂੰ ਤਿਨਾਂ ਲੋਕਾਂ ਵਿਚ ਉਸ ਪਤੀ ਦੇ ਪ੍ਰਕਾਸ਼ ਨੇ ਸਿਰੋਮਣੀ ਬਣਾ ਦਿਤਾ ॥

ਬਨਿਤਾ ਬਦਨ ਪਰ ਪ੍ਰਗਟ ਬਨਾਇ ਰਾਖਿਓ
ਕਾਮਦੇਵ ਕੋਟਿ ਲੋਟ ਪੋਟ ਅਵਿਲੋਕ ਕੈ ॥

(ਕਾਮਦੇਵ) ਕਾਮ (ਅਵਲੋਕ) ਵੇਖਣਾ ਪਤੀ ਨੇ ਕਿਰਪਾ ਦ੍ਰਿਸ਼ਟੀ ਅਜੇਹੀ ਕੀਤੀ ਕਿ ਆਪਣੀ ਇਸਤ੍ਰੀ ਦੇ ਮੂੰਹ ਉੱਤੇ ਪ੍ਰਗਟ ਹੀ ਕਾਲਾ ਤਿਲ ਬਣਾ ਦਿੱਤਾ। ਉਸ ਕਾਲੇ ਤਿਲ ਦੀ ਗੋਰੇ ਮੂੰਹ ਉਪਰ ਸੋਭਾ ਵੇਖਕੇ ਕ੍ਰੋੜਾਂ ਹੀ ਕਾਮ ਦੇਵ ਲੋਟਣੀਆਂ ਖਾਕੇ ਬਿਸੁਰਤ ਹੋਕੇ ਡਿਗਦੇ ਜਾਂਦੇ ਹਨ।

ਭਾਵ—ਅਜੇਹੀ ਆਗਿਆ ਮੰਨਣ ਵਾਲੀ ਇਸਤ੍ਰੀ ਦਾ ਪਤੀ ਨੇ ਮੁਖ ਪ੍ਰਧਾਨ ਕਰ ਦਿਤਾ ਅਤੇ ਸਾਰੇ ਸ਼ਰੀਕ ਸੱਸ ਸੌਹਰੇ ਪੇਕੇ ਆਦਿਕ ਉਸੇ ਜਾਨਣ ਲੱਗ ਪਏ ਸਾਰੇ ਕੰਮਾਂ ਵਿਚ ਮੁਖੀ ਹੋਕੇ ਬੈਠੇ ਅਤੇ ਇਸ ਗੱਲ ਨੂੰ ਵੇਖਕੇ ਹੋਰ ਇਸਤ੍ਰੀਆਂ ਅਤੇ ਲੋਕੀ ਬੜੇ ਸ਼ਰਮਿੰਦੇ ਹੋਣ ਲੱਗ ਪਏ ਕਿ ਇਸ ਇਸਤ੍ਰੀ ਨੇ ਪਤੀ ਦੀ ਆਗਿਆ ਮੰਨਕੇ ਬੜੀ ਸੋਭਾ ਪਾਈ ਹੈ।

ਕੋਟਨ ਕੋਟਾਨ ਰੂਪ ਕੀ ਅਨੂਪ ਰੂਪ ਛਬਿ
ਸਕਲ ਸਿੰਗਾਰ ਕੋ ਸਿੰਗਾਰ ਸੁਖ ਥੋਕ ਹੈ ॥

ਉਸ ਅਜੇਹੀ ਛਬਿ ਬਣੀ ਹੋਈ ਨੂੰ ਵੇਖਕੇ ਕ੍ਰੋੜਾਂ ਨ ਕ੍ਰੋੜਾਂ ਸੁੰਦਰ ਸਰੂਪ ਦੀਆਂ ਅਨੂਪਮ ਰੂਪ ਵਾਲੀਆਂ ਸਜਾਵਟਾਂ ਅਤੇ ਸਾਰੇ ਸਿੰਗਾਰ (ਅੰਜਨ ਮੰਜਨ) ਆਦਿਕ ਅਤੇ ਸਾਰੇ ਸਿੰਗਾਰਾਂ ਦੇ ਪਦਾਰਥ ਭਾਵ ਹੋਰ ਜਿਤਨੇ ਪਦਾਰਥ ਸੁਖ ਦੇ ਹਨ, ਉਹ ਸਾਰੇ ਹੀ ਉਸ ਆਗਿਆ ਕਾਰਣ ਇਸਤ੍ਰੀ ਦੀ ਸਜਾਵਟ ਨੂੰ ਵੇਖਕੇ ਹੈਰਾਨ ਹੁੰਦੇ ਹਨ ॥

ਕਿੰਚਤ ਕਟਾਛ ਕ੍ਰਿਪਾ ਤਿਲਕੀ ਅਤੁਲ ਸੋਭਾ
ਸੁਰਸੁਤੀ ਕੋਟ ਮਾਨ ਭੰਗ ਧਿਆਨ ਲੋਕ ਕੈ ॥ ੨੯੩ ॥

ਪਤੀ ਦੀ ਥੋੜੀ ਜਿਹੀ ਕਿਰਪਾ ਦ੍ਰਿਸ਼ਟੀ ਕਰਨ ਨਾਲ ਇਸਤ੍ਰੀ ਦੀ ਤਿਲ ਮਾਤ੍ਰ ਦੀ ਸੋਭਾ (ਅਤੁੱਲ) ਅਣ ਮਿਣ ਹੋਗਈ ਅਤੇ ਉਸ ਸੋਭਾ ਨੂੰ ਵੇਖਕੇ ਸ੍ਰੋਤੀ ਦਾ ਭੀ ਨਿਰਾਦਰ ਹੁੰਦਾ ਹੈ ਭਾਵ ਦੇਵੀ ਭੀ ਆਪ ਸ਼ਰਮਿੰਦੀ ਹੁੰਦੀ ਜਾਂਦੀ ਹੈ ਕਿ ਮੈਂ ਕੀ ਅਗਿਆਨਤਾ ਕਾਰਨ ਹਾਂ ਅਤੇ ਸਰਸ੍ਵਤੀ ਕਹਾਉਂਦੀ ਹਾਂ ਮੇਰੇ ਨਾਲੋਂ ਤਾਂ ਇਹੋ ਇਹ ਪਤਿਬ੍ਰਤਾ ਇਸਤ੍ਰੀ ਹੈ ਅਤੇ ਉਹ ਇਸਤ੍ਰੀ ਅਜੇਹਾ ਵਡਾਪਨ ਪੜ੍ਹੀ ਚਲ

ਨਾਰਾ ਉਤਾਰੀ ਹੈ ਉਸਨੂੰ ਵੇਖਕੇ ਚਕੋਰ ਵੀ ਆਖਦਾ ਹੈ ਕਿ ਮੈਂ ਭੀ ਚੰਦ੍ਰਮਾ ਵਲ ਅਜੇਹਾ ਧਿਆਨ ਲਾਉਂਦਾ ਹਾਂ ਅਤੇ ਅੰਗਨਾਥ ਵੇਖਦੇ ਹਨ ਅਥਵਾ ਚਕਵੀ ਵੀ ਹੈਰਾਨ ਹੋਈ ਹੈ ਕਿ ਮੈਂ ਅਜੇਹਾ ਪਤੀ ਦੇ ਮਿਲਾਪ ਬਦਲੇ ਭੀ ਸੂਰਜ ਵਲ ਧਿਆਨ ਲਾਉਂਦਾ ਹੈ। (ਕੋਕਨਦ) ਲਾਲ ਕਵਲ ਨੂੰ ਵੀ ਆਖਦੇ ਹਨ ਓਹ ਕਵਲ ਆਖਦਾ ਹੈ ਕਿ ਮੈਂ ਸੂਰਜ ਨੂੰ ਹੀ ਵੇਖਕੇ ਖਿੜਦਾ ਹਾਂ ਜੈਸਾ ਕਿ ਇਹ ਦਿਸਦਾ ਹੈ ॥੨੨੩॥

ਗੁਰਾਂ ਦੇ ਦਰਸ਼ਨ ਦਾ ਧਿਆਨ ਕਰਨਾ ਅਤੇ ਉਸਦਾ ਮਹਾਤਮ
ਸਮਦ੍ਰਿਸ਼ਟੀ ਹੋਣੀ ਜਿਸਨੂੰ ਹੋਵੇ ਸੋ ਆਪ ਕਥਨ ਕਰਦੇ ਹਨ

ਸ੍ਰੀ ਗੁਰ ਦਰਸ ਧਿਆਨ ਖਟ ਦਰਸ਼ਨ ਦੇਖੈ
ਸਕਲ ਦਰਸ ਸਮ ਦਰਸ ਦਿਖਾਇ ਹੈ ॥

ਜੇਹੜਾ ਕੋਈ ਭੇਖ ਵਾਲਾ ਛੀਆਂ ਭੇਖਾਂ ਵਿਚੋਂ ਸਤਗੁਰਾਂ ਦੇ ਦਰਸ਼ਨ ਨੂੰ ਧਿਆਨ ਕਰਕੇ ਵੇਖਦਾ ਹੈ ਭਾਵ ਜੇਹੜਾ ਛੀਆਂ ਭੇਖਾਂ ਦੇ ਵਿਚੋਂ (ਕੋਈ ਸਾਧ) ਗੁਰਾਂ ਦਾ ਦਰਸ਼ਨ ਪ੍ਰਮਾਤਮਾ ਰੂਪ ਜਾਣਕੇ ਕਰਦਾ ਹੈ ਅਤੇ ਮਨ ਵਿਚ ਕੋਈ ਨਾਸਤਕ ਭਾਉ ਨਹੀਂ ਰਖਦਾ ਅਤੇ ਗੁਰਾਂ ਨੂੰ ਹੀ ਗੁਰੂ ਰੂਪ ਸਦਾ ਗੁਰੂ ਜਾਣ ਲੈਂਦਾ ਹੈ। ਉਸ ਵਿਚ ਗੁਰਾਂ ਦੇ ਦਰਸ਼ਨ ਕਰਨ ਦੀ ਐਸੀ ਵੱਡੀ ਭਾਰੀ (ਕਰਾਮਾਤ) ਤਾਕਤ ਪ੍ਰਗਟ ਹੋ ਜਾਂਦੀ ਹੈ ਕਿ ਹੋਰਨਾਂ ਸਾਰਿਆਂ ਭੇਖਾਂ ਵਾਲਿਆਂ ਨੂੰ ਅਤੇ ਸੰਸਾਰੀਆਂ ਨੂੰ ਸਮਦ੍ਰਿਸ਼ਟੀ ਵਿਖਾ ਦੇਂਦਾ ਹੈ ਭਾਵ ਸਾਰੇ ਜੀਵ ਪ੍ਰਮਾਤਮਾ ਦਾ ਰੂਪ ਹਨ ਅਤੇ ਗੁਰੂ ਪ੍ਰਮਾਤਮਾ ਵਿਚ ਕੋਈ (ਭੇਦ) ਫਰਕ ਨਹੀਂ ਹੈ ਅਜੇਹਾ ਉਪਦੇਸ਼ ਦੇਕੇ ਸਾਰਿਆਂ ਨੂੰ ਸਰੋ (ਸਤਸੰਗ) ਵਾਹਿਗੁਰੂ ਦੇ ਰਸਤੇ ਪਾ ਦੇਂਦਾ ਹੈ॥

ਬ੍ਰਹਮੁ ਦੀਸੈ, ਬ੍ਰਹਮੁ ਸੁਣੀਐ, ਏਕੁ ਏਕੁ ਵਖਾਣੀਐ।
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।
(ਬਿਲਾਵਲ ਗੁਰੂ ੫ ਮੰਗਲ ਛੰਦ)

ਸ੍ਰੀ ਗੁਰ ਸ਼ਬਦਿ ਪੰਚ ਸਬਦ ਗਿਆਨ ਧੀਮ
ਸਰਬ ਸਬਦ ਅਨਹਦਿ ਸਮਝਾਇ ਹੈ ॥

ਅਤੇ ਜੇਹੜਾ ਉਨ੍ਹਾਂ ਭੇਖਾਂ ਵਿਚੋਂ ਸ੍ਰੀ ਗੁਰੂ ਜੀ ਦੇ ਉਚਾਰੇ ਹੋਏ ਸ਼ਬਦਾਂ ਦੇ ਉਪਦੇਸ਼ ਨੂੰ ਸੁਣ ਲੈਂਦਾ ਹੈ ਉਸ (ਪੰਚ) ਸੰਤ ਮਹਾਤਮਾਂ ਨੂੰ ਹੋਰਨਾਂ ਦੇ ਸ਼ਬਦਾਂ ਦੀ ਗਿਆਨ ਸਮਝ ਹੋ ਜਾਂਦੀ ਹੈ ਜਿਸ ਅਨਭਵ ਹੋਣ ਨਾਲ ਸਾਰੇ ਦੁਨੀਆਂ ਦੇ ਜੋ ਸ਼ਬਦ ਉਪਦੇਸ਼ ਆਪੋ ਆਪਣੇ ਮਤਾਂ ਦੇ ਹਨ ਉਨ੍ਹਾਂ ਨੂੰ ਸਮਝ ਕਰ ਅਨਹਦ ਸ਼ਬਦ ਸਮਝਾ ਦੇਂਦਾ ਹੈ।

ਮੰਤ੍ਰ ਉਪਦੇਸ ਪਰਵੇਸ ਕੈ ਅਵੇਸ ਹਿਦੈ
ਆਦਿ ਕੌ ਅਦੇਸ ਕੈ ਬ੍ਰਹਮ ਬ੍ਰਹਮਾਇ ਹੈ ॥

ਅਜੇਹੇ ਮਹਾਤਮਾਂ ਦੇ ਹਿਰਦੇ ਵਿਚ ਜਦ ਗੁਰਾਂ ਦੇ ਸਤਨਾਮ ਮੰਤ੍ਰ ਦਾ ਉਪਦੇਸ (ਪ੍ਰਵੇਸ਼) ਟਿਕਦਾ ਹੈ ਉਹ ਵਾਹਿਗੁਰੂ ਨੂੰ ਨਮਸਕਾਰ ਕਰਨ ਲਗ ਜਾਂਦਾ ਹੈ ਅਤੇ ਸਾਰੇ ਬ੍ਰਹਮੰਡਾਂ ਵਿਚ ਵਾਹਿਗੁਰੂ ਨੂੰ ਵਿਖਾ ਦੇਂਦਾ ਹੈ ਅਤੇ ਓਹ ਬ੍ਰਹਮ ਰੂਪ ਹੀ ਹੋ ਕੇ ਵਾਹਿਗੁਰੂ ਨੂੰ ਨਮਸਕਾਰ ਕਰਨ ਲਗ ਪੈਂਦਾ ਹੈ ਅਤੇ ਸਾਰੀ ਦੁਨੀਆਂ ਨੂੰ ਵਾਹਿਗੁਰੂ ਵਲ ਲਾਕੇ ਨਮਸਕਾਰਾਂ ਕਰਾਉਣ ਲਗ ਪੈਂਦਾ ਹੈ।

ਗਿਆਨ ਧਿਆਨ ਸਿਮਰਨ ਪ੍ਰੇਮ ਰਸ ਰਸਕ ਹ੍ਵੈ
ਏਕ ਔ ਅਨੇਕ ਕੇ ਬਿਬੇਕ ਪ੍ਰਗਟਾਇ ਹੈਂ ॥ ੨੧੪ ॥

ਅਜਿਹਾ ਮਹਾਤਮਾ ਜਿਸਤੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਹੈ ਓਹ ਗੁਰਾਂ ਦੇ ਗਿਆਨ ਧਿਆਨ ਨੂੰ ਯਾਦ ਕਰਕੇ ਵਾ ਗਿਆਨ ਧਿਆਨ ਦਾ ਸਿਮਰਨ ਕਰਕੇ (ਪ੍ਰੇਮ ਰਸ) ਵਾਹਿਗੁਰੂ ਦੇ ਨਾਮ ਦਾ (ਅਨੰਦ) ਸੁਆਦ ਲੈਣ ਦਾ (ਰਸੀਆ) ਸੁਆਦ ਲੈਣ ਵਾਲਾ ਬਣਦਾ ਹੈ॥ ਭਾਵ—ਆਪ ਨਾਮ ਦਾ ਅਨੰਦ ਲੈਂਦਾ ਹੈ ਅਤੇ ਹੋਰਨਾਂ ਨੂੰ (ਰੁਆਉਂਦਾ) ਨਾਮ ਜਪਾਉਂਦਾ ਹੈ॥

ਅਬ ਆਪ ਪਾਖੰਡ ਖੰਡਨ ਕਰਦੇ ਹਨ ਕਿ ਅਜੇਹੇ ਫੋਕੇ ਕਰਮਾਂ ਤੋਂ ਫਲ ਕੋਈ ਆਦਮੀ ਕਿਸੇ ਕੰਮ ਦਾ ਨਹੀਂ ਰਹਿੰਦਾ ਅਤੇ ਸਾਧ ਸੰਗਤ ਵਿਚ ਆਕੇ ਵਾਹਿਗੁਰੂ ਦੀ ਟੇਕ ਲਈ ਤੋਂ ਜਿਨਾਂ ਓਹ ਅਜੇਹੇ ਹਨ ਜੇਹਾ ਕ

ਰੂਪ ਬਿਨੁ ਧਨ, ਪੰਖ ਬਿਨੁ ਪੰਖੀ, ਜਲ ਬਿਨੁ ਉਤਭੁਜ ਕਾਮਿ ਨਾਹੀ। ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥

(ਆਸਾ ਮਹਲਾ ੧)

ਮੰਤ੍ਰ ਬਿਨ ਸੰਜਮੁ ਨ, ਪਤਿ ਬਿਨੁ ਪੂਜਾ ਹੋਇ
ਸਚੁ ਬਿਨੁ ਸੋਚਨ, ਜਨੇਊ ਜਤ ਹੀਨ ਹੈ॥

ਗੁਰਾਂ ਦੇ ਸਤਿਨਾਮ ਦਾ ਉਪਦੇਸ ਲਏ ਤੋਂ ਬਿਨਾ ਇੰਦ੍ਰੀਆਂ ਦਾ (ਦਮਨ) ਰੋਕਣਾ ਕਿਸੇ ਕੰਮ ਨਹੀਂ ਅਤੇ ਵਾਹਿਗੁਰੂ ਦੀ ਪੂਜਾ ਕੀਤੀ ਤੋਂ ਬਿਨਾ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨੀ ਕਿਸੇ ਕੰਮ ਨਹੀਂ ਅਤੇ ਸਚ ਬੋਲਣ ਤੋਂ ਬਿਨਾ (ਪਵਿਤ੍ਰਤਾਈ) ਸੁਚਮ ਨਹੀਂ ਹੁੰਦੀ ਹੈ, ਅਤੇ ਜੇਕਰ ਜਤ ਤੋਂ ਰਹਿਤ ਹੋਇਆ ਤੇ ਜਾ ਜਨੇਊ ਪਾਉਣਾ ਕਿਸੇ ਕੰਮ ਨਹੀਂ ॥ ਭਾਵ—ਖ਼ਰਚੀ ਨਾਲਿ [illegible] ਦੀ ਕਰਿ । ਪਤਿ ਜਾਲੀ [illegible] ਪੂਜਾ । (ਭੈਰੋ ਨਾਮਦੇਉ ਜੀ ॥) [illegible] ਹੋਇ [illegible] ਵਖਾਣੇ । (ਵਾਰਾਂ ਭਾਈ ਗੁਰਦਾਸ ਵਾਰ [illegible])

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ। ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ। (ਗੁਰੂ ੧, ਵਾਰ ਆਸਾ ਜੀ)

ਪੁਨਹ— ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ।

ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥

(ਪੁਨਾ) ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ। (ਜਪੁਜੀ ਸਾਹਬ)

ਜਤੀ ਕਹਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰ। ਪੁਨਹ— ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ। (ਸਿਰੀ ਰਾਗ ਗੁਰੂ੧) ॥ ਪੁਨਹ ਹਿਰਦੈ ਸਚੁ ਏਹ ਕਰਣੀ ਸਾਰ ॥ ਹੋਰ ਸਭ ਪਾਖੰਡ ਪੂਜਾ ਖੁਆਰ। (ਗੁਰੂ੧ ਪ੍ਰਭਾਤੀ॥)

ਬਿਨ ਗੁਰ ਦੀਖਿਆ ਨਾ ਗਜ਼ਾਨ, ਬਿਨ ਦ੍ਰਿਸ਼ ਧਜ਼ਾਨ
ਭਾਉ ਬਿਨ ਭਗਤਿ ਨ ਕਰਨੀ ਕੈ ਹੀਨ ਹੈ॥

ਪੂਰੇ ਗੁਰਾਂ ਦੀ ਸਿੱਖਿਆ ਲਈ ਤੋਂ ਬਿਨਾ ਗਜ਼ਾਨ ਨਹੀਂ ਹੁੰਦਾ ਜੈਹਾ ਕੁ (ਭਟਾਂ ਦੇ ਸਵੈਯੇ ਗੁਰੂ ੪)

ਗੁਰ ਬਿਨੁ ਘੋਰ ਅੰਧਾਰ ਗੁਰੂ ਬਿਨ ਸਮਝ ਨ ਆਵੈ।
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨ ਮੁਕਤਿ ਨ ਪਾਵੈ।

ਅਤੇ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾ ਵਾਹਿਗੁਰੂ ਦੇ ਦਰਸ਼ਨ ਵਲ ਧਜ਼ਾਨ ਨਹੀਂ ਲਗਦਾ ਅਤੇ ਪ੍ਰੇਮ ਤੋਂ ਬਿਨਾ ਭਗਤੀ ਨਹੀਂ ਹੁੰਦੀ ਅਤੇ ਵਾਹਿਗੁਰੂ ਦੇ ਡਰ ਵਿਚ ਭਿਜਿਆਂ ਤੋਂ ਬਿਨਾ ਕਰਣੀ ਚੰਗੀ ਨਹੀਂ ਹੁੰਦੀ॥

ਭਾਵ— ਗੁਰ ਸਿਖਿਆ ਬਿਨ ਗਜ਼ਾਨ, ਗੁਰਾਂ ਦੇ ਸਰੂਪ ਬਿਨ ਦੇਖਣਾ ਨੈਣਾਂ ਦਾ, ਅਤੇ ਪ੍ਰੇਮ ਬਿਨਾ ਭਗਤੀ, ਡਰ ਵਿਚ ਭਿਜਿਆਂ ਬਿਨਾ ਕਰਣੀ ਇਹ ਸਭ ਵਿਅਰਥ ਹਨ॥

ਸਾਂਤਿ ਨ ਸੰਤੋਖ ਬਿਨ ਸੁਖ ਨ ਸਹਜ ਬਿਨ
ਸਬਦ ਸੁਰਤਿ ਬਿਨ ਪ੍ਰੇਮ ਨ ਪ੍ਰਬੀਨ ਹੈ॥

ਸੰਤੋਖ ਕੀਤੀ ਤੋਂ ਬਿਨਾਂ ਸੰਤੋਖ ਨਹੀਂ ਆਉਂਦਾ।
ਬਿਨਾ ਸੰਤੋਖ ਨਹੀਂ ਕੋਊ ਰਾਜੈ। (ਸੁਖਮਨੀ ਗੁਰੂ ੫ ਜੀ)

(ਵਾਹਿਗੁਰੂ ਦੇ ਅਰਥ) ਗਜ਼ਾਨ ਤੋਂ ਬਿਨਾ ਸੁਖ ਨਹੀਂ ਹੁੰਦਾ ਗੁਰਾਂ ਦੇ (ਸਬਦ) ਉਪਦੇਸ਼ ਤੋਂ ਬਿਨਾਂ (ਸੂਖ) ਗਜ਼ਾਨ ਚੰਗੀ ਨਾਮ ਦੀ ਪ੍ਰੀਤੀ ਨਹੀਂ ਹੁੰਦੀ ਅਤੇ ਪ੍ਰੇਮ ਤੋਂ ਬਿਨਾ ਸਿਆਣਾ ਨਹੀਂ ਕਹਾਇਆ ਜਾਂਦਾ॥

ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ
ਬਿਨ ਸਾਧ ਸੰਗਤਿ ਨ ਰੰਗ ਲਿਵ ਲੀਨ ਹੈ॥੨੧੫॥

ਵਾਹਿਗੁਰੂ ਦੇ ਵਿਚਾਰ ਤੋਂ ਬਿਨਾ ਅਤੇ ਹਿਰਦੇ ਵਿਚ ਇਕ ਗੁਰੂ ਅਤੇ ਪਾਤਸ਼ਾਹ ਦੀ ਓਟ ਲਈ ਤੋਂ ਬਿਨਾ ਪਿਛਲੇ ਸਾਰੇ ਕਰਮ ਧਰਮ ਅਤੇ ਸੰਸਾਰ ਉਤੇ ਆਉਣਾ ਬਿਅਰਥ ਹੈ ਅਤੇ ਸਾਧ ਸੰਗਤ ਵਿਚ ਆਏ ਤੋਂ ਬਿਨਾ ਜੇਹਾ ਕੁ ਪ੍ਰਮਾਤਮਾਂ ਦੇ ਰੰਗ ਵਿਚ ਲਿਵ ਨੂੰ ਲੀਨ ਨਹੀਂ ਕਰ ਸਕੀਦਾ ਭਾਵ ਸ੍ਰੀ ਵਾਹਿਗੁਰੂ ਵਲ ਨਹੀਂ ਲਾ ਸਕੀਦੀ ਅਜੇਹਾ ਹੀ ਸਾਰੇ ਕਰਮੀ ਸਾਧ ਸੰਗਤ ਵਿਚ ਆਏ ਤੋਂ ਬਿਨਾ ਉਧਰ ਨਹੀਂ ਸਕਦੇ ।। ੨੧੫ ॥

ਜੇਹੜੇ ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਨਾਲ ਭੌਰੇ ਵਾਂਗਰ ਪਿਆਰ ਕਰਦੇ ਹਨ

ਉਨ੍ਹਾਂ ਦਾ ਪ੍ਰਤਾਪ ਜਗਤ ਤੇ ਬੜਾ ਵਧ ਜਾਂਦਾ ਹੈ ਅਤੇ ਬ੍ਰਹਮਾ ਸ਼ਿਵ

ਆਦਿਕ ਵੀ ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦੇ

ਅਤੇ ਉਨ੍ਹਾਂ ਦਾਸਾਂ ਦੇ ਚਰਨਾਂ ਦੀ ਧੂੜੀ ਸਭ ਚਾਹੁੰਦੇ ਹਨ

ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ
ਚਰਨ ਕਮਲ ਤਾਂਹਿ ਜਗ ਮਧੁਕਰ ਹੈ ॥

(ਮਧੁਕਰ) ਭੌਰਾ ਜੇਹੜਾ ਗੁਰਮੁਖ ਗੁਰੂ ਜੀ ਦੇ ਚਰਨਾਂ ਕਮਲਾਂ ਦੀ ਧੂੜੀ ਉਪਰ ਭੌਰੇ ਵਾਂਗਰ ਲੁਭਾਇਮਾਨ ਹੁੰਦਾ ਹੈ ਭਾਵ ਗੁਰੂ ਜੀ ਦੇ ਚਰਨਾਂ ਪਾਸ ਰਹਿਕਰ ਸੇਵਾ ਭਗਤੀ ਕਰਦਾ ਹੈ ਅਤੇ ਨਾਮ ਦਾ ਅਨੰਦ ਲੈਂਦਾ ਹੈ ਤਿਸ ਸਿਖ ਦੇ ਚਰਨਾਂ ਕਮਲਾਂ ਦੀ ਧੂੜੀ ਉਪਰ ਸਾਰਾ ਜਗਤ ਲੁਭਾਇਮਾਨ ਹੁੰਦਾ ਹੈ ਭਾਵ ਅਜੇਹੇ ਸਿਖ ਦੀ ਧੂੜੀ ਸਾਰਾ ਜਗਤ ਭੌਰਾ ਚਾਹੁੰਦਾ ਹੈ ।

ਜਿਤਨੀ ਸ੍ਰਿਸਟਿ ਤੁਮਾਰੀ ਮੇਰੇ ਸੁਆਮੀ ਤਿਤਨੀ ਲੋਰੈ ਧੂੜ ਸਾਧੂ ਕੀ ਭਾਈ ।

ਸ੍ਰੀ ਗੁਰ ਸ਼ਬਦ ਧੁਨਿ ਸੁਨ ਗਦ ਗਦ ਹੋਇ
ਅੰਮ੍ਰਿਤ ਬਚਨ ਤਾਂਹਿ ਜਗਤ ਉਧਰਿ ਹੈ ॥

ਜੇਹੜਾ ਸਿਖ ਗੁਰਾਂ ਦੇ ਸ਼ਬਦ ਦੀ ਅਵਾਜ਼ ਨੂੰ ਸੁਣਕੇ ਪ੍ਰਸੰਨ ਹੁੰਦਾ ਹੈ ਉਸਦੇ ਅੰਮ੍ਰਿਤ ਵਰਗੇ ਮਿਠੇ ਬਚਨ ਬਿਲਾਸ ਸੁਣਕੇ ਜਗਤ (ਉਧਰ) ਤਰ ਜਾਂਦਾ ਹੈ ਵਾ ਆਪ ਉਹ ਜਗਤ ਉਤੋਂ ਤਰ ਜਾਂਦਾ ਹੈ ।

ਕਿੰਚਤ ਕਟਾਛ ਕ੍ਰਿਪਾ (ਕੈ) ਗੁਰ ਦਯਾ ਨਿਧਾਨ
ਸਰਬ ਨਿਧਾਨ ਦਾਨ ਦੋਖ ਦੁਖ ਹਰ ਹੈ ।

ਜੇਹੜੇ ਸਿਖ ਨੂੰ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਕਰਕੇ ਗੁਰਾਂ ਨੇ (ਕਿਰਪਾ ਦ੍ਰਿਸ਼ਟੀ) ਨਿਧੀਆਂ ਦਾ ਖਜ਼ਾਨਾ ਬਖਸ਼ਿਆ ਅਥਵਾ ਨਾਮ ਦਾ ਖਜ਼ਾਨਾ ਦਿਤਾ ਓਹ ਅਜੇਹਾ ਸਿਖ ਅਗੋਂ ਸੰਸਾਰੀਆਂ ਲੋਕਾਂ ਨੂੰ ਸਾਰੇ ਰਿਧੀਆਂ ਸਿਧੀਆਂ ਦੇ ਖਜ਼ਾਨਿਆਂ ਦੇ ਦਾਨ ਕਰਨ ਨੂੰ ਸਾਮਰਥ ਹੋ ਜਾਂਦਾ ਹੈ ਅਤੇ ਕਲੇਸ਼ੀਆਂ ਦੇ

ਕਲਜੁਗ ਦੇ ਰੋਗੀਆਂ ਦੇ ਰੋਗ ਹਰਨ ਨੂੰ ਤਿਆਰ ਬਰਤਿਆਰ ਹੋ ਆਏ ਹੋ॥

ਨਾਮ ਦਾਨ ਦੀਏ ਜਨ ਅਪਨੇ, ਦੂਖ ਦਰਦ ਕਾ ਹੰਤਾ।

(ਸੋਰਠ ਗੁਰੂ ੫ ਅਸਟਪਦੀਆਂ)

ਨਾਮ ਨਿਧਾਨ ਸਤਿਗੁਰੂ ਸੁਣਾਇਆ ਮਿਟਗਏ ਸਗਲੇ ਰੋਗਾ ਜੀਉ।

(ਗੁਰੂ ੪ ਮਾਝ)

ਸ੍ਰੀ ਗੁਰੁ ਦਾਸਨ ਦਾਸ, ਦਾਸਨ ਦਾਸਾਨ ਦਾਸ
ਤਾਸ ਨ ਇੰਦ੍ਰਾਦਿ ਬ੍ਰਹਮਾਦਿ ਸਮਸਰ ਹੈ॥੨੯੬॥

ਜੇਹੜਾ ਗੁਰੂ ਜੀ ਦੇ ਪੰਜਵੀਂ ਜਗ੍ਹਾ ਦਾਸਾਂ ਦਾ ਦਾਸ ਬਣਿਆਂ ਹੈ ਉਸਦੇ ਬਰਾਬਰ ਬ੍ਰਹਮਾਂ, ਬਿਸ਼ਨ, ਮਹੇਸ਼, ਇੰਦ੍ਰ, ਸੁਰ, ਦੇਵਤੇ, ਜਗਤ ਦੇ ਤਿਆਗੀ, ਰਿਸ਼ੀ, ਮੁਨੀ, ਹਠੀ, ਜਪੀ, ਤਪੀ, ਮਾਇਆ ਧਾਰੀ ਨਹੀਂ ਹੋ ਸਕਦੇ।

ਹੁਣ ਭਾਈ ਜੀ ਸ੍ਰੀ ਗੁਰੂ ਜੀ ਦੇ ਚਰਨ ਸਰਨ ਆਉਣ ਦਾ
ਮਹਾਤਮ ਦਸਦੇ ਹਨ

ਜਗਤੁ ਪਰਮ ਗੁਰ ਚਰਨ ਸ਼ਰਨਿ ਆਏ
ਚਰਨ ਸ਼ਰਨਿ ਲਿਵ ਸਕਲ ਸੰਸਾਰ ਹੈ॥

ਸਨਮੁਖ ਉਸਤਤਿ---ਭਾਈ ਜੀ ਆਖਦੇ ਹਨ ਕਿ ਏਹ ਸਿਖ ਗੁਰੂ ਜੀ ਦੇ ਜਦੋਂ ਤੋਂ ਦੋਹੇ ਵਡੇ ਗੁਰਾਂ ਦੇ ਚਰਨਾਂ ਦੀ ਸਰਨ ਆਏ ਹਨ ਓਦੋਂ ਦਾ ਇਨ੍ਹਾਂ ਸਿਖਾਂ ਦੇ ਚਰਨਾਂ ਦੀ ਸ਼ਰਨ ਵਿਚ ਸਾਰਾ ਸੰਸਾਰ (ਲਿਵ ਬ੍ਰਿਤੀ ਕਰਕੇ) ਪ੍ਰੀਤੀ ਕਰਦਾ ਹੈ ਅਥਵਾ ਜਦ ਤੋਂ ਅਸੀਂ ਗੁਰਾਂ ਦੀ ਚਰਨ ਸਰਨ ਆਏ ਹਾਂ ਤਦ ਤੋਂ ਸਾਡੇ ਚਰਨਾਂ ਦੇ ਸਰਨ ਦੀ ਸਰਨ ਸਾਰਾ ਜਗਤ ਆਉਂਦਾ (ਵਾ ਆਇਆ ਹੈ) ਅਤੇ ਪ੍ਰੀਤੀ ਕਰਦਾ ਹੈ।

ਚਰਨ ਕਮਲ ਮਕਰੰਦ ਚਰਨਾਮ੍ਰਿਤ ਕੈ
ਚਾਹਤ ਚਰਨ ਰੇਨ ਸਕਲ ਆਕਾਰ ਹੈ॥

ਜਦੋਂ ਤੋਂ (ਅਸੀਂ) ਵਾ ਇਹ ਸਿਖ ਗੁਰੂ ਜੀ ਦੇ ਚਰਨ ਕਮਲਾਂ ਦੀ ਸਰਨ ਆਏ ਅਤੇ ਭੌਰੇ ਵਾਂਗਰ ਹੋਕਰ ਗੁਰੂ ਜੀ ਦੇ ਚਰਨਾਂ ਦੀ ਧੂੜੀ, ਸੁਗੰਧੀ, ਮਕਰੰਦੀ ਅਤੇ (ਚਰਨ ਪਾਹੁਲ) ਚਰਨਾਂ ਦਾ ਪਾਣੀ ਮੁਖ ਵਿਚ ਲੈਂਦੇ ਜੀਉਂਦੇ ਹਾਂ ਤਦੋਂ ਤੋਂ (ਅਸਾਡੀ) ਵਾ, ਇਨ੍ਹਾਂ ਸਿਖਾਂ ਦੇ ਚਰਨਾਂ ਕਮਲਾਂ ਦੀ ਧੂੜੀ ਸਾਰਾ ਸੰਸਾਰ ਚਾਹੁੰਦਾ ਹੈ॥

ਚਰਨ ਕਮਲ ਸੁਖ ਸੰਪਟ ਸਹਜ ਘਰ

ਨਿਹਚਲ ਮਤਿ ਪਰਮਾਰਥ ਬੀਚਾਰ ਹੈ ॥

ਜੇਹੜਾ ਸਿਖ ਗੁਰਾਂ ਦੇ ਚਰਨਾਂ ਕਮਲਾਂ ਦੇ ਸੁਖ ਰੂਪ (ਸਮਾਧੀ) ਨੂੰ ਪ੍ਰਾਪਤ ਮਿਲਿਆ ਹੈ ਉਹਦਾ ਅਚਲ ਸੁਖ ਵਿਚ ਨਿਵਾਸ ਹੋਯਾ (ਵਾ ...) ਹੈ ਅਤੇ ਗੁਰਾਂ ਦੀ ਸਿਖਿਆ ਨਾਲ ਅਕਲ ਵਿਚ ਵਾਹਿਗੁਰੂ ਨੂੰ ਮਿਲਣ ਦਾ ਬੀਚਾਰ ਵੀਚਾਰਦਾ ਹੈ ॥

ਚਰਨ ਕਮਲ ਗੁਰ ਮਹਿਮਾ ਅਗਾਧ ਬੋਧ
ਨੇਤਿ ਨੇਤਿ ਨਮੋਨਮੋ ਕੈ ਨਮਸਕਾਰ ਹੈ ॥੨੭੨॥

ਇਸ ਲਈ ਆਪ ਆਖਦੇ ਹਨ ਕਿ ਗੁਰੂ ਜੀ ਦੇ ਚਰਨਾਂ ਕਮਲਾਂ ਦੀ ਮਹਿਮਾ ਦਾ ਜਾਨਣਾ ਕਠਨ ਹੈ। ਜਾਂਵ ਗੁਰੂ ਜੀ ਦੇ ਚਰਨਾਂ ਦੀ ਮਹਿਮਾ ਜਾਣੀ ਨਹੀਂ ਜਾਂਦੀ ਇਸ ਲਈ ਅਸੀਂ ਬਿਅੰਤ ਤੇ ਸਦਾ ਹੀ ਮਨ, ਬਾਣੀ, ਸਰੀਰ, ਕਰਕੇ ਤਿਨਾ ਸਮਿਆਂ ਵਿਚ ਨਮਸਕਾਰ ਕਰਦੇ ਹਾਂ ॥ ੨੭੨ ॥

ਜਿਕਰ ਪਿਛੇ ਗੁਰੂ ਜੀ ਦੇ ਚਰਨਾਂ ਦੀ ਮਹਿੰਮਾ ਕਥਨ ਕੀਤੀ ਹੈ
ਏਕਰ ਹੀ ਮੁਹਰਲੇ ਕਬਿਤ ਵਿਚ ਕਰਦੇ ਹਨ

ਚਰਨ ਕਮਲ ਗੁਰ ਜਬ ਤੇ ਰਿਦੈ ਬਸਾਏ
ਤਬ ਤੇ ਅਸਥਿਰ ਚਿਤ ਅਨਤ ਨ ਧਾਵਈ ।

ਭਾਈ ਜੀ ਆਖਦੇ ਹਨ ਕਿ ਜੋ ਗੁਰੂ ਜੀ ਦੇ ਚਰਨ ਕਮਲ ਜਦ ਤੋਂ (ਅਸਾਂ) ਵਾ ਇਹਨਾਂ ਸਿਖਾਂ ਨੇ ਹਿਰਦੇ ਵਿਚ ਵਸਾਏ ਹਨ ਤਦ ਤੋਂ (ਸਾਡਾ) ਵਾ ਇਹਨਾਂ ਸਿਖਾਂ ਦਾ ਚਿਤ ਇਸਥਿਰ ਹੋ ਗਿਆ ਹੈ ਅਤੇ ਹੋਰ ਪਾਸੇ ਜਗਤ ਦੇ ਪਦਾਰਥਾਂ ਵਲ ਵਾ ਵਿਸ਼ਿਆਂ ਵਲ ਨਹੀਂ ਦੌੜਦਾ ॥

ਚਰਨ ਕਮਲ ਮਕਰੰਦ ਚਰਨਾਮ੍ਰਿਤ ਕੈ
ਪ੍ਰਾਪਤਿ ਅਮਰਪਦ ਸਹਜ ਸਮਾਵਈ ।

ਭਾਈ ਜੀ ਆਖਦੇ ਹਨ ਕਿ ਜਦ ਤੋਂ ਅਸਾਂ ਵਾ ਇਹਨਾਂ ਸਿਖਾਂ ਨੇ ਪ੍ਰੇਮ ਕਰਕੇ ਹੋਕਰ ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਪੀ ਭਗਤੀ ਤੇ ਚਰਨ ਪਾਹੁਲ ਲੈ ਲੀ ਕੀਤੀ ਹੈ ਤਦੋਂ ਤੋਂ ਅਮਰ ਪਦ (ਵਾਹਿਗੁਰੂ ਦੇ ਘਰ ਦਾ ਅਨੰਦ) ਪਾ ਲਿਆ ਹੈ ਵਾ ਨਾ ਮਰਨ ਵਾਲੀ ਪਦਵੀ ਨੂੰ ਪਹੁੰਚ ਗਏ ਹਾਂ ਅਤੇ ਸਾਰੀ ਸ੍ਰਿਸ਼ਟੀ ... ਵਾਹਿਗੁਰੂ ਦਾ ਉਸ ਵਿਚ ਸਮਾ ਗਏ ਹਾਂ ਅਥਵਾ ਸਮਾ ਗਏ ਹਨ ॥

ਚਰਨ ਕਮਲ ਗੁਰ ਜਬ ਤੇ ਧਿਆਨ ਧਾਰੇ

ਆਨ ਗਿਆਨ ਧਿਆਨ ਸਰਬੰਗ ਬਿਸਰਾਵਹੀ ।

ਭਾਈ ਜੀ ਆਖਦੇ ਹਨ ਕਿ ਜਦੋਂ ਤੋਂ ਅਸਾਂ ਵਾ ਜੇਹਨਾਂ ਸਿਖਾਂ ਨੇ ਗੁਰਾਂ ਦੇ ਚਰਨਾਂ ਕਮਲਾਂ ਦਾ ਧਿਆਨ ਧਾਰਨ ਕੀਤਾ ਹੈ ਤਦੋਂ ਤੋਂ ਹੋਰ (ਗਯਾਨ) ਵੇਦਾਂ ਸ਼ਾਸਤ੍ਰਾਂ ਦੇ ਅਤੇ (ਧਿਆਨ) ਅਨਮਤੀਆਂ ਲੋਕਾਂ ਦੇਵੀ ਦੇਵਤਿਆਂ ਦੇ ਸਾਰੇ ਅੰਗਾਂ ਵਿਚੋਂ ਵਿਸਰਾ ਦਿਤੇ ਹਨ ॥

ਚਰਨ ਕਮਲ ਗੁਰ ਮਧੁਪ ਕਮਲ ਗਤਿ

ਮਨ ਮਨਸਾ ਥਕਤ ਨਿਜ ਗ੍ਰਿਹ ਆਵਹੀ ॥ ੨੯੮॥

(ਮਧੁਪ) ਭੌਰਾ (ਮਨਸਾ) ਬੁਧੀ, ਅਕਲ, ਵਾਸ਼ਨਾਂ (ਨਿਜ) ਆਪਣਾ। ਭਾਈ ਜੀ ਆਖਦੇ ਹਨ ਕਿ ਅਸਾਂ ਵਾ ਏਨ੍ਹਾਂ ਸਿਖਾਂ ਨੇ ਗੁਰਾਂ ਦੇ ਚਰਨਾਂ ਕਮਲਾਂ ਉਪਰ ਏਕਰ ਪ੍ਰੇਮ ਕੀਤਾ ਜੇਕਰ ਫੁਲਾਂ ਉਤੇ ਭੌਰਾ ਕਰਦਾ ਹੈ ਅਤੇ ਮਨ ਤੇ (ਬੁਧੀ) ਅਕਲ ਬਾਹਰ ਦੀਆਂ ਪਦਾਰਥਾਂ ਦੀਆਂ ਵਾਸ਼ਨਾਂ ਤੋਂ ਥਕ ਕੇ ਆਪਣੇ ਘਰ (ਸ੍ਰੀ ਸਰੂਪ) ਵਿਚ ਆਗਏ ਹਾਂ ॥

ਇਕ ਆਦਮੀ ਵਾਹਿਗੁਰੂ ਨੂੰ ਮਿਲਣ ਵਾਸਤੇ ਬੜੇ ਕਰਨ (ਸਾਧਨ) ਜਪ ਤਪ ਕਰਦਾ ਹੈ। ਅਤੇ ਉਸਨੂੰ ਪੂਰਾ ਗੁਰੂ ਕੋਈ ਮਿਲਿਆ ਹੋਇਆ ਨਹੀਂ ਇਸ ਲਈ ਓਹ ਸੁਪਨੇ ਵਤ ਜੋ ਝੂਠੇ ਪਦਾਰਥ ਹੈਨ ਓਨ੍ਹਾਂ ਉਤੇ ਭੁਲ ਜਾਂਦਾ ਹੈ ਅਤੇ ਵਾਹਿਗੁਰੂ ਨੂੰ ਨਹੀਂ ਮਿਲ ਸਕਦਾ ਅਤੇ ਕਾਲੀ ਬੋਲੀ ਅੰਧੇਰੀ ਰਾਤ ਜੈਸੀ ਅਵਿਦਯਾ ਕੱਟਦੀ ਨਹੀਂ ਹੈ ਅਤੇ ਬੁਧੀ ਉਤੇ ਲਾਲਚ ਜੋ ਲਗੀ ਹੋਈ ਹੈ ਓਹ ਲਹਿੰਦੀ ਨਹੀਂ ਹੈ ਇਸ ਪਰਸੰਗ ਨੂੰ ਭਾਈ ਜੀ ਸੁਕੀਆ ਪਰਕੀਆ ਨਾਇਕਾ ਦੇ ਪ੍ਰਸੰਗ ਉਪਰ ਘਟਾਕੇ ਆਂਹਦੇ ਹਨ ਅਤੇ ਸਖੀ ਨੂੰ ਸਖੀ ਨਾਇਕਾ ਦੀ ਦਸ਼ਾ ਆਂਹਦੀ ਹੈ ਅਥਵਾ ਇਹ ਪ੍ਰਸੰਗ ਸੁਕੀਆ ਕਨੇਕਟਾ ਨਾਇਕਾ ਉਪਰ ਭੀ ਘਟ ਸਕਦਾ ਹੈ ਸੁਕੀਆ ਨਾਇਕਾ ਉਸਨੂੰ ਆਖਦੇ ਹਨ ਜਿਸ ਨਾਲ ਪਤੀ ਬਹੁਤੀ ਪ੍ਰੀਤੀ ਕਰੇ ਅਤੇ ਕਨੇਕਟਾ ਉਸਨੂੰ ਆਂਹਦੇ ਹਨ ਜਿਸ ਨਾਲ ਥੋੜੀ ਪ੍ਰੀਤੀ ਕਰੇ॥

ਹੁਣ ਇਸ ਮੁਹਰਲੇ ਭਾਈ ਜੀ ਦੇ ਕਬਿਤ ਵਿਚ ਇਕ ਪਤੀ ਹੈ ਅਤੇ ਉਸ ਦੀਆਂ ਬਹੁਤ ਸਾਰੀਆਂ ਇਸਤ੍ਰੀਆਂ ਹਨ ਜੋ ਓਨ੍ਹਾਂ ਸਾਰੀਆਂ ਵਿਚੋਂ ਇਕ ਪਯਾਰੀ ਇਸਤ੍ਰੀ ਹੈ ਪਰ ਉਸ ਨੂੰ ਪਤੀ ਦੇ ਆਉਣ ਵੇਲੇ ਨੀਂਦ ਨੇ ਆਣ ਘੇਰਿਆ ਹੈ ਇਸ ਲਈ ਓਹ ਜਾਗਕੇ ਆਪਣੀ ਸਖੀ ਨਾਲ ਅਫਸੋਸ ਕਰਦੀ ਹੈ ਕਿ ਅਜ ਮੇਰੀ ਵਾਰੀ ਸੀ ਪਰ ਮੈਨੂੰ ਕਲਾਇਣਿ ਨੀਂਦ ਨੇ ਘੇਰ ਲਿਆ ਅਤੇ ਪਤੀ ਨੂੰ ਨਾ ਮਿਲਣ ਦਿਤਾ ਇਸ ਪ੍ਰਸੰਗ ਪਰ ॥

ਜਾਗੀ ਬਹੁ ਨਾਇਕ ਕੀ ਨਾਇਕਾ ਪਿਆਰੀ ਹੋਈ

ਘੇਰੀ ਆਨ ਪ੍ਰਬਲ ਹ੍ਵੈ ਨਿੰਦ੍ਰਾ ਨੈਨ ਝਾਂਈਐ ।

(ਚਤੁਰੇ) ਚਾਲੀ, (ਸਖੁ) ਚਤੁਰ (ਨਾਇਕਾ) ਮਨੋ (ਨਾਇਕਾ) ਇਸਤ੍ਰੀ ਸਖਾਂ ਨੂੰ ਸਖੀ ਵਾ ਨਾਇਕਾ ਸਖੀ ਨੂੰ ਆਂਹਦੀ ਹੈ, ਕਿ ਹੇ ਮੇਰੀ ਪਯਾਰੀ ਸਖੀ ਚਤੁਰੀਆਂ ਇਸਤ੍ਰੀਆਂ ਦਾ ਮਾਲਕ ਜੋ ਮੇਰਾ ਪਤੀ ਹੈ ਮੈਂ ਉਸਦੀ ਪਯਾਰੀ ਇਸਤ੍ਰੀ ਜਾਂ ਜੇ ਅਜੇਹੇ ਵੇਲੇ ਪਤੀ ਨਾਲ ਹਾਸ ਬਿਲਾਸ ਮਧਰਾਤਾਂ ਦੇ ਅਨੰਦ ਲੈਣ ਦੀ ਮੇਰੀ ਵਾਰੀ ਸੀ ਪਰ ਮੇਰੇ ਨੇਤ੍ਰਾਂ ਵਿਚ ਨੀਂਦ ਆਣ ਛਾਈ ਅਤੇ ਉਸ ਜ਼ੋਰਾਵਰ ਨੀਂਦ ਨੇ ਮੈਨੂੰ ਦਬਾ ਲਿਆ ॥

ਧਨ ਸੁਤੀ ਪਿਰ ਸਦ ਜਾਗੀਤਾ । (ਸੂਹੀ ਮਹਲਾ ੫)

ਅਜੇਹਾ ਹੀ ਸਾਰੀ ਸ੍ਰਿਸ਼ਟੀ ਦਾ ਮਾਲਕ ਜੋ ਵਾਹਿਗੁਰੂ ਹੈ ਉਸਨੂੰ ਮਿਲਣ ਦੀ ਜੀਵ ਰੂਪ ਇਸਤ੍ਰੀ ਦੀ ਵਾਰੀ ਸੀ ॥

ਭਈ ਪਰਾਪਤਿ ਮਾਨੁਖ ਦੇਹੁਰੀਆ । ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ।

(ਗੂਜਰੀ ਗੁਰੂ ੫)

ਮਨ ਰੂਪੀ ਨੇਤ੍ਰਾਂ ਵਿਚ ਨੀਂਦ ਆ ਗਈ ਅਤੇ ਅਵਿਦਯਾ ਨੀਂਦ ਨੇ ਘੇਰ ਲਿਆ ॥

ਪ੍ਰੇਮਨੀ ਪਤਿਬ੍ਰਤਾ ਰਜਨੀਸ਼ੋ ਪ੍ਰਿਅ ਆਗਮ ਕੋ
ਨਿੰਦ੍ਰਾ ਕੋ ਨਿਰਾਦਰੁ ਕੈ ਸੋਈ ਨ ਭੈ ਤ੍ਰਾਣਿ ਕੈ॥

ਪ੍ਰੇਮਣਾਂ ਤੇ ਸਤਵੰਤਣਾਂ ਅਤੇ ਅਨੰਦ ਲੈਣ ਵਾਲੀਆਂ ਇਸਤ੍ਰੀਆਂ ਆਪਣੇ ਪਤੀ ਦੇ ਆਉਣ ਦੀ ਖਬਰ ਸੁਣਕੇ ਮੈਂ ਨੀਂਦ ਦਾ ਨਿਰਾਦਰ ਨ ਕੀਤਾ, ਅਤੇ ਨਾ ਹੀ ਸੁਤੀ ਪ੍ਰੇਮ ਨਾਲ ਡਰ ਕਰਕੇ ॥

ਸਖੀ ਹੁਤੀ ਸੌਤ ਭਈ ਗਈ ਸੁਖ ਦਾਇਕ ਪੈ
ਜਹਾਂ ਕੇ ਤਹਾਂ ਲੈ ਰਾਖੇ ਸੰਗਮ ਸੁਲਾਇ ਕੈ ॥

ਹਾਇ ਅਫਸੋਸ ! ਹੇ ਸਖੀ ਇਕ ਤੂੰ ਹੀ ਮੇਰੇ ਪਾਸ ਰਾਖੀ ਪੈਂਗੀ ਸੈਂ ਮੈਂ ਤੈਨੂੰ ਆਖਿਆ ਹੋਇਆ ਸੀ ਕਿ ਮੈਨੂੰ ਜਗਾ ਦੇਵੀਂ ਪਰ ਪਤੀ ਦੇ ਆਉਣ ਵੇਲੇ ਤੂੰ ਵੀ ਸੌਂ ਗਈਓਂ । ਸੋ ਇਸ ਲਈ ਸੁਖ ਦੇਣ ਵਾਲੇ ਪਤੀ ਕੋਲੋਂ ਮੈਂ ਵਿਛੜ ਗਈ ਤਾਂ ਉਸਦਾ ਅਨੰਦ ਨਾ ਲੈ ਸਕੀ । (ਕਲ ਪ੍ਰੇਮਵਤੀ, ਪ੍ਰਿਯ ਲਭਦਾ, ਵਾਸਿਕ ਸਿਜਾ, ਖੰਡਤਾ ਇਤਿਆਦਿਕ ਨਾਇਕਾ ਦੀ ਇਹ ਦਸ਼ਾ ਹੁੰਦੀ ਹੈ ਅਤੇ ਸਖੀ ਨਾਲ ਗੁਸੇ ਹੁੰਦੀਆਂ ਹਨ) ਹੇ ਸਖੀ ਇਸ ਵਿਛੋੜੇ ਕਰਕੇ ਨ ਮੈਨੂੰ ਪਤੀ ਪਾਸੋਂ ਵਿਛੋੜ ਦਿਤਾ ਜਿਸ ਜਗ੍ਹਾ ਮੈਂ ਪਤੀ ਕੋਲੋਂ ਵਿਛੜ ਗਈ ਸੀ ਤਾਂ ਇਹ ਵਿਛੋੜੇ ਨੇ ਮੇਰੇ ਨਾਲ ਰਲਕੇ ਮੈਨੂੰ ਉਸ ਜਗ੍ਹਾ ਸੁਲਾ ਦਿਤਾ।

ਸੂਖਕ ਚਰਿਤ੍ਰ ਸੈ ਨ ਮਿਤ੍ਰਹਿ ਮਿਲਨ ਦੀਨੀ

ਸਮ ਰੂਪ ਜਾਮਨੀ ਨ ਨਿਬਰੈ ਬਿਹਾਇ ਕੈਸੇ

ਹੇ ਸਖੀ ! ਰਾਤ ਨੂੰ ਕੀ ਦਿਨੇ ਹੀ ਸੁਪਨੇ ਦੇ ਰਸਾਮੇ ਨੇ ਮੈਨੂੰ ਪਤੀ ਨਾਲ ਨਹੀਂ ਮਿਲਨ ਦਿਤਾ ਅਤੇ ਫਿਰ ਇਹ ਸਮਾ ਚੂਰਗੀ ਰਾਤ ਬਤੀਤ ਹੋਕੇ ਨਿਕਲ ਹੀ ਨਹੀਂ ਹੈ ਭਾਵ ਦਿਨੇ ਹੀ ਮੈਨੂੰ ਰਾਤ ਪਈ ਹੋਈ ਹੈ ਜੇਕਰ ਮੈਨੂੰ ਪਤੀ ਮਿਲੇ ਅਤੇ ਅਵਿਦਯਾ ਨੀਂਦ ਦੂਰ ਹੋਵੇ ਤੇ ਤਾਂ ਮੈਨੂੰ ਦਿਨ ਚੜੇ ॥

ਹੁਣ ਆਪ ਉਤਮ (ਨਾਇਕਾ) ਜਿਸਦੀ ਦਾ ਲਛਣ ਦੇਂਦੇ ਹਨ ਉਤਮ, ਮਧਮ, ਅਧਮ ਤਿੰਨ ਨਾਇਕਾ ਹੁੰਦੀਆਂ ਹਨ ਪਰ ਉਤਮ ਵਿਚ ਬਹੁਤ ਪ੍ਰੇਮ ਅਤੇ ਨਿਮ੍ਰਤਾ ਹੁੰਦੀ ਹੈ ਸੋ ਇਸ ਲਈ ਭਾਈ ਜੀ ਤਿਸਦਾ ਪ੍ਰਸੰਗ ਦਸ ਦੇ ਹਨ ਜੇਹਾ ਰਾਗ ਗਉੜੀ ਵਿਚ ਨਾਮ ਦੇਉ ਜੀ ਕਿਹਾ ਹੈ—

"ਜਮ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ" ॥

ਰੂਪ ਹੀਨ, ਕੁਲ ਹੀਨ, ਗੁਨ ਹੀਨ, ਗਿਆਨ ਹੀਨ
ਸੋਭਾ ਹੀਨ, ਭਾਗ ਹੀਨ, ਤਪ ਹੀਨ ਬਾਵਰੀ ॥

ਹੀ ਮੇਰੀ ਸਖੀਓ ! ਮੈਂ ਆਪਣੇ ਪਿਆਰੇ ਪਤੀ ਨੂੰ ਕੀਕਰ ਮਿਲਾਂ ਕਿਉਂਕਿ ਅਜੇਹੇ ਮੇਰੇ ਵਿਚ ਔਗੁਣ ਹਨ ਕਿ ਸੁੰਦਰ ਸਰੂਪ, ਉੱਚੀ ਕੁਲ, ਨੇਕ ਗੁਣ, ਪ੍ਰਭੂ ਕਾ ਗਿਆਨ, ਸਜਾਵਟ ਕੀਤੀ ਭਾਗ ਹੀਨੀ, ਤਪ ਦਾਨ ਸੇਹ ਗੁਣਾਂ ਤੋਂ ਮੈਂ ਰਹਿਤ ਹਾਂ ਅਤੇ ਪਾਗਲਾ ਕਮਲੀ ਹੋਈ ਫਿਰਦੀ ਹਾਂ

ਮੈ ਅਵਗਨ ਭਰਪੂਰ ਸਰੀਰੇ ॥ (ਫੁਟਕਲ ਗੁਰੂ ੫)
ਕਉਨ ਗੁਨ ਪ੍ਰਾਨ ਪਤਿ ਮਿਲਉ ਮੇਰੀ ਮਾਈ ॥ ੧ ॥ ਰਹਾਉ ॥
ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥ ੨ ॥
ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥੩॥
(ਗੁਰੂ ਮ ਗਉੜੀ)

ਅਜੇਹਾ ਹੀ ਸਿਖ ਆਖਦਾ ਹੈ — ਯਥਾ—

ਭਾਈ ਗੁਰਦਾਸ ਜੀ ਵਾਰ ੩੪ ਪੌੜੀ ੨।

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ ॥

ਦ੍ਰਿਸਟਿ ਦਰਸ ਹੀਨ, ਸਬਦ ਸੁਰਤਿ ਹੀਨ
ਬੁਧਿ ਬਲ ਹੀਨ ਸੂਧੇ ਹਸਤ ਨ ਪਾਵਰੀ ॥

ਹੇ ਮੇਰੀ ਸਖੀਓ ! ਮੈਂ ਨੇਤ੍ਰਾਂ ਦੀ ਦ੍ਰਿਸਟੀ ਨਾਲ ਪਤੀ ਦਾ ਦਰਸਨ ਭੀ ਨਹੀਂ ਕੀਤਾ ਅਤੇ ਕੰਨ ਨਾਲ ਬਚਨਾਂ ਦੀ ਨਹੀਂ ਸੁਣੀਆਂ (ਭਾਵ ਆਗਿਆ ਭੀ ਨਹੀਂ ਮੰਨੀ) ਅਤੇ ਅਕਲ ਦੇ ਜੋਰ ਤੋਂ ਭੀ ਰਹਿਤ ਹਾਂ ਨਾਲੇ ਮੇਰੇ ਹਥ ਪੈਰ ਭੀ ਸਿਧੇ (ਚੰਗੇ) ਨਹੀਂ ਹਨ ਜਿਸ ਕਰਕੇ ਪਤੀ ਮੇਰੇ ਤੇ ਰੀਝ ਜਾਵੇ ਭਾਵ ਮੈਂ ਸਾਰੀ

ਔਗੁਣਾਂ ਦੀ [illegible] ਭਰੀ ਹੋਈ ਹਾਂ ॥

ਸਭਿ ਅਵਗੁਣ ਮੈ ਗੁਣੁ ਨਹੀ ਕੋਈ। ਕਿਉ ਕਰ ਕੰਤ ਮਿਲਾਵਾ ਹੋਈ ॥
ਨਾ ਮੈ ਰੂਪੁ ਨਾ ਬੰਕੇ ਨੈਣਾ। ਨਾ ਕੁਲ ਢੰਗੁ ਨ ਮੀਠੇ ਬੈਣਾ ॥
(ਗੁਰੂ ੧ ਸੂਹੀ)

ਅਜਿਹਾ ਹੀ ਸਿਖਾਂ ਵਲੋਂ ਹੋਕੇ ਭਾਈ ਜੀ ਆਂਹਦੇ ਹਨ।
ਮੈ ਜੇਹਾ ਨਾ ਅਕ੍ਰਿਤਘਣ ਹੈ ਭਿ ਨ ਹੋਆ ਹੋਵਣਹਾਰਾ (ਵਾਰ੧੭ ਪਉੜੀ [illegible]

ਪ੍ਰੀਤਿ ਹੀਨ, ਰੀਤਿ ਹੀਨ, ਭਾਇ, ਭੈ, ਪ੍ਰਤੀਤ ਹੀਨ
ਚਿਤ ਹੀਨ, ਬਿਤ ਹੀਨ ਸਹਜ ਸੁਭਾਵਰੀ ॥

ਹੇ ਸਖੀ ਮੈਂ ਪਤੀ ਦੀ ਪ੍ਰੀਤ ਤੋਂ ਵੀ ਰਹਿਤ ਭਾਵ ਪਤੀ ਨਾਲ ਪ੍ਰੀਤ [illegible] ਨਹੀਂ ਕਰਦੀ ਅਤੇ ਰੀਤ ਤੋਂ ਵੀ ਰਹਿਤ ਹਾਂ ਭਾਵ ਕੰਮ ਵੀ ਮੈਂ ਕੋਈ [illegible] ਨਹੀਂ ਕਰਦੀ ਕਰਾਉਂਦੀ, ਪ੍ਰੇਮ, ਡਰ ਨਿਸਚੇ ਤੋਂ ਰਹਿਤ ਹਾਂ ਮਨ ਵੀ [illegible] ਵਲ ਨਹੀਂ ਲਗਦਾ ਅਤੇ ਧਨ ਵੀ ਘਰ ਵਿਚ ਨਹੀਂ ਜੋ ਪਤੀ ਨੂੰ ਪ੍ਰਸੰਨ [illegible] ਲਵਾਂ ਅਤੇ ਸ਼ਾਂਤੀ ਸੁਭਾਉ ਵੀ ਨਹੀਂ ਹੈ, ਨਾਹਿਨ ਦਰਬੁ ਨ ਜੋਬਨ ਮਾਤੀ। [illegible]

ਅਜੇਹਾ ਹੀ ਭਾਈ ਜੀ ਸਿਖਾਂ ਵਲੋਂ ਹੋਕੇ ਆਂਹਦੇ ਹਨ। ਮੇਰੇ ਹੈਂ ਔਗ[illegible] ਨੂੰ ਗੁਣ ਸਾਗਰ ਜਾਤ ਰਸਾਤਲ ਓਟ ਤੁਹਾਰੀ। ਇਹ ਸੋਰਠਾ ਦੋਨਾਂ ਹੀ [illegible] ਵਿਚੋਂ ਪਾਠਕ ਵੇਖ ਸਕਦੇ ਹੋ ॥

ਅੰਗ ਅੰਗ ਹੀਨ ਦੀਨਾਧੀਨ ਪਰਚੀਨ ਲਗ
ਚਰਨ ਸ਼ਰਨਿ ਕੈਸੇ ਪ੍ਰਾਪਤਿ ਹ੍ਵੈ ਰਾਵਰੀ ॥੨੨੦॥

ਹੇ ਸਖੀ ਸਾਰੇ ਸਰੀਰ ਦੇ ਅੰਗ ਮੇਰੇ ਪਤੀ ਦੀ ਸੇਵਾ ਤੋਂ ਰਹਿਤ [illegible] ਅਤੇ ਗਰੀਬਾਂ ਵਾਕਰ ਗਰੀਬਤਾਈ ਦੇ (ਅਧੀਨ) ਵਸ ਹੋਈ ਹੋਈ ਹਾਂ ਭਾਵ [illegible] ਕਿਵੇਂ ਨੇ ਦਬਾਇਆ ਹੋਇਆ ਹੈ ਹੇ ਪਤੀ ਮੈਂ ਤੇਰੇ ਚਰਨਾਂ ਦੀ ਸਰਨ [illegible] ਆਵਾਂ ਅਜੇਹਾ ਹੀ ਭਾਈ ਜੀ ਸਿਖ ਵਲੋਂ ਹੋਕੇ ਆਂਹਦੇ ਹਨ ॥੨੨੦॥

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥
(ਗੁਰੂ ੧ ਗਉੜੀ [illegible]

"ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ"
ਇਹ ਸਾਰੀ ਪਉੜੀ ਭਾਈ ਗੁਰਦਾਸ ਜੀ ਨੇ ਵਾਰ ੨੬ ਪੌੜੀ ੨੦ ਤੇ ਲਿਖੀ [illegible]

ਕਾਬਲ ਦੇ ਘੋੜਿਆਂ ਵਾਲੀ ਸਾਖੀ ਜਾਣਨ ਵਾਲੇ ਜਦ ਭਾਈ ਜੀ ਆਏ [illegible] ਗੁਰੂ ਜੀ ਆਖਿਆ ਹੇ ਭਾਈ ਤੂੰ ਤਾਂ ਬੜਾ ਭਲਾ ਹੈਂ [illegible] ਭਾਈ ਜੀ ਨੇ ਦੋਹਾਂ ਵਿਚੋਂ ਅਗਲੀ ਪਉੜੀ ਪਾੜ ਇਹ ਮੁਹਰਲਾ [illegible]

ਰਤ ਕਰਾਵੈ ਖੁਦਾਇਆ ॥

ਜਨਨਿ ਸੁਤਹ ਬਿਖ ਦੇਤ ਹੇਤ ਕੌਨ ਰਾਖੈ

(ਜਨਨਿ) ਮਾਤਾ (ਬਿਖ) ਵਿਹੁ, ਜੇਕਰ ਮਾਤਾ ਹੀ ਪੁਤ੍ਰ ਨੂੰ ਵਿਹੁ ਦੇਕੇ ਮਾਰੇ ਤਾਂ ਪੁਤ੍ਰ ਨੂੰ ਪਯਾਰ ਦੇ ਕੇ ਕੇਹੜਾ ਰਖਿਆ ਕਰੇ ॥

"ਜੇ ਮਾਂ ਪੁਤੈ ਵਿਸੁ ਦੇਇ ਤਿਸ (ਤੇ) ਕੌਣ ਪਿਆਰਾ"

ਘਰ ਮੂਸੈ ਪਾਹਰੂਆ ਕਹੋ ਕੈਸੇ ਰਾਖੀਐ ।

(ਮੁਸੈ) ਲੁਟੇ, ਜੇਕਰ ਘਰ ਨੂੰ ਰਾਖੀ ਕਰਨ ਵਾਲਾ ਹੀ ਉਠਕੇ ਲੁਟ ਲਵੇ ਤਾਂ ਦਸੋ ਖਾਂ ਕਿਕਰ ਕੋਈ ਘਰਦਾ ਬਚਾ ਕਰ ਸਕਦਾ ਹੈ ॥

"ਜੇ ਘਰ ਭੰਨੈ ਪਾਹਰੂ ਕਉਣ ਰਖਣ ਹਾਰਾ"

ਕਰੀਆ ਜੌ ਬੋਰੈ ਨਾਵ ਕਹੋ ਕੈਸੇ ਪਾਵੈ ਪਾਰ

(ਕਰੀਆ) ਮਲਾਹ, ਬੇੜੀ ਵਾਲਾ (ਬੋਰੈ) ਡੋਬੇ ਜੇਕਰ ਮਲਾਹ ਹੀ ਬੇੜੀ ਨੂੰ ਡੋਬਕੇ ਮੁਸਾਫਰਾਂ ਨੂੰ ਮਾਰਨਾ ਚਾਹੇ ਤਾਂ ਦਸੋ ਖਾਂ (ਗੁਰੂ ਜੀ) ਕੋਈ ਕਿਵੇਂ ਪਾਰ ਹੋ ਸਕਦਾ ਹੈ ॥

"ਬੇੜਾ ਡੋਬੈ ਪਾਤਣੀ ਕਉਣ ਪਾਰ ਉਤਾਰਾ"

ਆਗੂਆ ਊ* ਬਾਟ ਪਾਰੈ, ਕਾਪੈ ਦੀਨ ਭਾਖੀਐ।

ਹੇ ਗੁਰੂ ਜੀ— ਜੇਕਰ ਅਗੇ ਚਲਣ ਵਾਲਾ ਹੀ ਰਾਹ ਮਾਰ ਦੇਵੇ ਰਸਤੇ ਵਿਚ ਲੁਟ ਲਵੇ ਤੇ ਤਾਂ ਦਸੋ ਖਾਂ ਕਿਸ ਪਾਸ ਜਾਕੇ ਗਰੀਬਾਂ ਵਾਂਗਰ ਰੋਈਏ ਅਤੇ ਆਪਣੇ ਪੈਸੇ ਗਏ ਦਾ ਦੁਖ ਆਖੀਐ

ਆਗੂ ਲੈ ਉਜੜ ਪਵੈ ਕਿਸ ਕਰੈ ਪੁਕਾਰਾ॥

ਖੇਤ(ਕੌ)ਜੌ ਖਾਇ ਬਾਰ, ਕੌਨ ਧਾਇ ਰਾਖਹਾਰ

(ਹੇ ਗੁਰੂ ਜੀ)ਜੇਕਰ ਖੇਤ ਨੂੰ ਵਾੜ ਹੀ ਖਾ ਜਾਵੇ ਤਾਂ ਦਸੋ ਖਾਂ ਕੇਹੜਾ ਦੌੜਕੇ ਰਖਣ ਵਾਲਾ ਰਖ ਸਕਦਾ ਹੈ ॥

ਜੇਕਰ ਖੇਤੈ ਖਾਇ ਵਾੜ ਕੋ ਲਹੈ ਨ ਸਾਰਾ ॥

ਰਜੂਵੈ ਕਰੈ ਅਨਿਆਉ ਪੂਛੈ ਕੌਨ ਸਾਖੀਐ ।

(ਰਜੂਵੈ) ਰਜੂਵਰਜੀ ਰਾਜਾ

ਹੇ ਗੁਰੂ ਜੀ—ਜੇਕਰ ਰਾਜਾ ਹੀ ਅਨਿਆਇ ਕਰੇ (ਤਾਂ ਦਸੋ ਖਾਂ) ਉਗਾਹੀ

---

*ਉਰਦ ਉਚਾਰ ਨੂੰ ਆਪਣੇ [illegible] ਹਿਰਦੇ ਰਖ ਜੋਸ਼ੀ ਰਾਮਚੰਦ ਜੀ ਦੇ [illegible] ਵਿਚ [illegible]

[illegible] ਦੀ [illegible] ਕਿਵੇਂ [illegible]

ਓਟ ਵਾਲੇ ਉਗਾਹ ਨੂੰ ਲੋਣ ਪੁਗਣਾ ਹੈ । ਸਗੋਂ ਅਜੇਹਾ ਰਾਜੇ ਨੂੰ ਹੋਣਾ ਚਾਹੀਦਾ ਹੈ ।

ਰਾਜਾ ਫਿਰੇ ਫਕੀਰ ਹੋਇ ਸੁਣ ਦੁਖ ਮਿਟਾਏ ॥

ਰੋਗੀਆ ਜੋ ਵੈਦ ਮਾਰੈ

(ਹੇ ਗੁਰੂ ਜੀ) ਜੇਕਰ ਰੋਗੀ ਨੂੰ ਵੈਦ ਹੀ ਮਾਰ ਦੇਵੇ ਤੇ (ਤਾਂ ਦਸੋ ਖਾਂ) ਉਸ ਨੂੰ ਕੌਣ ਰਾਜ਼ੀ ਕਰ ਸਕਦਾ ਹੈ ॥

(ਵਾਰ ੩੨ ਪੌੜੀ ੧੯ ਵਿਚੋਂ ਦੇਖੋ) ਵੈਦ ਹੰਢੋਂਦੀ ਉਠਣੀ ਲੈ ਸਿਲ-ਵਲੀ ਕਰਦਾ ਭੰਨਾ । ਸੇਵਕ ਸਿਖੀ ਵੇਦਗੀ ਮਾਰੀ ਬੁਢੀ ਰੋਵਨ ਰੰਨਾ ॥

ਮਿਤ੍ਰ ਜੌ ਕਮਾਵੈ ਦ੍ਰੋਹ

ਹੇ ਗੁਰੂ ਜੀ, ਜੇਕਰ ਮਿਤ੍ਰ ਨੂੰ ਮਿਤ੍ਰ ਹੀ ਛਲ ਕਰਕੇ ਠੱਗ ਲਵੇ ਤੇ (ਤਾਂ ਦਸੋ ਖਾਂ) ਕੌਣ ਉਸਨੂੰ ਬਚਾ ਸਕਦਾ ਹੈ ॥

ਗੁਰ ਨ ਮੁਕਤਿ ਕਰੈ ਕਾਪੈ ਅਭਿਲਾਖੀਐ ॥੨੨੧॥

ਹੇ ਸਤਿਗੁਰੂ ਜੇਕਰ ਸਿਖ ਨੂੰ ਗੁਰੂ ਹੀ ਨਾ ਮੁਕਤ ਕਰਨ ਤੇ (ਤਾਂ ਦਸੋ ਜੀ) ਕਿਸ ਪਾਸ ਜਾਕੇ ਸਿਖ ਨੂੰ ਮੁਕਤੀ ਦੀ ਇਛਾ ਕਰਨੀ ਚਾਹੀਦੀ ਹੈ ॥

ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿਖ ਵਿਚਾਰਾ ।

ਗੁਰੂ ਜੀ-ਤੂੰ ਤਾਂ ਤਲ ਦਾ ਸਿਖ ਸੈਂ ਨਹੀਂ ਸੀ ਡੋਲਣਾ ॥

ਭਾਈ ਜੀ-ਧਰਤੀ ਉਪਰ ਕੋਟ ਗੜ੍ਹ ਭੁਇ ਚਾਲ ਕਮੰਦੇ ।

ਝਖੜ ਆਇ ਤਰਵਰਾਂ ਸਰਬਤ ਹਲੰਦੇ ।
ਡਵ ਲਗੇ ਉਜਾੜ ਵਿਚ ਸਭ ਘਾਹ ਜਲੰਦੇ ।
ਹੜ ਆਇਆ ਕਿਨ ਥੰਮੀਅਨ ਦਰਯਾਉ ਵਹੰਦੇ ।
ਅੰਬਰ ਪਾਟੇ ਥਿਗਲੀ ਕੂੜਿਆਰ ਕਰੰਦੇ ।
ਸਾਂਗੀ ਅੰਦਰ ਸਾਬਤੇ ਸੇ ਵਿਰਲੇ ਬੰਦੇ ॥੨੧॥

ਜਿਨ੍ਹਾਂ ਸਿਖਾਂ ਨੇ ਆਪਣੇ ਮਨ ਨੂੰ ਗੁਰਾਂ ਦੇ ਚਰਨਾਂ ਕਮਲਾਂ ਤੇ ਭੌਰਾ ਕੀਤਾ ਹੈ ਉਹਨਾਂ ਨੇ ਅਮਰ ਪਦ ਨੂੰ ਪਾਇਆ ਹੈ

ਮਨ ਮਧੁਕਰ ਗਤਿ ਭ੍ਰਮਤ ਚਤਰ ਕੁੰਟ
ਚਰਨ ਕਮਲ ਸੁਖ ਸੰਪਟ ਸਮਾਈਐ ॥

ਜਿਹਾ ਕੁ ਭੌਰਾ ਚਾਰਾਂ ਪਾਸਿਆਂ ਵਲ ਉਡਦਾ ਫਿਰਦਾ ਹੈ ਅਤੇ ਦੁਖ ਪਾਉਂਦਾ ਹੈ (ਅਤੇ ਸਦਾ ਸੁਖ ਦੇਣ ਵਾਲੇ ਫੁੱਲ) ਫੁਲਾਂ ਉਤੇ ਜਾ ਬੈਠਦਾ ਹੀ ਖੁਸ਼ ਰਾਹਤ ਕਰਦਾ ਸੁਖ ਪਾਉਂਦਾ ਹੈ ਤਿਹਾ ਕੁ ਹੀ ਮਨ ਚਾਰਾਂ ਕੂੰਟਾਂ ਵਲ ਉਡਦਾ ਫਿਰਦਾ ਹੈ ਅਤੇ ਜਦੋਂ ਗੁਰਾਂ ਦੇ ਚਰਨਾਂ ਉਪਰ ਜਾ ਬੈਠੇ ਤਾਂ ਸੰਸਾਰ ਦੀ (ਝੂਠੀ) ਮਾਇਆ

(ਸੰਤ) ਪਦਾਰਥਾਂ ਦੇ ਰੂਪ ਤੋਂ ਬਚ ਜਾਂਦਾ ਹੈ ਅਤੇ ਸੁਖ ਪਾਉਂਦਾ ਹੈ ॥

ਗੁਰਾਂ ਦੇ ਚਰਨਾਂ ਵਿਚ ਅਤੇ ਕਮਲਾਂ ਵਿਚ ਮਨ ਭੌਰੇ ਨੂੰ ਸਮਾਈ ਕਰਨ ਵਾਲਿਆਂ ਨੂੰ ਸੁਖ ਹੁੰਦਾ ਹੈ ਸੋ ਆਖਦੇ ਹਨ—

ਸੀਤਲ ਸੁਗੰਧ ਅਤਿ ਕੋਮਲ ਅਨੂਪ ਰੂਪ
ਮਧ(ਮਨ) ਮਕਰੰਦ ਰਸ ਅਨਤ ਨ ਧਾਈਐ ॥

ਜੈਸੇ ਭੌਰਾ ਸੀਤਲਤਾਈ, ਵਾਸ਼ਨਾਂ, ਬਹੁਤ ਹੀ ਕੋਮਲਤਾ ਦੀ ਨਰਮਤਾ ਬਹੁਤ ਰੂਪ ਵਾਲੀ ਅਤੇ ਮਿਠਾਈ ਫੁਲਾਂ ਦੀ ਧੂੜੀ ਦੇ ਸਵਾਦ ਨੂੰ ਲੈਂਦਾ ਹੈ ਅਤੇ ਹੋਰ ਕਿਸੇ ਪਾਸੇ ਨਹੀਂ ਦੌੜਦਾ ਤੇਹਾਬੂ ਹੀ ਗੁਰਾਂ ਦੇ ਚਰਨਾਂ ਵਿਚੋਂ ਸਿਖ ਦਾ ਮਨ (ਹਿਰਦਾ ਠੰਢਾ ਰਹਿਣਾ ਅਤੇ ਭਗਤੀ ਦੀ ਵਾਸ਼ਨਾਂ ਆਉਣੀ ਬਾਣੀ ਕੋਮਲ ਹੋ ਜਾਣੀ ਬਹੁਤ ਰੰਗ ਰੂਪ ਵਾਲਾ ਹੋ ਜਾਣਾ। ਨਾਮ ਦਾ ਮਿਠਾ ਸੁਆਦ ਰਖਣਾ ਅਤੇ ਚਰਨਾਂ ਦੀ ਧੂੜੀ ਮਥੇ ਤੇ ਲਾਉਣੀ) ਅਜੇਹੇ ਅਨੰਦ ਨੂੰ ਲੈਂਦਾ ਹੈ ਅਤੇ ਹੋਰ ਪਾਸੇ ਪਦਾਰਥਾਂ ਵਲ ਨਹੀਂ ਦੌੜਦਾ ॥

ਹੁਣ ਅਗੇ ਸਿਖਾਂ ਦੇ ਮਨ ਦੀ ਗਲ ਦਸਦੇ ਹਨ

ਸਹਜ ਸਮਾਧਿ ਉਨਮਨ ਜਗਮਗ ਜੋਤਿ
ਅਨਹਦ ਧੁਨਿ ਰੁਨ ਝੁਨਿ ਲਿਵ ਲਾਈਐ ।

ਤਿਹਨਾਂ ਅਜੇਹਾਂ ਸਿਖਾਂ ਦਾ ਮਨ ਪ੍ਰਕਾਸ਼ ਕਰਨ ਵਾਲੇ ਵਾਹਿਗੁਰੂ ਦੀ ਜੋਤੀ ਵਿਚ ਸਹਿਜੇ ਹੀ ਸਮਾਧੀ ਲਾਉਂਦਾ ਹੈ। ਭਾਵ ਮਨ ਟਿਕ ਜਾਂਦਾ ਹੈ (ਅਤੇ ਉਸ ਵਾਹਿਗੁਰੂ ਦੇ ਪਾਸ ਜੋ ਨਾਮ ਦੇ ਭਜਨ ਦਾ ਅਨੰਦ ਆ ਰਹਿਆ ਹੈ) ਉਸ ਵਾਜੇ ਦੀ ਅਵਾਜ਼ ਵਿਚ ਇਕ ਰਸ ਚਿਤ ਦੀ ਬ੍ਰਿਤੀ ਲਾਉਂਦਾ ਹੈ ਅਥਵਾ ਜਦ ਮਨ ਵਾਹਿਗੁਰੂ ਵਲੋਂ (ਉਪਰਾਮ) ਉਤਰਦਾ ਹੈ ਤੇ ਤਾਂ ਬਾਹਰ (ਰਾਗੀਆਂ ਦੇ) ਵਾਜਿਆਂ ਦੇ ਸ਼ਬਦ ਕੀਰਤਨ ਵਿਚ ਚਿਤ ਬ੍ਰਿਤੀ ਲਾਉਂਦਾ ਹੈ ॥

ਗੁਰਮੁਖ ਬੀਸ ਇਕਈਸ ਸੋਹੰ ਸੋਈ ਜਾਨਿ
ਆਪ ਅਪਰੰਪਰ(ਪਰਮ)ਅਮਰ ਪਦ ਪਾਈਐ॥੨੨੨

ਗੁਰਾਂ ਦੇ ਸਿਖ ਇਕ ਵਾਹਿਗੁਰੂ ਨੂੰ ਨਿਸ਼ਚੇ ਕਰਕੇ ਭਾਵ ਇਕ ਵਾਹਿਗੁਰੂ ਨੂੰ ਜਾਣਕੇ (ਅਤੇ ਇਸ ਸੰਸਾਰ ਨੂੰ ਤਿਲਾਂਜਲੀ ਦੇਕੇ) ਸਾਰੀ ਸ੍ਰਿਸ਼ਟੀ ਆਪਣਾ ਆਪ ਰੂਪ ਜਾਣਦੇ ਹਨ ਇਸ ਵਾਸਤੇ ਇਸ ਸੰਸਾਰ ਤੋਂ ਪਰੇ ਹੋਰੇ ਰੈਹੀ (ਅਮਰ ਪਦ) ਵਾਹਿਗੁਰੂ ਨੂੰ ਪਾ ਲੈਂਦੇ ਹਨ॥

ਜਿਹਾ ਕੁ ਕਨੌਆ ਸਿਖ ਗੁਰੂ ਕਲਗੀਧਰ ਜੀ ਦੇ ਪਾਸ ਹੋਇਆ ਹੈ

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥

(ਆਸਾ ਨਾਮ ਦੇਉ ਜੀ)

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ।
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ (ਕਬੀਰ ਜੀ)

ਵਾਹਿਗੁਰੂ ਤੋਂ ਭੁਲਿਆਂ ਹੋਇਆਂ ਦਾ ਪ੍ਰਸੰਗ ਦਸਦੇ ਹਨ

ਪਿਛੇ ਮਨ ਨੂੰ ਭੌਰਾ ਬਣਾਕੇ ਗੁਰਾਂ ਦੇ ਚਰਨਾਂ ਕਮਲਾਂ ਤੇ ਇਸਥਿਤ ਕੀਤਾ ਸੀ, ਜਿਨ੍ਹੇ ਤਾਂ ਗੁਰਮੁਖ ਬਣ ਗਏ ਪਰ ਜਿਹੜੇ ਗੁਰਾਂ ਦੇ ਚਰਨਾਂ ਪਾਸ ਵੀ ਰਹਿਕੇ ਵਾਹਿਗੁਰੂ ਵਲ ਨਹੀਂ ਲਗੇ ਅਤੇ ਮਨ ਨੂੰ ਨਹੀਂ ਟਿਕਾਇਆ, ਅਜੇਹੇ ਗੁਰਾਂ ਨੂੰ ਛਡਕੇ ਬਾਹਰ, ਮੁਲਤਾਨ ਦੇਵੀ ਦੇਵਤਿਆਂ ਮੜ੍ਹੀਆਂ ਭਜੇ ਫਿਰਦੇ ਹਨ ਅਤੇ ਪਾਸ ਹੀ ਜੋ ਗੁਰੂ ਮੁਕਤੀ ਕਰਨਵਾਲੇ ਹਨ ਉਨ੍ਹਾਂ ਦੀ ਕਦਰ ਨਹੀਂ ਜਾਣਦੀ ਪਰ ਭਾਈ ਜੀ ਆਂਹਦੇ ਨੇ

ਭੂਲੇ ਮਾਰਗਿ ਜਿਨਹਿ ਬਤਾਇਆ ।
ਐਸਾ ਗੁਰੁ ਵਡਭਾਗੀ ਪਾਇਆ ॥ (ਗਉੜੀ ੫)

ਮੁਕਦੀ ਗਲ ਹੁਣ ਭੁਲਕੇ ਦੁਖ ਪਾਉਣ ਵਾਲਿਆਂ ਮਨਮੁਖਾਂ ਦਾ ਹਾਲ ਵਡਾ ਤੇ ਦ੍ਰਿਸ਼ਟਾਂਤ ਪਾਕੇ ਦਸਦੇ ਹਨ ॥

ਮਨ ਮ੍ਰਿਗ, ਮ੍ਰਿਗਮਦ, ਅਛਤ ਅੰਤਰ ਗਤਿ
ਭੂਲਤੋ ਭ੍ਰਮ ਖੋਜਤ ਫਿਰਤ ਬਨ ਮਾਹੀ ਜੀ ।

* (ਮ੍ਰਿਗ) ਹਰਨ, ਮ੍ਰਿਗਮਦ) ਕਸਤੂਰੀ (ਅਛਤ) ਹੁੰਦਿਆਂ ਹੀ (ਗਤਿ) ਪ੍ਰਾਪਤ, ਜੇਹਾ ਕੁ ਹਰਨ ਕਸਤੂਰੀ ਦੇ ਅੰਦਰ ਹੁੰਦਿਆਂ ਹੀ ਭਰਮ ਕਰਕੇ ਭੁਲਿਆ ਹੋਇਆ (ਕਸਤੂਰੀ ਨੂੰ) ਉਜਾੜਾਂ ਦੀਆਂ ਝਾੜੀਆਂ ਵਿਚ ਲਭਦਾ ਫਿਰਦਾ ਹੈ ਭਾਵ ਕਸਤੂਰੀ ਨੂੰ ਹਰਨ ਜੰਗਲਾਂ ਵਿਚ ਲਭਦਾ ਫਿਰਦਾ ਹੈ ॥

ਜਾਣ ਕਥੂਰੀ ਮਿਰਗ ਤਨ ਝਾੜ ਸਿੰਘ ਦਾ ਫਿਰੇ ਅਵਰਿਆ । (ਵਾਰ ...)
ਕਸਤੂਰੀ ਕੇ ਭੋਲੜੇ ਗੰਦੇ ਡੂੰਮਿ ਪਈਆਸ ।
ਨਾਭਿ ਕਥੂਰੀ ਮਿਰਗ ਦੇ ਵਤੈ ਉਜੀੜਾ । (ਵਾਰ ੪ ਪੌੜੀ ੨, ...)
ਜੈਸੇ ਕੁਰੰਕ ਨਹੀ ਪਾਇਓ ਭੇਦੁ । ਤਨਿ ਸੁਗੰਧ ਢੂੰਢੈ ਪ੍ਰਦੇਸੁ ॥

(ਰਵਿਦਾਸ ਜੀ, ਬਸੰਤ)

---

* ਸਿਆਣੇ ਲੋਗ ਆਖਦੇ ਹਨ ਕਿ ਇਸਦੇ ਅੰਦਰ ਕਸਤੂਰੀ ਦੀ ਮੁਸ਼ਕ ਆਉਂਦੀ ਹੈ ਪਰ ਇਸ ਨੂੰ ਪਤਾ ਨਹੀਂ ਹੁੰਦਾ, ਇਸ ਲਈ ਜੰਗਲਾਂ ਵਿਚ ਢੂੰਡਦਾ ਫਿਰਦਾ ਹੈ ਪਰ ਜਦ ਥਕਕੇ ਬਹਿ ਜਾਵੇ ਤਾਂ ਧੁੰਨੀ ਨੂੰ ਨੱਕ ਲਗਾਂਵਦੇ ਤਾਂ ਉਥੋਂ ਮੁਸ਼ਕ ਆਉਂਦੀ ਹੈ ਤੇ ਬੜਾ ਅਨੰਦ ਹੁੰਦਾ ਹੈ ਅਤੇ ਆਪਣੇ ਭੁਲੇਵੇ ਨੂੰ ਯਾਦ ਕਰਕੇ ਪਛਤਾਉਂਦਾ ਹੈ ॥

ਜੈਸਾ ਕੁ ਸ੍ਰੀ ਵਾਹਿਗੁਰੂ ਦੀ ਭਗਤੀ ਮਨਮੁਖ ਨੇ ਔਖਿਆਂ ਕੀ, ਤੇਰੇ ਮਨ ਭ੍ਰਮ ਬਾਹਰ ਬੁਤਾਂ ਪੂਤ੍ਰਾਂ ਦੇਵੀ ਦੇਵਤਿਆਂ ਕਰਵਰਾ ਪਾਸੋਂ ਲਭਦਾ ਫਿਰਦਾ ਹੈ ॥ ਇਸ ਲਈ ਮਨਮੁਖ ਦਾ ਮਨ ਨਹੀਂ ਟਿਕਦਾ ਅਥਵਾ ਮਨਮੁਖ ਦਾ ਮਨ ਸੰਸਾਰ ਰੂਪੀ ਜੰਗਲ ਵਿਚ ਭਟਕਦਾ ਲਭਦਾ ਫਿਰਦਾ ਹੈ ।

ਜਿਉ ਕਸਤੂਰੀ ਮਿਰਗ ਨ ਜਾਣੈ ਭ੍ਰਮਦਾ ਭਰਮ ਭੁਲਾਇਆ ।

ਦਾਦਰ ਸਰੋਜ ਗਤਿ ਏਕੈ ਸਰਵਰੁ ਬਿਖੈ
ਅੰਤਰ ਦਿਸੰਤਰ ਹੈ ਸਮਝਤ ਨਾਹੀ ਜੀ ॥

(ਦਾਦਰ) ਡੱਡੂ (ਸਰੋਜ) ਕੌਲ, ਫੁਲ (ਗਤਿ) ਪਹੁੰਚਣਾ (ਸਰਵਰ) ਤਲਾ । ਜੇਹਾਕੁ ਡੱਡੂ ਅਤੇ ਕੌਲ ਇਕੋ ਹੀ ਤਾਲ ਵਿਚ ਪਹੁੰਚੇ ਹੁੰਦੇ ਹਨ ਪਰ ਡੱਡੂ ਦੇ ਅੰਦਰ ਭੇਦ (ਫਰਕ) ਬੜਾ ਹੁੰਦਾ ਹੈ ਇਸ ਲਈ ਕੌਲ ਦੀ ਮਿਠਾਸ ਕੋਮਲ ਭਾਈ ਆਦਕ ਗੁਣਾਂ ਨੂੰ ਨਹੀਂ ਸਮਝਦਾ ਹੈ ॥

ਜਾਕਤ ਦਾਦਰ ਜਲ ਮਹਿ ਬਾਸਾ । ਗੁਰ ਗੁਨ ਕਮਲਨ ਸਾਰ ਨਹੀ ਭਾਸਾ ॥
(ਸੂਰਜ ਪ੍ਰਕਾਸ਼)

ਕੂਪੁ ਭਰਿਓ ਜੈਸੇ ਦਾਦਰਾ ਕਛੁ ਦੇਸੁ ਬਿਦੇਸੁ ਨ ਬੂਝ ।
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰ ਨ ਸੂਝ ।
ਗਉੜੀ ਰਵਿਦਾਸ ਜੀ

ਜਿਵੇਂ ਕੁ ਹੀ ਸੰਸਾਰ (ਵਾ ਸਤਸੰਗ) ਸਰੋਵਰ ਵਿਚ (ਕਮਲ) ਸੰਤ ਮਹਾਂ ਪੁਰਸ਼ ਨਾਮ (ਸੂਰਜ) ਦੀ ਖੁਸ਼ੀ ਵਿਚ ਫੁਲੇ ਹੋਏ ਹਨ ਪਰ ਮਨਮੁਖ ਪ੍ਰਿਥੀਏ ਦੇ ਅੰਦਰ ਫਰਕ ਪਿਆ ਹੋਇਆ ਹੈ ਇਸ ਲਈ (ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਜੀ ਦੇ) ਚੰਗੇ ਗੁਣਾਂ ਦੀ ਕਦਰ ਨਹੀਂ ਜਾਣਦਾ ਅਤੇ (ਜਾਲੇ) ਲੋਕਾਂ ਦੀਆਂ ਫਿਟਕਾਂ ਪਾਤਸ਼ਾਹ ਤੇ ਅਹਿਲਕਾਰਾਂ ਦੀਆਂ ਝਿੜਕਾਂ ਖਾਂਦਾ ਹੈ ॥

ਜੈਸੇ ਬਿਖਿਆ ਧਰ ਤਜੈ ਨ ਬਿਖ ਬਿਖਮ ਕੌ
ਅਹਿਨਿਸ ਬਾਵਨ ਬਿਰਖ ਲਪਟਾਹੀ ਜੀ ।

ਜੇਹਾਕੂ ਸੱਪ ਬੁਰੀ ਵਿਹੁ ਨੂੰ ਛਡਦਾ ਨਹੀਂ ਹੈ (ਭਾਵੇਂ) ਅਤੇ ਚੰਦਨ ਦੇ ਦਰਖ਼ਤ ਨਾਲ ਲਟਕਿਆ ਰਹਿੰਦਾ ਹੈ ॥

ਭਾਵ—ਸਪ ਚੰਦਨ ਦੀ ਕਦਰ ਨਹੀਂ ਜਾਣਦਾ ਜੇਹਾਕੁ ਚੰਦਨ ਠੰਢਾ ਖੁਸ਼ਬੂਦਾਰ ਹੁੰਦਾ ਹੈ ਤਿਹਾਕੁ ਵਿਹੁ ਨੂੰ ਛਡਕੇ ਸਪ ਚੰਗਾ ਨਹੀਂ ਬਣਦਾ ॥

ਸਾਂਪ ਕੁੰਚ ਛੋਡੈ ਬਿਖ ਨਹੀਂ ਛਾਡੈ ॥
ਜਿਉ ਸਪਿ ਕਾਲੇ ਸਪ ਸਿਰ ਸਾਰ ਨ ਜਾਣੈ ਵਿਸੁ ਭਰਿਆ ॥ (ਵਾਰਾਂ ਭਾ: ਗੁ:)

(ਪ੍ਰਭਾਤੀ ਨਾਮ ਦੇਉ ਜੀ)

ਬਨ ਚੀਖੁ ਖਾਨੈ ਥੀਏ, ਬਾਸ ਤੇ ਸੁਖ ਲਾਇਕ ॥

(ਸੰ:ਸੁ) ਬ੍ਰਿਛ (ਸਾਨੈ) ਸੰਗਲ।

ਜਿਹਾਕੁ ਚੰਦਨ ਦੇ ਬ੍ਰਿਛ ਦੀ ਸੰਗਲ ਦੇ ਦਰਖਤਾਂ ਨੂੰ (ਸੁਭਾਵਕ) ਐਵੇਂ ਹੀ ਵਾਸਨਾ ਲਗਾਦੀ ਹੈ ਪਰ ਆਪ ਨੂੰ ਕਦਰ ਨਹੀਂ ਹੁੰਦੀ ਇਹਾਕੂ ਸਿਸਾਰ ਵਿਚ ਸੰਤ ਭਗਤੀ ਦੇਂਦੇ ਹਨ ਪਰ ਮਨਮੁਖਾਂ ਨੂੰ ਸੰਤਾਂ ਦੇ ਗੁਣਾਂ ਦਾ ਪਤਾ ਨਹੀਂ ਹੁੰਦਾ ਪਰ ਗੁਰਮੁਖ ਚੰਦਨ ਰੂਪ ਸੰਤਾਂ ਪਾਸ ਰਹਿਕੇ ਅਜਿਹੇ ਬਣ ਜਾਂਦੇ ਹਨ।

(ਭੈਰਉ ਕਬੀਰ ਜੀ)

ਚੰਦਨ ਕੈ ਸੰਗਿ ਤਰਵਰ ਬਿਗਰਿਓ। ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥

ਜੈਸੇ ਨਰਪਤਿ ਸੁਪਨੰਤਰ ਭੇਖਾਰੀ ਹੋਇ

ਗੁਰਮੁਖ ਜਗਤ ਮੈਂ ਭਰਮ ਮਿਟਾਵੀ ਜੀ॥੨੨੬

ਜਿਹਾਕੂ ਸੁਪਨੇ ਵਿਚ ਰਾਤ ਕੂੰ ਸੁਤਿਆਂ ਪਿਆਂ ਰਾਜਾ ਮੰਗਤਾ ਹੋ ਜਾਂਦਾ ਹੈ ਅਤੇ ਦੁਖ ਪਾਉਂਦਾ ਹੈ ਪਰ ਜਦ ਜਾਗਦਾ ਹੈ ਤਾਂ ਓਹ ਆਪਣਾ ਰਾਜ ਆਪਣੇ ਪਾਸ ਵੇਖਕੇ ਸੁਖ ਪਾਉਂਦਾ ਹੈ ॥

(ਸੋਰਠ) ਰਵਿਦਾਸ ਜੀ

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।

ਏਹ ਕਥਾ ਸੁਖੇਤ ਮੰਡੀ ਵਾਲੇ ਰਾਜੇ ਪੁਰ ਹੈ ਗੁਰੂ ਅਰਜਨ ਜੀ ਦੇ ਵਕਤ ਵਿਚ ਹੋਈ ਹੈ ਸੂਰਜ ਪ੍ਰਕਾਸ਼ ਵਿਚ ਦੇਖ ॥ ੨੨੪ ॥

ਏਹੋ ਜੇਹੇ ਮਨਮੁਖ ਦੁਖ ਪਾਉਂਦੇ ਹਨ ਤੇ ਗੁਰਮੁਖ ਭਰਮ ਨੂੰ ਦੂਰ ਕਰਕੇ ਜਗਤ ਵਿਚ ਸੁਖ ਪਾਉਂਦੇ ਹਨ ॥

ਜੇਕਰ ਵਡੀਆਂ ਵਡੀਆਂ ਕਰਾਮਾਤਾਂ ਰਿਧੀਆਂ ਸਿਧੀਆਂ ਦੇ ਬਲ ਨਾਲ ਵਡੇ ਬਣ ਗਏ ਅਤੇ ਰਜੋ ਸਤੋ ਤਮੋ ਤੋਂ ਰਹਿਤ ਹੋਕੇ ਸਾਧਿਆਂ ਦੇ ਚਰਨਾਂ ਦੀ ਧੂੜ ਨਹੀਂ ਹੋਏ ਤਾਂ ਕੀ ਹੋਇਆ ?

ਖਾਇ ਹੂੰ ਬਧੂਲਾ ਖਾਇ ਮੰਡਲ ਫਿਰੈ ਹੈ ਜੈਸੇ

ਬਾਸਨਾ ਕੀ ਆਗਿ ਲਾਗਿ ਜੁਗਤਿ ਨ ਜਾਨੀਐ।

ਪੌਣ ਦਾ ਵਾ ਵਰੋਲਾ ਹੋਕੇ ਅਕਾਸ਼ ਵਿਚ ਫਿਰ ਰਿਹਾ ਹੈ ਤੇ ਤਾਂ ਕੀ ਹੋਇਆ ਜੇ ਪਦਾਰਥਾਂ ਦੀ ਵਾਸਨਾ ਦੀ ਅਗ ਹਿਰਦੇ ਵਿਚ ਭੜਕ ਰਹੀ ਹੈ ਪਤੀ ਪਰਮੇਸ਼ਰ ਨੂੰ ਮਿਲਨ ਦੀ ਜੁਗਤੀ ਨਹੀਂ ਆਉਂਦਾ ॥

ਕੂਪ ਜਲ ਘਰੇ ਬਾਂਧੇ ਨਿਕਸੇ ਨ ਹੈ ਸਮੁੰਦ੍ਰ

ਢੋਲ ਹ੍ਵੈ ਉਡੈ ਨ ਖਗ ਪਾਵਿ ਉਨਮਾਨਸਿ ।

ਢੀਂਗਲੀ (ਜੋ ਖੂਹ ਦੇ ਕਿਨਾਰੇ ਦੇ ਖੂਹਾਂ ਪੁਰ ਹੁੰਦਾ ਹੈ) ਦੇ ਨਾਲ ਨੂੰ ਡੋਲ ਦੀਨਿਆਂ ਹੋਇਆਂ ਖੂਹ ਵਿਚੋਂ ਪਾਣੀ ਨਿਕਲੇ ਤੇ ਤਲਾ ਦੀ ਤਰ੍ਹਾਂ (ਪਾਣੀ) ਸਮੁੰਦਰ ਤੇ ਨਹੀਂ ਬਣ ਚਲਿਆ ਅਤੇ ਜੇ ਇਲ ਅਕਾਸ਼ ਨੂੰ ਉਡੇ ਤੇ ਭਾ ਕੀ ਉਹਨੂੰ ਗਰੁੜ ਦਾ ਵਿਚਾਰ ਨਹੀਂ ਕਰ ਲਈਦਾ ਭਾਵ ਢੀਂਗਲੀ ਦਾ ਪਾਣੀ ਖੂਹ ਵਿਚੋਂ ਕਢਿਆ ਹੋਇਆ ਸਮੁੰਦਰ ਨਹੀਂ ਬਣ ਜਾਂਦਾ ਅਤੇ ਇਲ ਗਰੁੜ ਦੀ ਬਰਾਬਰੀ ਨਹੀਂ ਕਰ ਸਕਦੀ ॥

ਮੂਸਾ ਬਿਲ ਖੋਦਿ ਨ ਜੁਗੀਸਰ ਗੁਫਾ ਕਹਾਵੈ
ਸਰਪ ਹ੍ਵੈ ਚਿਰੰਜੀਵ ਬਿਖ ਨ ਬਿਲਾਨੀਐ ।

ਜੇ ਚੂਹਾ ਖੁੱਡ ਪੁੱਟਕੇ ਕੋਈ ਪਾਖੰਡੀ ਸਾਧੂ ਕਹੇ ਕਿ ਮੈਂ ਪਹਾੜ ਦੀ ਕੰਦਰਾਂ ਵਿਚ ਬੈਠਕੇ ਸਾਧੂ ਕਹਾਵਾਂ ਅਤੇ ਕਦੀ ਕਹਾ ਸਕਦਾ ਹੈ ਕਿਉਂਕਿ ਚੂਹਾ ਖੁੱਡ ਨੂੰ ਪੁਟਕੇ ਜਹਾਜ਼ ਵਿਚ ਬਹਿ ਰਹਿਆ ਹੈ ਸੋ ਉਹ ਕੁਝ ਜੋਗੀਆਂ ਦਾ ਈਸਰ ਤਾਂ ਨਹੀਂ ਬਣ ਚਲਿਆ ਅਤੇ ਜੇਕਰ ਸੱਪ ਬਹੁਤਾ ਚਿਰ ਜੀਉਣ ਵਾਲਾ ਹੋ ਗਿਆ ਹੈ ਵਿਚੋਂ ਵਿਹੁ ਨਹੀਂ ਗਈ ਜੇ ਤਾਂ ਕੀ ਹੋਇਆ ਕੁਝ ਜੋਗੀ ਤੇ ਨਹੀਂ ਬਣ ਚਲਿਆ ।

ਭਾਵ - ਜਿਹਾ ਕੁ ਚੂਹੇ ਸਰਪ ਸਾਧੂ ਨਹੀਂ ਬਣ ਚਲੇ ਤਿਹਾ ਕੁ ਪਾਖੰਡੀ ਸਾਧੂ ਸਿਧ ਨਹੀਂ ਬਣ ਚਲਿਆ ॥

ਗੁਰਮੁਖ ਤ੍ਰਿਗੁਣ ਅਤੀਤ ਚੀਤ ਹ੍ਵੈ ਅਤੀਤ
ਹਉਮੈ ਖੋਇ ਹੋਇ ਰੇਨ ਕਾਮਧੇਨ ਮਾਨੀਐ ॥੨੨੪॥

ਗੁਰਮੁਖ ਤਿੰਨਾਂ ਗੁਣਾਂ ਤੋਂ ਰਹਿਤ ਹੋਏ ਹਨ ਅਤੇ ਮਨ ਕਰਕੇ ਸੰਸਾਰ ਦੇ ਪਦਾਰਥਾਂ ਤੋਂ (ਵੈਰਾਗ ਵਾਨ) ਰਹਿਤ ਹੋਏ ਹਨ ਅਤੇ ਆਪਣੇ ਹੰਕਾਰ ਨੂੰ ਦੂਰ ਕਰਕੇ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਹੋਏ ਹਨ ਤਿਨ੍ਹਾਂ ਅਜੇਹਾ ਗੁਰਸਿਖਾਂ ਨੂੰ (ਕਾਮ ਧੇਨ) ਗਊ ਵਾਂਗੂ ਸਭ ਫਲ ਦੇਣ ਵਾਲੇ ਮੰਨੀਦਾ ਹੈ ॥੨੨੪॥

ਅਜੇਹੇ ਗੁਰ ਸਿਖਾਂ ਦੀ ਜੋ ਸੰਗਤ ਵਿਚ ਮਿਲਦਾ ਹੈ
ਉਹ (ਪ੍ਰਮਾਤਮਾ) ਵਾਹਿਗੁਰੂ ਨਾਲ ਮਿਲ ਜਾਂਦਾ ਹੈ ਜਿਸ
ਪਰ ਸੂਧਰਨਾ ਕਬਿਤ ਵਰਨਨ ਕਰਦੇ ਹਨ

ਸਬਦ ਸੁਰਤਿ ਲਿਵ ਗੁਰਸਿਖ ਸੰਧਿ ਮਿਲਿ
ਆਤਮ ਅਵੇਸ ਪਰਮਾਤਮ ਪ੍ਰਬੀਨ ਹੈ ।

ਸਿਰਤਕ ਆਦਮੀ ਜੇਹਾ ਗੁਰੂ ਦੇ ਸਿਖਾਂ ਦੀ ਮਿਲੌਨੀ ...

ਜਾਂਦਾ ਹੈ ਸੂਰਤਾਂ ਦੇ ਉਪਦੇਸ਼ ਦਾ ਪ੍ਰੀਤ ਵਿਚ ਮੇਰਾ ਸਿੱਖੀ ਲਗਾਈ ਅਤੇ ਉਸ ਨੂੰ ਇਹਾਕੇ ਵਾਹਿਗੁਰੂ ਦੇ ਮਿਲਨ ਨੂੰ ਸਿਆਣਾ ਹੋ ਜਾਂਦਾ ਹੈ।

ਤਤੈ ਮਿਲ ਤਤ ਸ੍ਵਾਂਤਿ ਬੂੰਦ ਮੁਕਤਾਹਲ ਹ੍ਵੈ
ਪਾਰਸ ਕੈ ਪਾਰਸ ਪਰਸਪਰ ਕੀਨ ਹੈ ।

ਓਹੁ ਸੰਸਾਰਕ ਆਦਮੀ (ਤਤੈ) ਵਾਹਿਗੁਰੂ ਨੂੰ ਮਿਲਕੇ ਅਜੇਹੇ (ਤਤ) ਵਾਹਿਗੁਰੂ ਦਾ ਰੂਪ ਹੋਏ ਹਨ ਜੇਹਾ ਕੁ ਸ੍ਵਾਂਤੀ ਨਿਛੱਤ੍ਰ ਦੇ ਮੀਂਹ ਦਾ ਤੁਬਕਾ ਸਿਪੀ ਦੇ ਮੂੰਹ ਵਿਚ ਪੈਕੇ ਮੋਤੀ ਹੋਜਾਂਦਾ ਹੈ। ਅਜੇਹੇ ਸਿਖ ਪਾਰਸ ਰੂਪ ਨੂੰ ਜੇਹੜਾ ਸੰਸਾਰਕ ਆਦਮੀ (ਪਰਸ) ਮਿਲਦਾ ਹੈ ਓਹੁ ਓਹਨੂੰ ਵੀ (ਪਾਰਸ) ਸ਼ੁਧ ਰੂਪ (ਪ੍ਰਤ) ਉਪਕਾਰਾ ਕਰ ਦੇਂਦਾ ਹੈ। ਭਾਵ ਅਜੇਹਾ ਸਿਖ ਸੰਸਾਰੀਆਂ ਦੇ ਤਾਰਨ ਨੂੰ ਸਾਮਰਥ ਹੋਜਾਂਦਾ ਹੈ ॥

ਜੋਤੀ ਮਿਲਿ ਜੋਤਿ ਜੈਸੇ ਦੀਪ ਕੈ ਦਿਪਤ ਦੀਪ
ਹੀਰੈ ਹੀਰਾ ਬੇਧੀਅਤਿ ਆਪੇ ਆਪਾ ਚੀਨ ਹੈ ।

ਅਤੇ ਫਿਰ ਓਹ ਗੁਰਮੁਖਾਂ ਨਾਲ ਮਿਲਨ ਵਾਲੇ ਸਿਖ ਇਵੇਂ ਵਾਹਿਗੁਰੂ ਦੀ ਜੋਤ ਨਾਲ ਜੋਤ ਰੂਪ ਹੋਕੇ ਮਿਲ ਗਏ ਜਿਵੇਂ (ਇਕ ਜਗਦੇ) ਦੀਵੇ ਨਾਲ ਹੋਰ ਦੀਵਾ ਜਗਾਈਏ ਤੇ ਫੇਰ ਦੋਹਾਂ ਦੀਵਿਆਂ ਦੀ ਲਾਟ ਮਿਲ ਜਾਂਦੀ ਹੈ। ਤੇ ਫਿਰ ਓਹ ਆਪਣੇ ਆਪਦੇ ਜਾਨਣ ਵਿਚ ਅਜੇਹੇ ਵਿੰਨੇ ਗਏ (ਲਗੇ ਹੋਏ) ਜੈਸਾ ਕੁ ਹੀਰਾ ਹੀਰ ਨੂੰ ਵਿੰਨ੍ਹ ਦੇਂਦਾ ਹੈ ॥ "ਆਸਾ ਕਬੀਰ ਜੀ"

ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ।

ਚੰਦਨ ਬਨਾਸਪਤੀ ਵਾਸਨਾ ਸੁਵਾਸ ਗਤਿ
ਚਤਰ ਬਰਨ ਜਨ ਕੁਲ ਅਕੁਲੀਨ ਹੈ ॥ ੨੨੫ ॥

ਜੇਹਾ ਕੁ ਚੰਦਨ ਬ੍ਰਿਛ ਦੀ ਵਾਸ਼ਨਾ ਸਾਰੀ ਬਨਾਸਪਤੀ ਨੂੰ ਸੁੰਦਰ ਖੁਸ਼ਬੋ ਦੀ (ਗਤਿ) ਪਹੁੰਚਾਉਂਦੀ ਹੈ ॥ ਭਾਵ—ਚੰਦਨ ਬ੍ਰਿਛ ਸਾਰਿਆਂ ਬ੍ਰਿਛਾਂ ਨੂੰ ਵਾਸ਼ਨਾ ਵਾਲਾ ਕਰ ਲੈਂਦਾ ਹੈ ॥

ਤੇਹਾ ਕੁ ਹੀ ਉਪੁੰਨਾਰ ਗੁਰਮੁਖ ਚਾਰਾਂ ਹੀ ਵਰਨਾਂ ਵਿਚੋਂ ਚਾਹੇ ਕੋਈ ਆਦਮੀ ਨੀਵੀਂ ਕੁਲ ਦਾ ਹੋਵੇ ਚਾਹੇ ਕੋਈ ਉਚੀ ਕੁਲ ਦਾ ਹੋਵੇ ਉਸਨੂੰ ਆਪ ਦੇ ਵਰਗਾ ਬਣਾ ਲੈਂਦੇ ਹਨ ਅਤੇ ਭਗਤੀ ਦੇ ਸਨਾਂ ਵਾਲੇ ਕਰਦੇ ਹਨ ॥ ੨੨੫ ॥

ਅਜੇਹਾ ਹੀ ਚਾਰਾਂ ਵਰਨਾਂ ਵਿਚੋਂ ਜਿਨਾਂ ਨੇ ਗੁਰਾਂ ਦੀ ਸਿਖਿਆ ਧਾਰਨ ਕੀਤੀ ਹੈ ਓਨ੍ਹਾਂ ਦੇ ਸਾਰੇ ਹਿਰਦੇ ਸਫਲ ਹੋਏ ਹਨ

ਗੁਰਮਤਿ ਸਤਿ ਰਿਦੈ ਸਤਿਰੂਪ ਦੇਖੈ ਦ੍ਰਿਗ

ਸਤਿਨਾਮ ਜਿਹਵਾ ਕੈ ਪ੍ਰੇਮ ਰਸ ਪਾਏ ਹੈ ।

(ਅਜੇਹੇ ਗੁਰਮੁਖ) ਗੁਰਾਂ ਦੀ ਸਿਖਿਆ ਨੂੰ ਹਿਰਦੇ ਵਿਚ ਰੱਖ ਸਾਰੇ ਵਾਹਿਗੁਰੂ ਨੂੰ ਨੈਤ੍ਰਾਂ ਨਾਲ ਵੇਖਦੇ ਹਨ ਅਤੇ ਰਸਨਾ ਕਰਕੇ ਸਤਿ ਨਾਮ (ਵਾਹਿਗੁਰੂ) ਨੂੰ ਜਪਕੇ ਪ੍ਰੇਮ ਦਾ (ਸੁਆਦ) ਅਨੰਦ ਪਾਉਂਦੇ ਹਨ ॥

ਸਬਦ ਬਿਬੇਕ ਸਤਿ ਸ੍ਰਵਨ ਸੁਰਤਿ ਨਾਦ
ਨਾਸਕਾ ਸੁਗੰਧ ਸਤਿ ਆਘ੍ਰਨ ਅਘਾਏ ਹੈ ।

ਗੁਰ ਉਪਦੇਸ਼ ਦੀ ਵਿਚਾਰ ਕਰਕੇ ਸਚੇ (ਵਾਹਿਗੁਰੂ) ਦਾ (ਨਾਦ) ਸ਼ਬਦ ਕੰਨਾਂ ਨਾਲ (ਸੁਰਤਿ) ਸੁਣਨਾ ਕਰਦੇ ਹਨ, ਨਾਸਕਾਂ ਆਦਿਕ ਸਾਰੇ ਇੰਦ੍ਰੇ ਪ੍ਰਾਣਾਯਾਮਾ ਦੀ ਭੁਗਤੀ ਕਰਕੇ ਰਜੇ ਹਨ ॥

ਸੰਤ ਚਰਨਾਮ੍ਰਿਤ ਹਸਤ ਅਵਿਲੰਬ ਸਤਿ
ਪਾਰਸ ਪਰਸ ਹੋਇ ਪਾਰਸ ਦਿਖਾਏ ਹੈ ।

(ਅਵਿਲੰਬ) ਆਸਰਾ ਅਜੇਹੇ ਗੁਰਮੁਖਾਂ ਦੀ ਚਰਨ ਧੂਲ ਸੰਸਾਰਕ ਲੋਕ ਲੈਕੇ ਹਥ ਸਫਲ ਕਰਦੇ ਹਨ ਅਤੇ ਸਤਨਾਮ ਦਾ ਆਸਰਾ ਲੈਂਦੇ ਹਨ । ਅਜੇਹੇ (ਪਾਰਸ) ਗੁਰਮੁਖਾਂ ਦੇ ਚਰਨਾਂ ਨੂੰ ਪਰਸ ਕੇ ਪਾਰਸ ਰੂਪ ਨਜ਼ਰ ਆਉਂਦੇ ਹਨ ॥

ਸਤਿ ਰੂਪ ਸਤਿਨਾਮ ਸਤਿਗੁਰ ਗ੍ਯਾਨ ਧ੍ਯਾਨ
ਗੁਰ ਸਿਖ ਸੰਧਿ ਮਿਲੇ ਅਲਖ ਲਖਾਏ ਹੈ ॥੨੬॥

(ਸੰਧਿ) ਮਿਲੌਨੀ । ਅਜੇਹੇ ਗੁਰਮੁਖਾਂ ਦੀ ਮਿਲੌਨੀ ਵਿਚ ਜੇਹੜੇ ਸੰਸਾਰਕ ਲੋਕੀ ਮਿਲੇ ਹੋਣ ਅਤੇ ਉਨ੍ਹਾਂ ਨੇ ਫਿਰ ਸਤਗੁਰਾਂ ਦਾ ਧਿਆਨ ਕੀਤਾ ਅਤੇ ਅਗੋਂ ਹੋਰ ਹੋਰ ਸੰਸਾਰੀ ਲੋਕਾਂ ਨੂੰ ਗਿਆਨ ਕਰਦੇ ਹਨ ਅਤੇ ਜੋ ਵਾਹਿਗੁਰੂ ਨਹੀਂ ਦਿਸਿਆ ਜਾਂਦਾ ਉਸ ਨੂੰ ਵਿਖਾ ਦੇਂਦੇ ਹਨ ॥੨੬॥

ਅਜੇਹੇ ਗੁਰਮੁਖ ਮਨ ਨੂੰ ਵਸ ਕਰਦੇ ਹਨ

ਆਤਮ ਤ੍ਰਿਖਧੀ ਜੈਤ੍ਰ ਛੱਤ੍ਰ ਸੈਂ ਇਕੱਤ੍ਰ ਭਏ
ਗੁਰਮਤਿ ਸਤਿ ਨਿਹਚਲ ਮਨ ਮਾਨੇ ਹੈਂ ।

ਤਿਨ ਭਾਂ ਦੇ ਮਨ ਨੂੰ (ਜਿਧਰੋਂ ਕਿਧਰੋਂ ਆਣ ਪਾਸ) ਵਡਾਂ ਵੈਰਾਂ ਦੇ ਕਮਾਲ ਬਲੋਂ (ਇਕੱਠੇ) ਵਸ ਕਰਦੇ ਹੋਏ ॥

[ਇਸ—ਦੋਹਾਂ [illegible]]

ਗੁਰੂ—ਗੁਰੂ ਦੀ ਸਿੱਖਿਆ ਨੂੰ ਮਨ ਵਿਚ ਨਹੀਂ ਸੰਭਾਲਦੇ ਅਤੇ ਭਰੋਸਾ ਕਰਦੇ ਹਨ ਅਤੇ ਫਿਰ ਉਪ੍ਰਾਮ ਨਹੀਂ ਹੁੰਦੇ ਕਿਤੇ ਕਿਸ ਦੀ ਮਨ ਮੇਂ ਕਿਆ ਰਹਿੰਦਾ ਹੈ, ਤਾਂ ਇਹ ਮਨ ਟਿਕਦਾ ਹੈ ॥

ਸਿਖ—ਸਾਰਿਆਂ ਨਾਲ ਚੰਗੀ ਕੀਤੀ ਗੁਰਮੁਖਾਂ ਨੇ ਕੇਹੜੀ ਪਕੜੀ ਹੈ ॥

"ਗੁਰ" ਜਗ ਜਗ ਜੀਵਨ ਮੈ ਜਗ ਜਗ ਜੀਵਨ (ਹੈ)
ਪੂਰਨ ਬ੍ਰਹਮ ਗਿਆਨ ਧਿਆਨ ਉਰ ਆਨੇ ਹੈਂ ।

ਜਗਤ ਦੇ ਜੀਵਾਂ ਵਿਚ ਤਾਂ ਵਾਹਿਗੁਰੂ ਹੈ ਅਤੇ ਵਾਹਿਗੁਰੂ ਵਿਚ ਜਗਤ ਦੇ ਜੀਵ ਹਨ ਭਾਵ ਸਭ ਨੂੰ ਪ੍ਰਮਾਤਮਾ ਦਾ ਰੂਪ ਵੇਖਦੇ ਹਨ ਅਜਿਹਾ ਹੀ ਪ੍ਰਮਾਤਮਾਂ ਦੇ ਗਿਆਨ ਦਾ ਧਿਆਨ ਹਿਰਦੇ ਵਿਚ ਲਿਆਉਂਦੇ ਹਨ ॥

ਸੂਖਮ ਸਥੂਲ ਮੂਲ ਏਕ ਹੀ ਅਨੇਕ ਮੇਕ
ਗੋਰਸ ਗੋਬੰਸ ਗਤਿ ਪ੍ਰੇਮ ਪਹਿਚਾਨੇ ਹੈਂ ।

(ਮੇਕ) ਮਿਲਿਆ ਹੋਇਆ (ਗੋਬੰਸ) ਗਊਆਂ ਦੀ ਬੰਸ। ਹੋਰ ਗਊਆਂ। ਸੂਖਮ ਸਥੂਲ ਪ੍ਰਮਾਤਮਾ ਦਾ ਮੂਲ ਇਕ ਹੀ ਅਨੇਕਾਂ ਜੀਵਾਂ ਵਿਚ ਅਜਿਹਾ ਪ੍ਰੇਮ ਨਾਲ ਮਿਲਿਆ ਜਾਣਦੇ ਹਨ ਜੇਹਾ ਕੁ ਗਊਆਂ ਸਾਰੀਆਂ ਦਾ ਦੁਧ ਇਕੋ ਜਿਹਾ ਚਿਟਾ (ਗਤ) ਮਿਲਦਾ ਹੈ ॥

ਕਾਰਨ ਮੈ ਕਾਰਨ ਕਰਨ ਚਿਤ੍ਰ ਮੈ ਚਿਤੇਰੋ
ਤੰਤ੍ਰ ਧੁਨਿ ਜੰਤ੍ਰੀ ਜਨਨੀ ਜਨਕ ਜਾਨੇ ਹੈਂ ॥੨੨੭

ਜੇਹਾ ਕੁ ਮਾਇਆ ਵਿਚ ਪ੍ਰਮਾਤਮਾ, (ਚਿਤ੍ਰਕਾਰੀ ਕਰਨ ਵਿਚ ਚਿਤ੍ਰਕਾਰੀ ਕਰਨ ਵਾਲੇ ਦਾ ਧਿਆਨ) ਚਿਤੇਰਾ, ਅਤੇ ਵਾਜੇ ਦੀ ਅਵਾਜ਼ ਵਿਚ (ਵਾਜਾ ਵਜਾਉਣ ਵਾਲੇ) ਰਾਗੀ ਅਤੇ ਪੁਤ੍ਰ ਨਾਲ ਪਿਤਾ (ਵਾ ਗੁਰ ਸਿਖ) ਦੀ ਅਭੇਦਤਾ ਹੈ, ਤਿਹਾ ਕੁ ਹੀ ਪ੍ਰਮਾਤਮਾ ਨੂੰ ਸਾਰਿਆਂ ਵਿਚ ਮਿਲਿਆ ਜਾਣਦੇ ਹਨ ॥੨੨੭॥

ਹੁਣ ਮਨਮੁਖਾਂ ਦੇ ਮਨ ਦੀ ਬਾਬਤ ਆਖਦੇ ਹਨ ਕਿ ਜੇ ਆਪ ਸੰਗਤ ਵਿਚ ਨਾ ਜਾਵੇ ਅਤੇ ਗੁਰ ਸਿੱਖਿਆ ਨੂੰ ਨ ਧਾਰੇ, ਪ੍ਰਮਾਤਮਾ ਦੇ ਮਿਲਨ ਦਾ ਉਪਾਅ ਨ ਕਰੇ ਤੇ ਭਲਾ ਇਹੋ ਜਿਹੇ ਟੁਕੜਿਆਂ (ਪ੍ਰਵਾਰ ਸਾਕ ਸੰਬੰਧ) ਵਾਲੇ ਮਨ ਨੂੰ ਕਿਸਤ੍ਰਾਂ ਵਸ ਕਰੇ ॥

ਨਾਇਕ ਹੈ ਏਕ ਅਰੁ ਨਾਇਕਾ ਅਸਟ ਤਾਕੇ
ਏਕ ਏਕ ਨਾਇਕਾ ਕੇ ਪਾਂਚ ਪਾਂਚ ਪੂਤ ਹੈਂ ।

ਇਕ ਪਤੀ ਹੈ ਜਿਸ ਦੀਆਂ ਅਠ ਨਾਰ ਇਸਤ੍ਰੀਆਂ ਹਨ । ਅਗੇ ਅਗੇ

ਇਕ ਇਕ ਇਸਤ੍ਰੀ ਦੇ ਘਰ ਪੰਜ ਪੰਜ ਪੁਤ੍ਰ ਹੋਣ ॥ ਸਿਧਾਂਤ ॥ ਓਅੰਕਾਰ ਦਾ ਵਿਸਥਾਰ ਜਾਣਿਆਂ ਹੈ। ਇਕ ਮਨ ਹੈ ਅਤੇ ਅਗੇ ਇਕ ਮਨ ਦੀਆਂ ਅਠ ਪੁਤ੍ਰੀ ਹੋਈਆਂ ਹਨ ਅਤੇ ਅਗੋਂ ਇਕ ਇਕ ਪੁਤ੍ਰੀ ਦੇ ਪੰਜ ਪੰਜ ਸੋਤ ਹਨ।

ਏਕ ਏਕ ਪੂਤ ਗ੍ਰਿਹ ਚਾਰਿ ਚਾਰਿ ਨਾਤੀ (ਭਏ)
ਏਕੈ ਏਕੈ ਨਾਤੀ ਦੋਇ ਪਤਨੀ ਪ੍ਰਸੂਤਿ ਹੈਂ।

ਇਕ ਇਕ ਪੁਤ੍ਰ ਦੇ ਘਰ ਚਾਰ ਚਾਰ ਪੋਤ੍ਰੇ ਹੋਏ ਹਨ ਅਤੇ ਫਿਰ ਤਿਨ੍ਹਾਂ ਇਕ ਇਕ ਪੋਤ੍ਰੇ ਦੇ ਘਰ ਦੋ ਦੋ ਇਸਤ੍ਰੀਆਂ ਪ੍ਰਸੂਤਕਾਂ ਹੋਈਆਂ ਹਨ। ਸਿ. ॥ ਇਕ ਇਕ ਸੋਤ ਦੇ ਅਗੇ ਚਾਰ ਚਾਰ ਪਾਤ੍ਰ (ਇਕ ਸੌ ਸਠ (੧੬੦) ਪਾ) ਹੋਏ ਇਕ ਇਕ ਪਾ ਦੇ ਅਗੇ ਦੋ ਦੋ ਅਧਪਾ (੩੨੦) ਜਿਨ ਸੋ ਵੀਹ ਹੋਇ॥

ਤਾਹੂ ਤੇ ਅਨੇਕ ਪੁਨ ਏਕੈ ਏਕੈ ਪਾਂਚ ਪਾਂਚ
ਤਾਂਤੇ ਚਾਰ ਚਾਰ ਸੁਤ ਸੰਤਤ ਸਭੂਤ ਹੈ।

ਓਹ ਜੋ ਦੋ ਪਤਨੀਆਂ ਪ੍ਰਸੂਤਕਾ ਹੋਈਆਂ ਹਨ ਤਿਨ੍ਹਾਂ ਤੋਂ ਅਗੇ ਫਿਰ ਅਨੇਕ ਤਰਾਂ ਦਾ ਪਰਵਾਰ ਪ੍ਰਗਟ ਹੋਯਾ ਕਿ ਇਕ ਇਕ ਪਤਨੀ ਦੇ ਘਰ ਪੰਜ ਪੰਜ ਫਿਰ ਪੁਤ੍ਰ ਹੋਏ ਅਤੇ ਪੰਜ ਪੰਜ ਪੁਤ੍ਰਾਂ ਦੇ ਘਰ ਚਾਰ ਚਾਰ ਪੁਤ੍ਰ ਫਿਰ ਹੋਏ ਅਜਿਹੀ ਔਲਾਦ ਬੜੀ ਭਾਰੀ ਪ੍ਰਗਟ ਹੋਈ ॥ ਸਿਧਾਂਤ ॥ ਇਕ ਇਕ ਅਧਪਾ ਦੇ ਅਗੇ ਪੰਜ ਪੰਜ ਸਰਸਾਈ (੧੬੦੦ ਸੋਲਾਂ ਸੌ ਸਰਸਾਈ) ਹੋਇ ਫਿਰ ਅਗੇ ਪੰਜ ਪੰਜ ਸਰਸਾਈ (੧੬੦੦) ਤੇ ਇਕ ਇਕ ਸਰਸਾਈ ਦੇ ਚਾਰ ਚਾਰ ਟਾਂਕ (੬੪੦੦ ਚੌਂਹਠ ਸੌ) ਹੋਏ ਅਤੇ ਉਨ੍ਹਾਂ ਇਕ ਇਕ ਟਾਂਕ ਦੇ ਅਗੇ ਚਾਰ ਚਾਰ ਪੁਤ੍ਰ ਮਾਸੇ (੨੫੬੦੦ ਪੱਚੀ ਹਜਾਰ ਛੀ ਸੌ) ਫਿਰ ਹੋਏ।

ਤਾਂਤੇ ਆਨ ਆਨ ਸੁਤਾ, ਸੁਤਾਂ ਸੁਤਾ ਆਨ ਸੁਤ
ਐਸੋ ਪਰਵਾਰ ਕੈਸੇ ਹੋਇ ਏਕ ਸੂਤ ਹੈ ॥੨੨੯॥

ਤਿਸ ਦੇ ਅਗੇ ਅਨ ਅਨ ਧੀਆਂ ਹੋਈਆਂ ਫਿਰ ਅਨਾਂ ਅਨਾਂ ਧੀਆਂ ਦੇ ਘਰ ਅਨ ਅਨ ਪੁਤ੍ਰ ਹੋਇ, ਅਜੇਹਾ ਟਬਰ ਇਕ ਮ੍ਰਯਾਦਾ ਵਾਲਾ ਕਿਕਰਾਂ ਹੋਵੇ, ਭਾਵ ਅਜਿਹੇ ਟਬਰ ਦੀ ਇਕ ਸਲਾਹ ਕੀਕਰ ਹੋਵੇ, ਇਹ ਜੋ ਮਨ ਚਾਰ ਖੂੰਟ ਦਹਿਦਿਸ ਭ੍ਰਮਤਾ ਫਿਰਦਾ ਹੈ ਅਰ ਇਸਦੇ ਅਨੇਕ ਤਰੰਗ ਹੋਨ ਇਹ ਇਕਾਗ੍ਰ ਕੀਕਰ ਹੋਵੇ ਅਰ ਪਰਮਾਤਮਾ ਵਿਚ ਕੀਕਰ ਲਗੇ। ਸਿਧਾਂਤ ॥ ਤਿਨ੍ਹਾਂ ਇਕ ਇਕ ਮਾਸਿਆਂ ਤੋਂ ਅਨ ਅਨ ਰਤੀਆਂ (੨੦੪੮੦੦ ਦੋ ਲਖ, ਚਾਰ ਹਜਾਰ, ਅਠ ਸੌ ਰਤੀਆਂ) ਹੋਈਆਂ ਅਤੇ ਅਗੇ ਫਿਰ ਅਨ ਅਨ ਚਾਵਲਾਂ ਦੇ (੧੬੩੮੪੦੦) ਸੋਲਾਂ ਲਖ ਅਠੱਤੀ ਹਜਾਰ ਚਾਰ ਸੌ ਚਾਵਲ ਹੋਯਾ॥

ਨਵਾਂ ਇਹ ਲੇਖਾ ਪੁਰਾਣੇ ਜ਼ਮਾਨਿਆਂ ਦੇ ਤੋਲ ਦਾ ਹੈ [illegible] [illegible] ਅਤੇ ਹਿਸਾਬ ਦੇ ਪੂਰਾ ਪੂਰਾ ਜਾਨਣ ਵਾਲਿਆਂ ਤੋਂ ਲੇਖਾ ਲਗਾਇਆ ਹੈ [illegible] ਪੂਰਾ ੨ ਨਹੀਂ ਉਤਰਦਾ, ਅਤੇ ਜਾਨਾਨੀ ਕਿਸੇ ਹੋਰ ਦੇਸ਼ ਦੇ ਵਟੇ [illegible] ਹਨ ਕੁਝ ਕੁ ਹਿਸਾਬ ਅਗੇ ਨਕਸ਼ੇ ਵਿਚ ਦਸਦੇ ਹਾਂ ॥

ਨਾਇਕ	੧	ਮਣ	੧ ਇਕ ਮਣ
ਨਾਇਕਾ	੮	ਪੰਜਸੇਰੀਆਂ	੮ ਅਠ ਪਨ ਸੇਰੀਆਂ
ਪੁਤ	੫	ਸੇਰ	੪੦ ਚਾਲੀ ਸੇਰ
ਨਾਤੀ	੪	ਪਾ	ਇਕ ਸੌ ਸਠ (੧੬੦)
ਪੜਿਨੀ	੨	ਅਧਪਾ	੩੨੦ ਤਿਨ ਸੌ ਵੀਹ
ਪੂਤ	੫	ਟਾਂਕ	੧੬੦੦ ਸੋਲਾਂ ਸੌ
ਸੁਤ	੪	ਮਾਸੇ	੬੪੦੦ ਛੇ ਹਜ਼ਾਰ ਚਾਰ ਸੌ
ਸੁਤਾ	੮	ਰਤੀਆ	ਇਕਵਿੰਜਾ ਹਜ਼ਾਰ ਦੋ ਸੌ
ਸੁਤ	੮	ਚਾਵਲ	ਚਾਰ ਲਖ ਨੌ ਹਜ਼ਾਰ ਛੇ ਸੌ

ਹੋਰ

ਮਣ ੧		੪੦				ਸੇਰ	
ਸੇਰ	੪੦	੪੦	×	੧੬	=	੬੪੦	ਛਟਾਂਕ ਛੇ ਸੌ ਚਾਲੀ
ਛਟਾਂਕ	੬੪੦	੬੪੦	×	੫	=	੩੨੦੦	ਤੋਲਾ ਬਤੀ ਸੌ
ਤੋਲਾ	੩੨੦੦	੩੨੦੦	×	੧੨	=	੩੮੪੦੦	ਮਾਸੇ ਅਠੱਤੀ ਹਜ਼ਾਰ ਚਾਰ ਸੌ
ਮਾਸੇ	੩੮੪੦੦	੩੮੪੦੦	×	੮	=	੩੦੭੨੦੦	ਰਤੀਆਂ ੩ ਲਖ 2 ਹਜ਼ਾਰ ੨ ਸੌ
ਰਤੀਆਂ	੩੦੭੨੦੦	੩੦੭੨੦੦	×	੮	=	[illegible]	ਚਾਵਲ ਚੌਬੀ ਲਖ ਸਤਾਵੰਜਾ ਹਜ਼ਾਰ ਛੇ ਸੌ

ਹੋਰ

ਨਾਇਕ	੧ ਮਣ
ਨਾਇਕਾ ੮	੮ ਪਨਸੇਰੀਆਂ
ਪੁਤ ੫=੫	੪੦ ਸੇਰ
ਨਾਤੀ ੪=੪	੧੬੦ ਪਾ
ਪੜਿਨੀ ੨=੨	੩੨੦ ਅਧਪਾਈਆਂ
ਪ=ਪ=	੧੬੦੦ ਸਰਸਾਹੀਆਂ ਸੋਲਾਂ ਸੌ
੪ ਸੁਤ	੬੪੦੦ (ਚਾਰ ਚੌਂਠ ਸੌ)
੪, ੪ ਸੁਤ	੨੫੬੦੦ (ਮਾਸੇ ਪੰਜੀ ਹਜ਼ਾਰ ਛੀ ਸੌ)
੮, ੮ ਸੁਤਾ	੨੦੪੮੦੦ (ਦੋ ਲਖ ਚਾਰ ਹਜ਼ਾਰ ਅਠਸੌ ਸੌ ਰਤੀਆਂ)

ਸੁਰਤਾ ਸੁਰਤਾ ਆਠ ਸੁਰ ... ਅਪਨੇ ਰਚਨਾ

ਜੈਸੇ ਲਖ ਅਨੰਤੀ ਹਜ਼ਾਰ ਤਾਰ ਕੈ ਗਰਭਕ

ਇਹ ਪੀਛੇ ਦ੍ਰਿਸ਼ਟਾਂਤ ਹੈ ਅਤੇ ਮੁਹਾਵਰਾ ਕਬਿਤ ਵਿਆਖਿਆ ਵਿਚ ਹੈ ... ਅਜਾਣਾਂ ਦੇ ਸਮਝਣ ਵਾਸਤੇ ਅਗੇ ਖੁਲਾਸਾ ਕਰਦੇ ਹਨ॥

ਏਕ ਮਨ ਆਠ ਖੰਡ, ਖੰਡ ਖੰਡ ਪਾਂਚ ਟੂਕ
ਟੂਕ ਟੂਕ ਚਾਰ ਫਾਰਿ, ਫਾਰ ਦੋਇ ਧਾਰ ਹੈ।

ਇਕ ਮਣ (ਤੋਲਣ ਵਾਲਾ ਹੈ) ਉਸਦੇ ਅਗੇ (ਖੰਡ) ਅਠ ਟੁਕੜੇ ਪੰਜਸੇਰੀਆਂ ਹਨ ਅਤੇ ਜੋ ਅਠ ਪੰਜਸੇਰੀਆਂ ਹਨ ਤਿਨਾਂ ਦੇ ਅਗੇ (ਇਕ ਇਕ ਪੰਜਸੇਰੀ ਦੇ) ਪੰਜ ਪੰਜ ਟੁਕੜੇ ਪੰਜ ਸੇਰ ਹੋਏ ਉਹਨਾਂ ਪੰਜਾਂ ਪੰਜਾਂ ਸੇਰਾਂ ਦੇ (ਟੂਕ) ਟੁਕੜੇ ਕੀਤੇ ਜਾਣ ਤਾਂ ਤਿਨਾਂ ਇਕ ਇਕ ਦੇ ਚਾਰ ਚਾਰ (ਫਾਰ) ਫਾੜਾਂ (ਪਾ) ਹੁੰਦੇ ਹਨ ਅਤੇ (ਫਾੜਾਂ ਦੇ) ਅਗੇ ਦੋ ਦੋ ਫਾੜੀਆਂ ਅਧਪਾ ਹੋਏ॥

ਧਾਹੂ ਤੇ ਪਚੀਸਿ ਔ ਪਚੀਸਾ ਏਕ ਪਾਂਚ ਟਾਂਕ
ਟਾਂਕ ਟਾਂਕ ਮਾਸੇ ਚਾਰ, ਅਨਿਕ ਪ੍ਰਕਾਰ ਹੈ।

ਉਹਨਾਂ ਅਧਪਾਵਾਂ ਦੇ ਅਗੇ ਪੰਜ (ਪਚੀਸੇ) ਸਰਸਾਹੀਆਂ ਹੋਈਆਂ ਤੇ ਫਿਰ ਸਰਸਾਹੀਆਂ ਪੰਜਾਂ ਦੇ ਅਗੇ ਚਾਰ ਚਾਰ ਟਾਂਕ ਹੋਏ ਤੇ ਚਾਰ ਜੋੜੇ ਟਾਂਕ ਹਨ ਤਿਨਾਂ ਚਾਹਾਂ ਚਾਰਾਂ ਟਾਂਕਾਂ ਦੇ ਅਗੇ ਇਕ ਇਕ ਟਾਂਕ ਦੇ ਚਾਰ ਮਾਸੇ ਹੋਇ ਅਗੋਂ ਫਿਰ ਬਹੁਤ ਤਰਾਂ ਦਾ ਪ੍ਰਕਾਰ ਵਧ ਗਿਆ॥

ਮਾਸਾ ਏਕ ਆਠ ਰਤੀ, ਰਤੀ ਆਠ ਚਾਵਰ ਕੀ
ਹਾਟ ਹਾਟ ਕਨ ਕਨ ਤੋਲ ਤੁਲਾ ਧਾਰ ਹੈ।

ਇਕ ਮਾਸੇ ਦੀਆਂ ਅਠ ਰਤੀਆਂ ਹੁੰਦੀਆਂ ਹਨ ਅਤੇ ਇਕ ਰਤੀ ਦੇ ਅਠ ਚਾਵਲ ਹੁੰਦੇ ਹਨ (ਕੇ ਇਕ ਮਾਸਾ ੮ ਰਤੀ ਤੇ ਰਤੀ ਅਠ ਚਾਵਲ ਦੀ ਹੁੰਦੀ ਹੈ) ਅਤੇ ਇਕ ਚਾਵਲ ਦੇ ਅਠ ਖਸਖਾਸ ਦੇ ਦਾਣੇ ਹੁੰਦੇ ਹਨ ਹਟੀ ਹਟੀ ਤੇ ਤੋਲੀ ਦੇ ਤਕੜੀ ਵਿਚ ਵੇਖੀਦੇ ਹਨ॥

ਪੂਰ ਪੂਰ ਪੂਰ ਰਹੇ ਸਕਲ ਸੰਸਾਰ ਵਿਖੈ
ਵਸਿ ਆਵੈ ਕੈਸੇ ਜਾਂਕੋ ਏਤੋ ਬਿਸਥਾਰ ਹੈ॥ ੨੨੯॥

ਸਾਰੇ ਜਗਤ ਦੀਆਂ ਪੁਰੀਆਂ ਪੁਰੀਆਂ ਵਿਚ ਇਸ ਲੇਖੇ ਦੇ ਤੋਲ ਪੂਰਨ ਹੋ ਰਹੇ ਹਨ । ਇਸ ਮਣ (ਮਨ) ਦਾ ਇਤਨਾ ਵਡਾ ਬਿਸਥਾਰ ਹੋਇਆ ਹੋਇਆ ਹੈ ਓਹ ਕਿਸ ਤਰਾਂ ਵਸ ਆਵੇ॥ ਭਾਵ ਸਾਰੇ ਸੰਸਾਰ ਦੇ ਜੀਵਾਂ ਵਿਚ

ਮਨ ਦੇ। (ਪਿਛਲਾ ਵਿਸਤਾਰ)

ਇਕ ਮਣ ਦੀਆਂ ਅਠ ਪੰਜ ਸੇਰੀਆਂ। ਇਕ ਇਕ ਪੰਜਸੇਰੀ ਦੇ ਪੰਜ ਪੰਜ ਸੇਰ। ਇਕ ਇਕ ਸੇਰ ਦੇ ਚਾਰ ੨ ਪਾ। ਇਕ ਇਕ ਪਾ ਦੇ ਦੋ ਦੋ ਅਧ ਪਾ। ਅਧ ਪਾ ਦੀਆਂ ਪੰਜ ਸਰਸਾਹੀਆਂ। ਇਕ ਸਰਸਾਹੀ ਦੇ ਚਾਰ ਚਾਰ ਟਾਂਕ। ਇਕ ਇਕ ਟਾਂਕ ਦੇ ਚਾਰ ਚਾਰ ਮਾਸੇ। ਇਕ ਮਾਸੇ ਦੀ ਅਠ ਰਤੀ। ਇਕ ਰਤੀ ਦੇ ਅਠ ਚਾਵਲ। ਇਕ ਚਾਵਲ ਦੇ ਅਠ ਦਾਣੇ ਖਸਖਾਸ ਦੇ ਬਣੇ॥

ਭਾਵ ਕੀ ਕਿ ਮਨ ਬੜਾ ਚੰਚਲ ਹੈ ਅਤੇ ਰੁਕਦਾ ਨਹੀਂ ॥ ੨੫੯ ॥

ਪ੍ਰਹਲਾ ਕਬਿਤ ਵੀ ਮਨ ਦੀ ਚੰਚਲਤਾਈ ਪ੍ਰਤ ਗਰੜ ਨਾਲ ਮਿਲਾ ਕੇ ਆਖਦੇ ਹਨ॥

ਖਗਪਤਿ ਪਰਬਲ ਪਰਾਕ੍ਰਮੀ ਪਰਮਹੰਸ
ਚਾਤੁਰ ਚਤੁਰ ਮੁਖ ਚਪਲਾ ਚਪਲ ਹੈ॥

(ਖਗ ਪਤ) ਗਰੜ ਵਾ ਮਨ ਗਰੜ, ਬੜਾ ਬਲੀ ਪੌਰਖ ਵਾਲਾ ਬਹੁਤ ਉਚੇ ਹੰਸਾਂ ਵਾਂਗਰ ਅਤੇ ਸਿਆਣਾ (ਸਿਆਣਿਆਂ ਵਿਚੋਂ ਮੁਖੀ) ਬਿਜਲੀ ਨਾਲੋਂ ਵੀ ਚੰਚਲ ਹੈ ਭਾਵ ਜਿਉਂ ਗਰੜ ਸਾਰਿਆਂ ਪੰਛੀਆਂ ਵਿਚੋਂ ਬਹੁਤ ਚਲਣ ਵਾਲਾ ਹੈ ਇਵੇਂ ਹੀ ਮਨ ਦਾ ਵੇਗ ਬਹੁਤਾ ਹੈ॥

*** ਭੁਜ ਬਲੀ ਅਸੁ ਭੁਜਾ ਤਾਕੈ(ਹੈ)ਚਾਲੀਸ ਕਰ ***
ਏਕ ਸੌ (ਸੁ)ਸਾਨ ਪਾਉ ਚਾਲ ਚਲਾ ਬਲ ਹੈ।

ਬਾਹਾਂ ਦਾ ਜੋ ਬਲੀ ਹੈ (ਮਨ) ਇਸਦੀਆਂ ਅਠ (ਪੰਜ ਸੇਰੀਆਂ) ਬਾਹਾਂ ਹਨ ਅਤੇ ਚਾਲੀ (ਸੇਰ) ਹਥ ਹਨ ਇਕ ਸੌ ਸਠ (ਪਾ) ਪੈਰ ਹਨ ਅਤੇ ਚਾਲ ਬੜੀ ਭਾਰੀ ਚੰਚਲ ਹੈ॥

ਜਾਗ੍ਰਤ ਸੁਪਨ ਅਹਿਨਿਸ ਦਹਿ ਦਿਸ ਧਾਵੈ
ਤ੍ਰਿਭਵਨ ਪ੍ਰਤਿ ਹੋਇ ਆਵੈ ਏਕ ਪਲ ਹੈ॥

ਇਹ ਮਨ ਜਾਗ੍ਰਤ ਸੁਪਨ ਅਵਸਥਾ ਵਿਚ ਰਾਤ ਦਿਨ ਦਸੋ ਹੀ ਦਿਸ਼ਾਂ ਵਲ ਭਜਾ ਫਿਰਦਾ ਹੈ ਤਿੰਨਾਂ ਹੀ ਲੋਕਾਂ ਵਿਚ ਇਕ ਛਿਨ ਮਾਤ੍ਰ ਵਿਚ ਫਿਰ ਆਉਂਦਾ ਹੈ॥

---

*ਇਹ ਪੰਗਤੀ ਗਰੜ ਦੇ ਅਰਥ ਨਾਲ ਨਹੀਂ ਘਟਦੀ ਇਸਦਾ ਭਾਵ ਏਹ ਹੀ ਲੈਣਾ ਹੈ ਕਿ ਜਿਉਂ ਗਰੜ ਬਾਹਵਾਂ, ਹਥਾਂ, ਪੈਰਾਂ, ਕਰਕੇ ਬਲੀ ਹੈ ਤੇ ਚਾਲ ਬੜੀ ਚੰਚਲ ਹੈ ਇਵੇਂ ਹੀ (ਮਨ) ਮਲ ਜਾਨਣਾ॥

ਪਿੰਜਰੀ* ਮੈ ਅਛਤ ਉਡਤ ਪਹੁੰਚੈ ਨ ਕੋਊ

ਪੂਰ ਪੂਰਨ ਪੂਰ ਫਿਰ ਤਰ ਜਲ ਥਲ ਹੈ ॥੨੨੭॥

ਜਿਹਾ ਕੁ ਜਾਨਵਰ ਪਿੰਜਰੇ ਵਿਚ ਪਿਆ ਹੁੰਦਾ ਹੈ ਅਤੇ ਉਡਕੇ ਕਿਧਰੇ ਵੀ ਨਹੀਂ (ਪਹੁੰਚ) ਜਾ ਸਕਦਾ ਪਰ ਉਸਦੇ ਮਨ ਦਾ ਸੰਕਲਪ ਜਲਾਂ, ਥਲਾਂ, ਪਹਾੜਾਂ ਬ੍ਰਿਛਾਂ, ਨਗਰੀਆਂ ਨਗਰੀਆਂ ਵਿਚ (ਪੂਰ) ਪੂਰਨ ਹੋ ਰਿਹਾ ਹੈ। ਤੇਸਾ ਹੀ ਮਨ ਇਸ ਦੇਹੀ ਵਿਚ ਹੈ ਪਰ ਵਾਸਨਾ ਕਰਕੇ ਕਿਤੇ ਦਾ ਕਿਤੇ ਫਿਰ ਆਉਂਦਾ ਹੈ ॥੨੨੭॥

ਓਨਾਂ ਚਿਰ ਇਹ ਮਨ ਵਸ ਨਹੀਂ ਹੁੰਦਾ ਜਿੰਨਾ ਚਿਰ ਸਤਿਗੁਰੂ ਗਿਆਨ ਨਹੀਂ ਕਰਦੇ ਜਦ ਸਤਿਗੁਰੂ ਪੂਰੇ ਮਿਲਦੇ ਹਨ ਅਤੇ ਅਜੇਹਾ ਉਪਦੇਸ਼ ਕਰਦੇ ਹਨ ਤਾਂ ਜੀਵ ਦਾ ਮਨ ਵਸ ਹੋ ਜਾਂਦਾ ਹੈ ॥

ਜੈਸੇ ਪੰਛੀ ਉਡਤ ਫਿਰਤ ਹੈ ਅਕਾਸਚਾਰੀ

ਜਾਰੋ ਡਾਰਿ ਪਿੰਜਰੀ ਮੈ ਰਾਖੀਅਤਿ ਆਨਿ ਕੈ ॥

ਜਿਹਾ ਕੁ ਅਕਾਸ਼ ਦੇ ਵਿਚਰਨ ਵਾਲਾ ਜਾਨਵਰ ਉਡਦਾ ਫਿਰਦਾ ਹੈ ਅਤੇ ਉਸਨੂੰ ਜਾਲੀ ਪਾਕੇ ਪਿੰਜਰੇ ਵਿਚ ਲਿਆ ਰਖੀਦਾ ਹੈ ॥

ਜੈਸੇ ਗਜਰਾਜ ਗਹਿਬਰ ਬਨ ਮੈ ਮੈਮੰਤ

ਬਸਿ ਹ੍ਵੈ, ਮਹਾਵਤ ਕੈ ਅੰਕੁਸਹਿ ਮਾਨ ਕੈ ॥

ਜਿਹਾ ਕੁ ਮਤਿਆ ਹੋਇਆ ਹਾਥੀ ਸੰਘਣੇ ਜੰਗਲ ਵਿਚ ਵਸਦਾ ਹੈ ਸੋ ਮਹਾਵਤ ਦੇ ਕੁੰਡਿਆਂ ਨੂੰ ਸਿਰ ਵਿਚ (ਮੰਨਦਾ ਕਰਦਾ) ਸਹਾਰਦਾ ਹੈ ॥

ਜੈਸੇ ਬਿਖਿਆਧਰ ਬਿਖਮ ਬਿਲ ਮੈ ਪਾਤਾਲ

ਗਹੈ ਸਾਪਹੇਰਾ ਤਾਹਿ ਮੰਤ੍ਰਨ ਕੀ ਕਾਨ ਕੈ ॥

(ਸਾਪ ਹੇਰਾ) ਸਪ ਵੇਖਣ ਵਾਲਾ ਜੇਹਾ ਕੁ ਸਪ ਡੂੰਘੀ ਖੁਡ ਵਿਚ ਰਸਾਤਲ ਪਤਾਲ ਨੂੰ ਚਲਿਆ ਜਾਂਦਾ ਹੈ ਤਾਂ ਉਸਨੂੰ ਮੰਤ੍ਰ ਕਰਨ ਵਾਲਾ (ਮਾਂਦਰੀ) ਮੰਤ੍ਰਾਂ ਦੀ ਕਾਣ ਮਨਾਕੇ ਪਕੜ ਲਿਆਉਂਦਾ ਹੈ ॥

---

*੧ ਪੰਜਾਬੀ ਗਰਭ ਤੇ ਦੂਜੀ ਮਣ, ੨ ਮਨ ਤੇ ੪ ਦੀ ਹਲਤ ਤੇ ਮਨ ਭੇਈ।

§ਸਿਆਣੇ ਲੋਕ ਆਖਦੇ ਹਨ ਕਿ ਆਕਾਸ਼ ਦੀ ਨਖਤ੍ਰਾਂ ਨੂੰ ਵੇਖਕੇ ਤੇ ਏ ਜਿਤੇ ਪ੍ਰਾਣੀ ਜਾ ਦੀਆਂ ਹਨ। (ਗਿਆਨੀ ਦਸੌਂਧਾ ਜੀ) ਕਾਮ ਸੁਆਦ ਜਾਸ ਭਲ ਮਧ ਮਨ ਕਉਤਕ ਨੇ ਜੋਗਾ, ਸਹਿਤ [illegible] ॥

ਤੈਸੇ ਤ੍ਰਿਭਵਨ ਪ੍ਰਤਿ ਭ੍ਰਮਤ ਚੰਚਲ ਚਿਤ
ਨਿਹਚਲ ਹੋਤ ਮਤਿ ਸਤਿਗੁਰ ਗਯਾਨਕੈ ॥੨੭੧॥

ਤਿਵੇਂ ਹੀ ਚੰਚਲ ਮਨ ਤਿੰਨਾਂ ਲੋਕਾਂ ਵਿਚ ਵਾਸ਼ਨਾ ਕਰਕੇ ਭ੍ਰਮਦਾ ਫਿਰਦਾ ਹੈ ਪਰ ਸਤਿਗੁਰਾਂ ਦੀ ਸਿਖਿਆ ਤੇ ਗਿਆਨ ਕਰਕੇ ਇਸਥਿਤ ਹੁੰਦਾ ਹੈ।

ਅਬ ਆਖਦੇ ਹਨ ਕਿ ਜਿਸ ਵਿਚ ਮਨ ਇਸਥਿਤ ਹੋਇਆ ਹੈ ਉਸ ਪ੍ਰਮਾਤਮਾ ਦੀ (ਸੰਸਾਰ ਰੂਪੀ) ਰਚਨਾ ਦਾ ਕੋਈ ਅੰਤ ਨਹੀਂ ਆਉਂਦਾ ॥

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ
ਏਕ ਮੈ ਅਨੇਕ ਭਾਂਤਿ ਅਨਿਕ ਪ੍ਰਕਾਰ ਹੈ।

ਬਹੁਤ ਤਰਾਂ ਦੀ ਰਚਨਾ ਚਿਤ੍ਰਕਾਰੀ ਕੀਤੀ ਹੋਈ ਹੈ ਅਤੇ ਜਿਸਦੇ ਕੌਤਕ ਵੇਖ ਕੇ ਅਚਰਜ ਹਨ। ਇਕ ਚਿਤ੍ਰਕਾਰੀ ਵਿਚ ਬਹੁਤ ਤਰਾਂ ਦੀਆਂ ਅਨੇਕਾਂ ਹੀ ਰੀਤੀਆਂ ਹਨ ॥

ਲੋਚਨ ਮੈ ਦ੍ਰਿਸ਼ਟਿ, ਸ੍ਰਵਨ ਮੈ ਸੁਰਤਿ ਰਾਖੀ
ਨਾਸਕਾ ਸੁਬਾਸ ਰਸ ਰਸਨਾ ਉਚਾਰ ਹੈ॥

(ਸਰੀਰ ਦੇ ਇੰਦ੍ਰਿਆਂ ਵਿਚ ਅਜੇਹੀਆਂ ੨ ਸ਼ਕਤੀਆਂ ਰਖੀਆਂ ਹਨ ਕਿ) ਨੈਣਾਂ ਵਿਚ ਦ੍ਰਿਸ਼ਟੀ ਰਖੀ ਹੈ ਕਿ ਸਭ ਨੂੰ ਵੇਖੇ, ਅਤੇ ਕੰਨਾਂ ਵਿਚ ਸੁਣਨ ਦੀ ਤਾਕਤ ਰਖੀ ਹੈ ਕਿ ਸਭ ਅਵਾਜ਼ ਸੁਣਨ, ਅਤੇ ਨਾਸਕਾਂ ਵਿਚ ਚੰਗੀ ਵਾਸ਼ਨਾਂ ਲੈਣ ਦੀ ਸ਼ਕਤੀ ਰਖੀ ਹੈ ਅਤੇ ਜਿਹਬਾ ਵਿਚ ਰਸਾਂ ਦੇ ਸੁਆਦ ਲੈਣ ਦੀ ਅਤੇ ਬਾਣੀਆਂ ਉਚਾਰਨ ਦੀ ਸ਼ਕਤੀ ਰਖੀ ਹੈ ॥

ਅੰਤਰ ਹੀ ਅੰਤਰ ਨਿਰੰਤਰੀਨ ਸ੍ਰੋਤ੍ਰਨ ਮੈ
ਕਾਹੂ ਕੀ ਨ ਕੋਊ ਜਾਨੈ ਬਿਖਮ ਬਿਚਾਰ ਹੈ॥

ਇਕ ਦਸ ਸਰੀਰ ਦੇ ਅੰਦਰ ਹੀ ਸਾਰਿਆਂ (ਸ੍ਰੋਤ੍ਰਾਂ) ਇੰਦ੍ਰਿਆਂ ਵਿਚ ਵਰਤ ਰਹਕ ਹੈ (ਸੋ ਆਪ ਆਖਦੇ ਹਨ ਕਿ ਇਸ ਵਾਸਤੇ) ਇੰਦ੍ਰੇ ਦੀ ਕੋਈ ਗਲ ਦੂਜਾ ਇੰਦ੍ਰਾ ਨਹੀਂ ਜਾਨਦਾ (ਇਸ ਤਰਾਂ ਔਖੇ ਵਿਚਾਰ ਹੈਂ)

ਅਗਮ ਚਰਿਤ੍ਰ ਚਿਤ੍ਰ ਜਾਨੀਐ ਚਿਤੇਰੋ ਕੈਸੋ
ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥ ੨੭੨ ॥

ਸਭ ਉਸਦੇ ਤਮਾਸ਼ੇ ਨੇ ਤਾਂ ਚਿਤ੍ਰਕਾਰੀ ਕਰਨ ਵਾਲੇ ਵਾਹਿਗੁਰੂ ਨੂੰ ਕੀਕੁਰ ਜਾਣੀਏ ; ਇਸ ਲਈ ਸਦਾ ੨ ਉਸਨੂੰ ਨਮਸਕਾਰ ਹੋਵੇ ਜੀ ॥੨੭੨॥

ਮਾਇਆ ਰੂਪ ਸੰਸਾਰ ਦੇ ਪਦਾਰਥਾਂ ਵਿਚ ਮਨ ਨੂੰ ਭੁਲਾਉਂਦਾ, ਗੁਰਾਂ ਦੇ ਚਰਨਾਂ ਦੀ ਸਰਨ ਬਚਾਉਂਦੀ ਹੈ ॥

ਮਾਯਾ ਛਾਯਾ ਪੰਚ ਦੂਤ ਭੂਤ ਉਦਮਾਦ ਨਟ
ਘਟ ਘਟ ਘਟਿਕਾ ਮੈ ਸਾਗਰ ਅਨੇਕ ਹੈ ।

ਮਾਇਆ ਰੂਪ ਸੰਸਾਰ ਵਿਚ ਅਵਿਦਿਆ ਕਰਕੇ ਤੇ ਪੰਜਾਂ ਦੂਤਾਂ ਭੂਤਨਿਆਂ ਦੀ ਚੰਚਲਤਾਈ ਨਾਲ ਬਹੁਤ ਸਾਰੇ ਸਰੀਰਾਂ ਦੀ ਬੁਧੀ ਵਿਚ (ਉਨਮਾਦ) ਮਨ ਤੀ ਦਾ ਬਣਾਉ ਬਣਿਆ ਹੋਯਾ ਹੈ ॥ ਭਾਵ— ਜਿਕਰ ਘੜੀਆਂ ਵਿਚ ਸਮੁੰਦਰ ਇਕ ਹੈ ਇਕਰ ਹੀ ਮਾਯਾ ਪੰਜ ਭੂਤਾਂ ਦੇ ਸਰੀਰਾਂ ਵਿਚ ਵਾਹਿਗੁਰੂ ਇਕ ਹੈ ॥

ਔਧ ਪਲ ਘਟਿਕਾ ਜੁਗਾਦਿ ਪਰਜੰਤ ਆਸ਼ਾ
ਲਹਿਰ ਤਰੰਗ ਮੈ ਨ ਤ੍ਰਿਸ਼ਨਾ ਕੀ ਟੇਕ ਹੈ।

ਏਹ ਉਮਰ ਤਾਂ ਛਿਨ ਭਰ ਯਾ ਘੜੀ ਅਧੀ ਘੜੀ ਦੀ ਹੈ ਅਤੇ ਆਸਾ ਜੁਗਾਂ ਦੇ ਆਦਤੀਕ ਲਗੀ ਹੋਈ ਹੈ, ਇਛਾਂ ਦੇ ਤਰੰਗਾਂ ਸੰਕਲਪਾਂ ਵਿਕਲਪਾਂ ਵਿਚ ਤ੍ਰਿਸ਼ਨਾਂ ਦਾ ਆਸਰਾ ਨਹੀਂ, ਭਾਵ ਇਛਾ ਬਹੁਤ ਹੈ ਕਿ ਬਹੁਤ ਜਗਾ ਹੈ ਪਦਾਰਥਾਂ ਵਿਚ ਟਿਕੀ ਰਹਿੰਦੀ ਹੈ ॥

ਮਨ ਮਨਸਾ ਪ੍ਰਸੰਗ ਧਾਵਤ ਚਤੁਰ ਕੁੰਟ
ਛਿਨਕ ਮੈ ਖੰਡ ਬ੍ਰਹਮੰਡ ਜਾਵਦੇਕ ਹੈ।

ਇਹੁ ਮਨ ਬਹੁਤ ਤਰਾਂ ਦੀਆਂ ਵਾਸ਼ਨਾਂ ਦੇ ਸੰਗ ਨਾਲ ਚਹੁੰ ਕੂੰਟਾਂ ਵਿਚ ਭਜਾ ਫਿਰਦਾ ਹੈ ਅਤੇ ਇਕ ਛਿਨ ਭਰ ਵਿਚ ਖੰਡਾਂ ਬ੍ਰਹਮੰਡਾਂ ਵਿਚ ਫਿਰ ਆਉਂਦਾ ਹੈ ॥

ਆਧਿ ਕੈ ਬਿਆਧਿ ਕੈ ਉਪਾਧਿ ਕੈ ਅਸਾਧ ਮਨ
ਸਾਧ ਬੇਕੋ ਚਰਨ ਸਰਨ ਗੁਰ ਏਕ ਹੈ ॥ ੨੨੩ ॥

ਆਧੀਆਂ ਬਿਆਧੀਆਂ ਉਪਾਧੀਆਂ ਕਰਕੇ ਮਨ ਅਸਾਧ ਹੋ ਰਿਹਾ ਹੈ ਸੋ ਮਨ ਦੇ ਵਸ ਕਰਨ ਨੂੰ ਇਕ ਗੁਰਾਂ ਦੇ ਚਰਨਾਂ ਦੀ ਸ਼ਰਨ ਹੈ ॥ ੨੨੩ ॥

ਅਬ ਆਖਦੇ ਹਨ ਕਿ ਜੇਹਾ ਕੁ ਮਨ ਹੋਰਨਾ ਪਦਾਰਥਾਂ ਤੇ ਜਗਤ ਦੇ ਲੇਖਿਆਂ ਵਿਚ ਲਗਦਾ ਹੈ ਓਹੋ ਜੇਹਾ ਗੁਰਾਂ ਦੇ ਚਰਨਾਂ ਦੀ ਸਰਨ ਵਿਚ ਨਹੀਂ ਲਗਦਾ ਪਰ ਪਿਛੋਂ ਨੂੰ ਪਛੋਤਾਵੇਗਾ ॥

ਜੈਸੇ ਮਨ ਲਾਗਤ ਹੈ ਲੇਖਕ ਕੈ ਲੇਖੈ ਵਿਖੈ

ਹਰਿ ਜਸ ਲਿਖਤ ਨ ਤੈਸੇ ਠਹਿਰਾਵਈ ।

ਜੇਹਾਕੁ ਮਨ ਲੇਖੇ ਵਾਲੇ ਦਾ ਲੇਖੇ ਵਿਚ ਲਗਦਾ ਹੈ ਤੇਹੋ ਜੇਹਾ (ਮਨ) ਪ੍ਰਮਾਤਮਾ ਦਾ ਜਸ (ਗੁਰਬਾਣੀ) ਲਿਖਣ ਵਿਚ ਨਹੀਂ (ਠਹਿਰ) ਲਗਦਾ ॥

ਜੈਸੇ ਮਨ ਬਨਜ ਬਿਉਹਾਰ ਕੇ ਬਿਥਾਰ ਬਿਖੈ
ਸ਼ਬਦ ਸੁਰਤਿ ਅਵਗਾਹਨ ਨ ਭਾਵਈ ।

ਜੇਹਾਕੁ ਮਨ ਵਿਹਾਰੀ ਦਾ ਸੌਦੇ ਦੇ ਖਰੀਦਣ ਵਿਚ ਲਗਦਾ ਹੈ ਤੇਹੋ ਜੇਹਾ ਇਸਨੂੰ ਗੁਰ ਸ਼ਬਦ ਦੀ (ਬਾਣੀ) ਗਿਆਤ ਦਾ ਵਿਚਾਰਨਾ ਨਹੀਂ (ਭੌਂਦਾ) ਹਛਾ ਲਗਦਾ ॥

ਜੈਸੇ ਮਨ ਕਨਿਕ ਔ ਕਾਮਨੀ ਸਨੇਹ ਬਿਖੈ
ਸਾਧ ਸੰਗ ਤੈਸੇ ਨੇਹ ਪਲ ਨ ਲਗਾਵਈ ।

ਜੇਹਾਕੁ ਮਨ ਸੋਨੇ ਅਤੇ ਇਸਤ੍ਰੀ ਦੇ ਪ੍ਰੇਮ ਵਿਚ ਲਗਦਾ ਹੈ ਤੇਹਾਕੁ ਸਾਧ ਸੰਗਤ ਨਾਲ ਪ੍ਰੇਮ ਇਕ ਪਲ ਭਰ ਵੀ ਨਹੀਂ ਲਗਾਉਂਦਾ ॥

ਮਾਯਾ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ
ਗੁਰ ਉਪਦੇਸ਼ ਹੀਨ ਪਾਛੈ ਪਛੁਤਾਵਈ ॥ ੨੩੪ ॥

ਜੀਕੁਰ ਹੀ ਸੰਸਾਰ ਦੇ ਪਦਾਰਥਾਂ ਦੇ ਧੰਧਿਆਂ ਦੇ ਬੰਧਨਾਂ ਵਿਚ ਉਮਰ ਗੁਜ਼ਰਦੀ ਜਾਂਦੀ ਹੈ (ਜੀਕੁਰ ਉਪਰ ਕਥਨ ਕੀਤੀ ਹੈ) ਪਰ ਏਹ ਮਨ (ਜੀਵ) ਗੁਰ ਉਪਦੇਸ਼ ਤੋਂ ਰਹਿਤ ਹੋਇਆ ਹੋਇਆ ਓੜਕ ਨੂੰ ਪਛੋਤਾਵੇਗਾ ਅਤੇ ਹੱਥ ਮਲਦਾ ਹੋਵੇਗਾ ॥ ੨੩੪ ॥ ਪੁਨਹ ਮਨ

ਜੈਸੇ ਮਨ ਧਾਵੈ ਪਰ ਤਨ ਧਨ ਦੂਖਨ ਲੌ
ਸ੍ਰੀ ਗੁਰ ਸਰਨ ਸਾਧ ਸੰਗ ਲੌ ਨ ਆਵਈ ।

ਜੇਹਾਕੁ ਮਨ ਦੂਜੇ ਆਦਮੀਆਂ ਦੀ (ਇਸਤ੍ਰੀ) ਪਰੂ ਪਦਾਰਥ ਦੇ ਦੂਸ਼ਨ ਲਿਤਵਦੇ ਤਾਈਂ ਪਹੁੰਚਦਾ ਹੈ ਭਾਵ ਜੇਹਾਕੁ ਮਨ ਦੂਜੇ ਦੇ ਬੁਰੇ ਵਿਚ ਦੌੜਦਾ ਹੈ ਤੇਹਾਕੁ ਸ੍ਰੀ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਲੈਕੇ ਸਾਧ ਸੰਗਤ ਵਿਚ ਨਹੀਂ ਆਉਂਦਾ ਭਾਵ ਸਾਧਸੰਗਤ ਵਿਚ ਆਕੇ ਗੁਰਾਂ ਦੇ ਚਰਨਾਂ ਵਿਚ ਨਹੀਂ ਲਗਦਾ ॥

ਜੈਸੇ ਮਨ ਲਾਗੈ ਪਰਾਧੀਨ ਹੀਨ ਦੀਨਤਾ ਮੈ
ਸਾਧ ਸੰਗ ਸਤਿਗੁਰੂ ਸੇਵਾ ਨ ਲਗਾਵਈ ।

ਜੈਸੇ ਕੁ ਮਨ ਆਪਣੇ ਕੁਟੰਬ ਦੇ ਮੋਹ ਵਿਚ ਫਸਿਆ ਹੋਇਆ ਕਿਰਤ ਵਿਚ ਮਗਨ ਹੁੰਦਾ ਹੈ (ਦੀਨਤਾਈਆਂ) ਗਰੀਬਾਂ ਵਾਂਗੂੰ ਬੇਨਤੀਆਂ ਕਰਦਾ ਹੈ ਭਾਵ ਜਿਹਾ ਕੁ ਮਨ ਪਰਾਏ ਵਸ ਹੁੰਦਾ ਹੈ ਤੇਹਾ ਕੁ ਸਾਧ ਸੰਗਤ ਵਿਚ ਜਾਕੇ (ਮਨ) ਗੁਰਾਂ ਦੀ ਸੇਵਾ ਵਿਚ (ਬਿਰਤੀ) ਨੂੰ ਨਹੀਂ ਲਾਉਂਦਾ॥

ਜੈਸੇ ਮਨ ਕਿਰਤਿ ਬਿਰਤਿ ਮੈ ਮਗਨ ਹੋਇ
ਸਾਧ ਸੰਗ ਕੀਰਤਨ ਮੈ ਨ ਠਹਿਰਾਵਈ ।

ਜੇਹਾ ਕੁ ਮਨ ਰੋਜ਼ੀ ਕਮਾਉਣ (ਵਿਚ ਮਸਤ ਹੋ ਰਿਹਾ) ਹੁੰਦਾ ਹੈ ਤੇਹਾ ਕੁ ਸਾਧ ਸੰਗਤ ਵਿਚ ਜਾਕੇ ਪ੍ਰਮਾਤਮਾ ਦੇ ਕੀਰਤਨ ਵਿਚ ਨਹੀਂ ਖਲੋਂਦਾ ॥

ਕੂਕਰ ਜਉਂ ਚੌਂਹ ਕਾਢਿ ਚਾਕੀ ਚਾਟਿ ਬੈਠੋ ਜਾਇ
ਜਾਕੇ ਮੀਠੀ ਲਾਗੀ ਦੇਖੇ ਤਾਹੀ ਪਾਛੈ ਧਾਵਈ ॥੨੩੫

ਜੇਹਾ ਕੁ ਕੁੱਤਾ ਜੀਭ ਕਢਕੇ ਚੱਕੀ ਦਾ ਆਟਾ ਚਟਦਾ ਜਾਂਦਾ ਹੈ ਜਿਸਦਾ ਘਰ ਵਿਚ ਮਿਠੀ ਚੱਕੀ ਲਗਦੀ ਹੈ (ਭਾਵ ਮਿਠਾ ਚੱਕੀ ਦਾ ਆਟਾ [illegible] ਅਤੇ ਰਜਾਣ ਜੋਗਾ ਮਿਲਦਾ ਹੈ) ਤਿਸ ਆਦਮੀ ਦੇ ਹੀ ਮਗਰ ਮਗਰ ਕੁੱਤਾ ਦੌੜਦਾ ਹੈ ਤੇਹਾ ਕੁ ਹੀ ਲੋਭੀਆਂ ਦੇ ਮਨ ਦੀ ਅਵਸਥਾ ਹੈ॥
ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੇ ॥ (ਵਾਰ ੩੨, ਪੌੜੀ ੧) ॥੨੩੬॥

ਜੇਹੜੇ ਗੁਰੂ ਆਦਿਕ ਦੀ ਕਦਰ ਨਹੀਂ ਜਾਣਦੇ ਓਨਾਂ ਦਾ ਹਾਲ ਭਾਈ ਜੀ ਆਪਣੇ ਤੇ ਘਟਾਕੇ ਦਸਦੇ ਹਨ ॥

ਸਰਵਰ ਮੈ ਨ ਜਾਨੀ ਦਾਦਰ ਕਮਲ ਗਤਿ
ਮ੍ਰਿਗ ਮ੍ਰਿਗਮਦ ਗਤਿ ਅੰਤਰ ਨ ਜਾਨੀ ਹੈ ।

ਜੇਹਾ ਕੁ ਤਾਲ ਵਿਚ ਰਹਿਕੇ ਡੱਡੂ ਨੇ ਕੌਲ ਫੁਲ ਦੀ ਰੀਤੀ (ਭਾਵ ਕਦਰ) ਨਹੀਂ ਜਾਣੀ ਅਤੇ ਹਰਨ ਦੇ ਅੰਦਰ ਕਸਤੂਰੀ (ਪਈ ਹੋਈ) ਹੈ ਪਰ ਉਸਨੇ ਵੀ ਕਦਰ ਨਾ ਜਾਣੀ ਅਤੇ ਉਜਾੜਾਂ ਵਿਚ ਭਜਾ ਫਿਰਿਆ॥

ਮਨ ਮਹਿਮਾ ਨ ਜਾਨੀ ਅਹਿ ਬਿਖ ਬਿਖਮ ਕੈ
ਸਾਗਰ ਮੈ ਸੰਖ ਨਿਧਿ ਹੀਨ ਬਕਬਾਨੀ ਹੈ ।

ਸੱਪ ਨੇ ਬਹੁਤੀ ਵਿਹੁ ਕਰਕੇ ਮਣੀ ਦੀ ਮਹਿਮਾ (ਕਦਰ) ਨਹੀਂ ਜਾਣੀ ਸਮੁੰਦਰ ਵਿਚ ਜੋ ਸੰਖ ਰਤਨ ਆਦਿਕ ਹਨ ਉਨ੍ਹਾਂ ਖਾਣੀਆਂ ਤੋਂ ਰਹਿਤ (ਖਾਲੀ) ਹੋਕੇ [illegible] ਹੈ । ਭਾਵ ਵਿਅਰਥ ਬਕਦਾ ਹੈ ॥

ਚੰਦਨ ਸਮੀਪ ਜੈਸੇ ਬਾਂਸ ਨਿਰਗੰਧ ਰਹੈ
ਉਲੂਐ ਅਲਖ ਦਿਨ ਦਿਨਕਰ ਧਿਆਨੀ ਹੈ।

ਜਿਹਾ ਕੁ ਚੰਦਨ ਬ੍ਰਿਛ ਦੇ ਪਾਸ ਵਾਂਸ ਦਾ (ਸਰੀਰ) ਬੂਟਾ ਹੁੰਦਾ ਹੈ ਪਰ ਅਫਸੋਸ ਸੁਗੰਧੀ ਤੋਂ ਬਿਨਾਂ ਹੀ ਰਹਿੰਦਾ ਹੈ ਅਤੇ ਹੋਰ ਦੂਰ ਦੂਰ ਦਿਆਂ ਬੂਟਿਆਂ ਨੂੰ ਸੁਗੰਧੀ ਲਗ ਜਾਂਦੀ ਹੈ। ਜਿਹਾ ਕੁ ਉਲੂ ਦਿਨ ਚੜ੍ਹੇ ਸੂਰਜ ਦੇ ਵੇਖਣ ਤੋਂ (ਅਲੱਖ) ਅਦੇਖ ਰਹਿੰਦਾ ਹੈ। ਭਾਵ ਸੂਰਜ ਨੂੰ ਨਹੀਂ ਵੇਖ ਸਕਦਾ ॥

ਤੈਸੇ ਬਾਂਝ ਬਧੂ ਮਮ ਸ੍ਰੀ ਗੁਰ ਪੁਰਖ ਭੇਟ
ਨਿਹਫਲ ਸੇਂਬਲ ਜਿਉਂ ਹਉਮੈ ਅਭਿਮਾਨੀ ਹੈ।੨[illegible]

ਜਿਹਾ ਕੁ ਬਾਂਝ ਇਸਤ੍ਰੀ ਆਦਮੀ ਪਤੀ ਨੂੰ ਮਿਲਕੇ ਔਲਾਦ ਤੋਂ (ਨਿਹਫਲ) ਖਾਲੀ ਰਹਿੰਦੀ ਹੈ ਅਤੇ ਜਿਹਾ ਕੁ ਸਿੰਮਲ ਬ੍ਰਿਛ (ਉਚਾਈ) ਦੇ ਹੰਕਾਰ ਕਰਕੇ ਫਲਾਂ ਤੋਂ ਖਾਲੀ ਰਹਿੰਦਾ ਹੈ (ਭਾਵੇਂ ਪਾਣੀ ਕਿਤਨਾ ਹੀ ਦੇਈ ਜਾਈਏ) ਤਿਹਾ ਕੁ ਹੀ ਮੈਂ ਗੁਰਾਂ ਦੇ ਪਾਸ ਰਹਿਕੇ ਹੰਕਾਰ ਕਰਕੇ ਗੁਰਾਂ ਦੀ ਕਦਰ ਨਹੀਂ ਜਾਣੀ ਅਤੇ ਗੁਣਾਂ ਤੋਂ ਬਿਨਾ ਰਿਹਾ ਹਾਂ ॥

ਵਾਰ ੩੬ ਪੌੜੀ ੧੦ ਵੇਖੋ ਸਾਖੀ। ਉੱਚਾ ਲੰਮਾ ਝਾਟੁਲਾ ਵਿਚ ਬਾਗ਼ ਦਿਸੰਦਾ।

ਅਬ ਭਾਈ ਜੀ ਅਭਾਗਾ ਅਲੰਕਾਰ ਪਰ ਆਪਣਾ ਨਿਰਭਾਗ ਦਸਦੇ ਹਨ ਕਿ ਭਾਵੇਂ ਗੁਰੂ ਕੀ ਸਾਧਸੰਗਤ ਵਿਚ ਪਹੁੰਚ ਜਾਈਏ ਪਰ ਕਰਮਾਂ ਤੋਂ ਬਿਨਾਂ ਕੁਝ ਨਹੀਂ ਮਿਲਦਾ। ਛੰਦ ਰਤਨਾਵਲੀ ॥ ਪ੍ਰਾਪਤਿ ਜਲ ਉਦਧਿ ਤੀਰ, ਨੇਕ ਨ ਕਰ ਚਖਲੇ ਨੀਰ ਅਭਿਲਾਸ਼ਾ ਬਿਮ ਜਾਨੀ ਪੀਰ, ਕੁਸਕ ਮੇਂ ਸਾਖੀ ॥

ਬਰਖਾ ਚਤੁਰ ਮਾਸ ਭਿਦੈ ਨ ਪਖਾਨ ਸਿਲਾ
ਨਿਪਜੈ ਨ ਧਾਨ ਪਾਨ ਅਨਿਕ ਉਪਾਵ ਕੈ।

(ਸਾਵਣ ਭਾਦਰੋਂ ਬਰਸਾਤ ਦੇ) ਚਾਰ ਮਹੀਨੇ ਭਾਵੇਂ ਬਰਖਾ ਪੈਂਦੀ ਰਹੇ, ਪਰ ਪੱਥਰ ਦੀ ਸਿਲਾ ਨਹੀਂ ਭਿਜਦੀ ਅਤੇ ਨਾ ਹੀ ਉਸ ਪਰ ਧਾਨਾਂ ਦਾ ਬੂਟਾ ਉਗਦਾ ਹੈ ਅਤੇ ਨਾ ਹੀ (ਪਾਨ) ਤੰਬੋਲ ਜੰਮਦੇ ਹਨ ਭਾਵੇਂ ਕਿਤਨੇ ਹੀ ਜਤਨ ਕਰੀਏ ॥

ਉਦਿਤ ਬਸੰਤ ਪਰਫੁੱਲਤ ਬਨਾਸਪਤੀ
ਮੌਲੈ ਨ ਕਰੀਰ ਆਦਿ ਬੈਸ ਕੇ ਸੁਭਾਵ ਕੈ।

ਬਸੰਤ ਰੁਤ ਦੇ ਪ੍ਰਗਟ ਹੋਣ ਨਾਲ ਬਨਾਸਪਤੀ ਸਾਰੀ ਖਿੜਦੀ ਹੈ ਪਰ ਕਰੀਰ ਆਦਿਕ ਬੈਸ ਦੇ ਸੁਭਾਵ ਭੇਜ ਕਰਕੇ ਨਹੀਂ ਖਿੜਦਾ ॥

ਸਿਹਜਾ ਸੰਜੋਗ ਭੋਗ ਨਿਹਫਲ ਬਾਂਝ ਬਧੂ
ਹੋਇ ਨ ਅਧਾਨ ਦੁਖੈ ਦੁਬਿਧਾ ਦੁਰਾਵ ਕੈ।

ਸੇਜਾ ਉਪਰ ਪਤੀ ਦਾ ਮਿਲਾਪ ਅਤੇ ਹਾਸ ਬਿਲਾਸ ਮਧਰਾਰਤੀ ਦੇ ਹੁੰਦਿਆਂ ਹੋਇਆਂ ਬਾਂਝ ਇਸਤ੍ਰੀ ਪੁਤ੍ਰ ਧੀ ਤੋਂ ਖਾਲੀ ਰਹਿੰਦੀ ਹੈ ਅਤੇ ਭਾਂਵੇਂ ਓਹ ਕਿੰਨਾ ਹੀ ਉਪਾਉ ਕਰੇ ਪਰ ਉਸਨੂੰ ਗਰਭ ਨਹੀਂ ਹੁੰਦਾ ਅਤੇ ਦੁਖੀ ਹੁੰਦੀ ਹੈ ਇਸਲਈ ਦ੍ਵੈਤ ਭਾਵ ਕਰਕੇ ਹੋਰਨਾਂ ਇਸਤ੍ਰੀਆਂ ਦੇ ਬਾਲਕਾਂ ਨੂੰ ਛਪਾਉਂਦੀ (ਟੂਣੇ ਆਦਕ ਕਰਦੀ) ਹੈ।

ਤੈਸੇ ਮਮਕਾਗ ਸਾਧ ਸੰਗਤ ਮਰਾਲ ਸਭਾ
ਰਹੈ ਨਿਰਾਹਾਰ ਮੁਕਤਾਹਲ ਅਧਿਆਵ ਕੈ॥੨੩੧

ਤੀਕੁਰ ਹੀ ਮੈਂ ਸਾਧ ਸੰਗਤ ਵਿਚੋਂ ਗੁਣਾਂ ਰੂਪ ਭੋਜਨ ਪਾਉਣਤੋਂ ਖਾਲੀ ਰਿਹਾ ਹਾਂ, ਜੀਕੁਰ ਕਾਂ ਹੰਸਾਂ ਦੀ ਸਭਾ (ਤਾਲ) ਵਿਚ ਜਾਕੇ, ਮੋਤੀਆਂ ਦੇ ਖਾਣੇ ਤੋਂ (ਨਿਰਾਹਾਰ) ਭੁਖਾ ਆਉਂਦਾ ਹੈ ॥ ੨੩੧ ॥

ਅਸਾਧ ਦੁਰਮਤਿ ਨੂੰ ਸਾਧ ਗੁਰਮਤਿ ਨੂੰ ਨਹੀਂ ਛੱਡਦੇ ਅਬ ਇਸ ਪਰ ਦ੍ਰਿਸ਼ਟਾਂਤਾਂ ਕਬਿਤ ਆਖਦੇ ਹਨ ॥

ਕਪਟ ਸਨੇਹ ਜੈਸੇ ਢੇਕੁਲੀ ਨਵਾਵੈ ਸੀਸ
ਤਾਕੇ ਬਸਿ ਹੋਇ ਜਲੁ ਬੰਧਨ ਮੈ ਆਵਈ।

ਜਿਹਾ ਕੁ ਢੀਂਗਲੀ ਖੋਟਾ ਪ੍ਰੇਮ ਕਰਕੇ ਸਿਰ ਨਿਵਾਉਂਦੀ ਹੈ ਅਤੇ ਫਿਰ ਇਸ ਢੀਂਗਲੀ ਦੇ ਵਸੀਕਾਰ ਜਲ ਹੋਕੇ (ਡੋਲ ਆਦਕ ਦੇ) ਬੰਧਨ ਵਿਚ ਆ ਜਾਂਦਾ ਹੈ ॥ (ਵਾਰ ੬ ਪੌੜੀ ੨੫)

ਸੀਸ ਨਿਵਾਏ ਢੀਂਗੁਲੀ ਗਲ ਬਧੇ ਜਲ ਖਿਚ ਆਵੇ ॥

ਡਾਰਿ ਦੇਤ ਖੇਤ ਹ੍ਵੈ ਪ੍ਰਫੁਲਤ ਸਫਲ ਤਾਂਤੇ
ਆਪ ਨਿਹਫਲ ਪਾਹੈ ਫੇਰ ਉਕਤਾਵਈ।

ਓਹ ਡੋਲ ਆਦਿਕਾਂ ਵਿਚ ਬੰਨ੍ਹਿਆ ਹੋਇਆ ਜਲ ਜਦ (ਡਾਰਿ) ਫੇਰ ਦੇਈਏ ਅੰਤ ਵਿਚ ਤਾਂ ਖੇਤ੍ਰ ਵਿਚ ਜਾ ਪੈਂਦਾ ਹੈ ਅਤੇ ਪੈਲੀ ਬੜੀ ਫੁਲਦੀ ਹੈ ਅਤੇ ਸਹਿਜ ਫੁਲਾਂ ਦੇ ਹੁੰਦੀ ਹੈ ਅਤੇ ਆਪ ਢੀਂਗੁਲੀ ਐਵੇਂ ਹੀ ਭਾਰ ਨੂੰ ਮਗਰੋਂ ਢੋਂਦੀ ਰਹਿੰਦੀ ਹੈ ॥

ਅਰਧ ਉਰਧ ਹੋਇ ਅਨੁਕ੍ਰਮ ਕੈ (ਹੀ ਜਥ)

ਪਰਉਪਕਾਰ ਅਧਿਕਾਰ ਨ ਮਿਟਾਵਈ।

ਫੂਕ ਦੇ ਪਿਛੇ (ਕਿਸੇ ਆਦਮੀ ਦੇ ਕਾਰਨ ਢੀਂਗਲੀ) ਹੇਠਾਂ ਤੇ ਉਤਾਹ ਨੂੰ ਜਾਂਦੀ ਰਹਿੰਦੀ ਹੈ ਪਰ ਪਾਣੀ ਉਪਕਾਰ ਕਰਦਾ ਹੈ ਅਤੇ ਢੀਂਗੁਲੀ ਆਪਣੇ ਵਿਕਾਰ (ਫੇਰ ਪਲਟੇ) ਨੂੰ ਨਹੀਂ ਛਡਦੀ ॥ (ਅਨੁਕ੍ਰਮ) ਹੋਰ ਪਿਛੇ

ਤੈਸੇ ਹੀ ਅਸਾਧ ਸਾਧ ਸੰਗਤ ਸੁਭਾਵ ਗਤਿ
ਗੁਰਮਤਿ ਦੁਰਮਤਿ ਸੁਖ ਦੁਖ ਪਾਵਈ॥੨੩੮॥

ਤੇਹਾਹੂ ਹੀ ਚੰਗੇ ਮੰਦੇ ਸਾਧੂ ਹਨ ਸਾਧ ਗੁਰਮਤ ਦੇ ਸੁਭਾਵ ਨੂੰ ਪ੍ਰਾਪਤ ਹੁੰਦੇ ਹਨ ਅਤੇ ਅਸਾਧਿ ਦੁਰਮਤ ਦੇ ਸੁਭਾਵ ਨੂੰ ਪ੍ਰਾਪਤ ਹੁੰਦੇ ਹਨ। ਗੁਰਮਤ ਕਰਕੇ ਗੁਰਮੁਖ ਸੁਖ ਅਤੇ ਦੁਰਮਤ ਕਰਕੇ ਮਨਮੁਖ ਦੁਖ ਪਾਉਂਦੇ ਹਨ ।੨੪੦।

ਮਨਮੁਖਾਂ ਨੂੰ ਮਾੜੇ ਕੰਮ ਤੋਂ ਹਟਾਈਏ ਤੇ ਹਟਦੇ ਨਹੀਂ ਹਨ ਜਿਹਾਕੁ ਅਗੇ ਆਖਦੇ ਹਨ

ਜੈਸੇ ਤੌ ਕੁਚੀਲ ਅਪਵਿਤ੍ਰਤਾ ਅਤੀਤ ਮਾਖੀ
ਰਾਖੀ ਨ ਰਹਿਤ ਜਾਇ ਬੈਠੇ ਇਛਾ ਚਾਰੀ ਹੈ॥

ਜੇਹਾ ਕੁ ਗੰਦੀ ਮਖੀ ਨੂੰ ਗੰਦ ਤੋਂ ਹਟਾਈਏ ਤਾਂ ਉਹ ਨਹੀਂ ਹਟਦੀ, ਸਗੋਂ ਫਿਰ ਆਪਣੀ ਇਛਾ ਅਨੁਸਾਰ ਜਾ ਬੈਠਦੀ ਹੈ ॥

ਪੁਨ ਜੋ ਅਹਾਰ ਸਨਬੰਧ ਪਰਵੇਸ ਕਰੈ
ਜਰੈ ਨ ਅਜਰ ਉਕਲੇਦ ਖੇਦ ਭਾਰੀ ਹੈ ॥

(ਉਕਲੇਦ) ਕੈ, ਫਿਰ ਜੇਕਰ ਅੰਨ ਵਿਚ ਪੈਕੇ ਮਖੀ ਆਦਮੀ ਦੇ ਅੰਦਰ ਚਲ ਜਾਵੇ ਤਾਂ ਓਹ ਮਖੀ ਸਹਾਰੀ ਨਹੀਂ ਜਾਂਦੀ ਅਤੇ ਔਖਿਆਂ ਹੋਕੇ (ਕੈ) ਉਗਾਲੀ ਦਾ ਹੈ ਅਤੇ ਬੜਾ ਦੁਖ ਦੇਂਦੀ ਹੈ ॥

ਹੋਰ ਮਨ ਵਿਚ ਪ੍ਰੇਮ ਰਖਕੇ ਛਲ ਕਰਨ ਵਾਲੇ ਦਾ ਹਾਲ

ਬੰਧਕ ਬਿਧਾਨ ਜੈਸੇਂ ਉਦਿਆਨ ਮੈ ਟਾਟੀ ਦਿਖਾਇ
ਕਰੈ ਜੀਵ ਘਾਤ ਅਪਰਾਧ ਅਧਿਕਾਰੀ ਹੈ ॥

ਜੇਹਾ ਕੁ ਫੰਧਕਾਂ ਦੀ ਰੀਤੀ ਹੁੰਦੀ ਹੈ ਇਵੇਂ ਹੀ ਕੋਈ ਪਾਖੰਡੀ ਸਾਧੂ ਜਿਕਰ ਉਜਾੜ ਵਿਚ ਆਪਣੀ ਝੁਗੀ ਦਿਖਾਵੇ ਅਤੇ ਆਖੇ ਮੈਂ ਸਾਧੂ ਹਾਂ ਪਰ ਇਸ ਗਲ ਉਤੇ ਬਹੁਤ ਭਰਮ ਜਾਂਦਾ ਹੈ ਪਰ ਓਸਨੇ ਜੀਵਾਂ ਰਾਹੀਆਂ ਜਾਨਵਰਾਂ ਨੂੰ ਮਾਰਨੇ ਪਾਪ ਦਾ ਹੀ ਅਧਿਕਾਰੀ ਬਣਨਾ ਹੈ।

ਹਿਰਦੈ ਕਲਾਉ ਅਤ ਨੈਨ ਬਗ ਧਿਆਨੀ ਪ੍ਰਾਨੀ
ਕਪਟ ਸਨੇਹੀ ਦੇਹੀ ਅੰਤ ਹ੍ਵੈ ਦੁਖਾਰੀ ਹੈ ॥੩੨੯

ਜੇਹਾ ਕੁ ਹੀ ਹਿਰਦੇ ਵਿਚ ਬਿਲੀ ਵਾਕਰ ਛਲ ਹੈ ਅਤੇ ਨੇਤਰਾਂ ਕਰਕੇ ਬਗਲੇ ਵਾਕੁਰ ਸਮਾਧੀ ਦਾ ਧਿਆਨ ਲਾਉਣ ਵਾਲਾ ਧਿਆਨੀ ਬਣਿਆ ਹੋਯਾ ਹੈ। ਅਜੇਹੇ ਖੋਟੇ ਪ੍ਰੇਮ ਵਾਲੇ ਆਦਮੀ ਦੀ ਦੇਹ ਓੜਕ ਨੂੰ ਦੁਖੀ ਹੁੰਦੀ ਹੈ ॥੩੨੯

"ਹਿਰਦੈ ਜਿਨਕੈ ਕਪਟ ਵਸੈ ਬਾਹਰਹੁ ਮਿਤ੍ਰ ਕਹਾਵਹਿ"।

"ਅੰਦਰ ਖੋਟੀ ਕੂੜਜੀ ਬਾਹਰ ਵਿਸ ਨਿਕੋਰ ॥"

ਚਿਟੇ ਜਿਨਕੇ ਕਪੜੇ ਮੈਲੇ ਚਿਤ ਕਠੋਰ ਜੀ ॥

ਅਜੇਹੇ ਆਦਮੀ ਸਾਧ ਸੰਗਤ ਵਿਚ ਮਿਲਕੇ ਗੁਣਾਂ ਤੋਂ ਖਾਲੀ ਰਹਿੰਦੇ ਹਨ ਸੋ ਏਹਨਾਂ ਦਾ ਪ੍ਰਸੰਗ ਅਗਲੇ ਕਬਿਤ ਵਿਚ ਦਸਦੇ ਹਨ।

ਗਊ ਮੁਖ ਬਾਘ ਜੈਸੇ ਬਸੈ ਮ੍ਰਿਗ ਮਾਲ ਵਿਖੈ
ਕੰਗਨਾ ਪਹਿਰ ਜੈਸੇਂ ਬਿਲਈ ਖਗ ਮੋਹਈ ॥

ਜੇ ਬਿਘਿਆੜ ਗਊ ਵਾਕੁਰ ਮੂੰਹ ਬਣਾਕੇ ਬਹੁਤਿਆਂ ਹਰਨਾਂ ਵਿਚ ਰਹਿੰਦਾ ਰਹੇ। ਅਤੇ ਹਥ ਵਿਚ ਕੰਗਨਾਂ ਪਾਕੇ ਬਿੱਲੀ ਜੇਹਾ ਕੁ ਪੰਛੀਆਂ ਨੂੰ ਮੋਹਤ ਕਰਦੀ ਫਿਰਦੀ ਕਿ (ਮੈਂ ਪ੍ਰਮਾਤਮਾ ਦੇ ਮਿਲਨ ਨੂੰ ਕੰਗਨਾਂ ਪਹਰਕੇ ਵੈਰਾਗ ਧਾਰਿਆ ਹੈ ਹੁਣ ਮੈਂ ਪੰਛੀਆਂ ਨੂੰ ਨਾ ਮਾਰਾਂਗੀ ਪਰ ਜੇ ਕੋਈ ਟਕਰ ਜਾਵੇ ਤਾਂ ਦਰੀ ਨਾ ਕਰੇ) ਅਜੇਹੇ ਆਦਮੀ ਦਾ ਕਦੀ ਭਲਾ ਨਹੀਂ ਹੁੰਦਾ ਹੈ ॥

ਜੈਸੇ ਬਗ ਧਿਆਨ ਧਾਰ ਕਰਤ ਅਹਾਰ ਮੀਨ
ਗਨਿਕਾ ਸਿੰਗਾਰ ਸਾਜਿ ਬਿਭਚਾਰ ਜੋਹਈ॥

ਜੇਹਾ ਕੁ ਬਗਲਾ ਸਮਾਧੀ ਲਾਕੇ ਮੱਛੀਆਂ ਨੂੰ ਖਾਂਦਾ ਰਹਿੰਦਾ ਹੈ ਅਤੇ ਕੰਜਰੀ ਸਿੰਗਾਰ ਸਾਜ (ਰੰਗੇ ੨ ਗਹਿਣੇ ਕਪੜੇ ਪਾਕੇ) ਬਹੁਤਿਆਂ ਆਦਮੀਆਂ ਨਾਲ ਰਮਣ ਕਰਨ ਫਿਰਦੀ ਰਹਿੰਦੀ ਹੈ ॥

ਪੰਥ ਬਟਪਾਰੋ ਭੇਖ ਧਾਰੀ ਜੈਸੇਂ ਸੰਘਾਤੀ ਹੋਇ
ਅੰਤ ਫਾਂਸੀ ਡਾਰਿ ਮਾਰੈ ਦ੍ਰੋਹ ਕਰ ਦ੍ਰੋਹਈ ॥

ਜੇਹਾ ਕੁ ਰਾਹ ਮਾਰ ਠੱਗ ਆਦਮੀ ਦਾ (ਭੇਖ) ਰੂਪ ਧਾਰਕੇ ਰਹੇ (ਭਲਾ ਚੰਗਾ ਆਦਮੀ ਬਣਿਆ ਰਹੇ) ਅਤੇ ਲੋਕਾਂ ਨੂੰ ਮਾਰਦਾ ਰਹੇ ਤਾਂ ਓੜਕ ਨੂੰ ਓਹਨੂੰ ਸਰਕਾਰ ਦੇ ਸਿਪਾਹੀ ਫਾਹੀ ਪਾਕੇ ਮਾਰ ਦੇਣਗੇ ਅਥਵਾ ਜਿਸਨੇ ਚੰਗੇ ਆਦਮੀ ਦਾ ਭੇਖ ਧਾਰਿਆ ਹੋਯਾ ਹੈ ਓਹਦੇ ਜੇਹੜਾ ਨਾਲ ਰਹਿਣ ਵਾਲਾ ਹੈ

ਓਹਨੂੰ ਫਲ ਖਰਨੇ ਛਾਲੀਆਂ ਮਾਰ ਦੇਵਗਾ ॥

ਕਪਟ ਸਨੇਹ ਕੈ ਮਿਲਤ ਸਾਧ ਸੰਗਤ ਮੈਂ

ਚੰਦਨ ਸੁਗੰਧ ਬਾਂਸ ਗਠੀਲੋ ਨ ਬੇਧਈ ॥੨੪੦॥

ਤੇਹਾ ਕੁ ਹੀ ਜੇਹੜਾ ਖੋਟਾ ਆਦਮੀ ਖੋਟੇ ਪ੍ਰੇਮ ਕਰਕੇ ਸਾਧ ਸੰਗਤ ਵਿਚ 'ਮਿਲਦਾ' ਆਉਂਦਾ ਹੈ ਉਸ ਦੇ ਅੰਦਰ ਭਗਤੀ ਸਰਧਾ ਸੁਗੰਧੀ ਨਹੀਂ ਪ੍ਰਵੇਸ਼ ਕਰਦੀ। ਜੇਹਾ ਕੁ ਗੰਢ ਵਾਲੇ ਬਾਂਸ ਵਿਚ ਚੰਦਨ ਬ੍ਰਿਛ ਦੀ ਸੁਗੰਧੀ ਨਹੀਂ ਹੁੰਦੀ ॥੨੪੦॥

ਗੁਰਉਪਦੇਸ਼ ਤੋਂ ਬਿਨਾ ਅਜੇਹੀ ਹਾਲਤ ਹੁੰਦੀ ਹੈ ॥

ਆਦਿ ਹੀ ਅਧਾਨ ਬਿਖੈ ਹੋਇ ਨਿਰਮਾਨ ਪ੍ਰਾਨੀ

ਮਾਸ ਦਸ ਗਨਤ ਹੀ ਗਨਤ ਬਿਹਾਤ ਹੈ ॥

ਪਹਿਲੇ ਪਹਿਲ ਜੀਵ ਮਾਂ ਦੇ ਪੇਟ ਵਿਚ ਬੜਾ ਨਿਮ੍ਰਤਾ ਵਾਲਾ ਹੁੰਦਾ ਹੈ ਮਾਂ ਪਿਓ ਦਾ ਦਸ ਮਹੀਨੇ ਦੀਆਂ ਗਿਣਤੀਆਂ ਹੀ ਗਿਣਦਿਆਂ ਸਮਾਂ ਨਿਕਲਦਾ ਹੈ ॥ ਭਾਵ—ਪਹਿਲੇ ਜਦ ਜੀਵ ਮਾਂ ਦੇ ਪੇਟ ਵਿਚ ਹੁੰਦਾ ਹੈ ਤਾਂ ਇਸਨੂੰ ਕਿਸੇ ਤਰਾਂ ਦਾ ਹੰਕਾਰ ਨਹੀਂ ਹੁੰਦਾ ਅਤੇ ਮਾਂ ਪਿਓ ਆਸਾ ਕਰਦਾ ਹੈ ਕਿ ਜਦ ਸਾਡਾ ਪੁਤ੍ਰ ਏਹ ਜਨਮੇਂਗਾ ਤਾਂ ਸਾਨੂੰ ਖਟੀਆਂ ਖਟਕੇ ਖੁਲਾਵੇਗਾ ।

ਜਨਮਤ ਸੁਤ ਸਭ ਕੁਟੰਬ ਅਨੰਦ ਮਈ,

ਬਾਲ ਬੁਧਿ ਗਨਤ ਬਿਤੀਤ ਨਿਸ ਪ੍ਰਾਤ ਹੈ ॥

ਪੁਤ੍ਰ ਦੇ ਜਨਮਣ ਨਾਲ ਸਾਰਾ ਟਬਰ ਅਨੰਦ (ਰੂਪ) ਵਾਲਾ ਹੁੰਦਾ ਹੈ ਅਤੇ ਬਾਲਕ ਉਮਰ ਬਾਲ ਦੀ ਵੇਖਕੇ ਜਿਉਂ ਜਿਉਂ ਵਧਦੀ ਹੈ ਤਿਉਂ [illegible] ਮਾਂ ਪਿਓ ਦਾ ਰਾਤ ਦਿਨ ਗਿਣਤੀਆਂ ਗਿਣਦਿਆਂ ਲੰਘਦਾ ਹੈ ਕਿ ਸਾਡਾ ਪੁਤ੍ਰ [illegible] ਵਿਆਹਿਆ ਜਾਵੇ ਅਤੇ ਨਾਲੇ ਏਹ ਕੁਝ ਕੰਮ ਸਿਖ ਜਾਵੇ ਪੜ੍ਹ ਜਾਵੇ ॥

ਪੜਤ ਬਿਵਾਹੀ ਅਤਿ ਜੋਬਨ ਮੈਂ ਭੋਗ ਬਿਖੈ,

ਬਨਜ ਬਿਉਹਾਰ ਕੈ ਬਿਥਾਰ ਲਪਟਾਤ ਹੈ ॥

ਫਿਰ ਮਾਂ ਪਿਓ ਪੁਤ੍ਰ ਨੂੰ ਪੜਾਉਂਦਾ ਤੇ ਵਿਆਉਂਦਾ ਹੈ ਅਤੇ ਇਹ ਜੀਵ ਫਿਰ ਚੰਗੀ ਤਰਾਂ ਵਿਸ਼ਿਆਂ ਦੇ ਅਨੰਦ ਵਿਚ ਲਗਦਾ ਹੈ ਜਦ ਏਸਦੇ ਘਰ ਪੁਤ੍ਰ ਪੁਤ੍ਰ ਧੀਆਂ ਹੋਜਾਂਦੀਆਂ ਹਨ ਤਾਂ ਏਹ ਕਈ ਤਰਾਂ ਦੇ ਸੌਦੇ ਖਰੀਦਨ ਤੇ ਵੇਚਣ ਦੇ ਕਰਨ ਵਿਚ ਲਗਦਾ ਹੈ ਅਤੇ ਦਗੇ ਬਾਜ਼ੀਆਂ ਕਰਦਾ ਹੈ ਅਤੇ ਨਾਨਾ ਪ੍ਰਕਾਰ ਦੇ ਗ੍ਰਹਸਥ ਦੇ (ਧੰਧਿਆਂ ਦੇ) ਫੈਲਾਉ ਵਿਚ ਫਸਦਾ ਹੈ ॥

ਬਢਤ ਬਿਆਜ ਕਾਜ ਘਟਤ ਅਵਧ ਬੀਤੀ,

ਗੁਰ ਉਪਦੇਸ਼ ਬਿਨ ਜਮਪੁਰ ਜਾਤ ਹੈ ॥੨੪੧॥

ਅਜੇਹੇ ਉਪ੍ਰੋਕਤ ਵਿਸ਼ਿਆਂ ਦੇ ਕੰਮ ਵਿਚ ਲਗਿਆਂ ਹੋਇਆਂ ਪ੍ਰਮਾਤਮਾ ਦੇ ਪਦਾਰਥ (ਸੁਆਸਾਂ ਰੂਪ) ਦਿਤੇ ਹੋਏ ਦਾ ਸੂਦ ਵਧਦਾ ਜਾਂਦਾ ਹੈ ਭਾਵ ਸੁਆਸ ਘਟਦੇ ਜਾਂਦੇ ਹਨ ਅਤੇ ਜੋ ਦੁਖ ਮਿਲਣੇ ਨੇ ਓਹ ਵਧਦੇ ਜਾਂਦੇ ਨੇ ਕਿਉਂਕਿ ਸੰਸਾਰ ਦੇ ਧੰਦਿਆਂ ਵਿਚ ਉਮਰ ਗੁਜਰ ਦੀ ਜਾਂਦੀ ਹੈ, ਗੁਰਉਪਦੇਸ਼ ਤੋਂ ਬਿਨਾਂ ਆਦਮੀ ਜਮ ਪੁਰ ਨੂੰ ਜਾਂਦਾ ਹੈ ॥ ੨੪੧ ॥ (ਜਿਹਾ ਕੁ ਕਿਹਾ ਹੈ)

ਗੁਰਮੁਖ ਦੁਖ ਵਿਚ ਸੁਖ ਮਨਾਉਂਦੇ ਹਨ, ਭਾਵੇਂ ਗੁਰਮੁਖਾਂ ਨੂੰ ਕਿਤਨਾ ਹੀ ਦੁਖ ਹੋਵੇ ਪਰ ਉਸਨੂੰ ਸੁਖ ਰੂਪ ਜਾਣਦੇ ਹਨ ਅਤੇ ਦੁਖ ਦੇਣ ਵਾਲੇ ਨੂੰ ਕੁਝ ਨਹੀਂ ਆਖਦੇ, ਗੁਰਾਂ ਦੇ ਭਾਣੇ ਵਿਚ ਰਹਿੰਦੇ ਹਨ ਅਤੇ ਗੁਰਾਂ ਦੇ ਬਚਨਾਂ (ਜਿਹਾ ਕੁ ਭਾਈ ਮਨੀ ਸਿੰਘ ਜੀ ਨੂੰ ਸੰਗਤ ਦਾ ਸਰਾਪ ਹੋ ਗਿਆ ਸੀ) ਨੂੰ ਸਤ ਸਤ ਕਰਕੇ ਜਾਣਦੇ ਹਨ। ਕਿਉਂਕਿ ਦੁਖ ਪ੍ਰਮਾਤਮਾ ਨੂੰ ਮਿਲਾ ਦੇਂਦਾ ਹੈ ॥

(ਦੁਖ ਦਾਰੂ ਸੁਖ ਰੋਗ ਭਇਆ)

ਜੈਸੇ ਚਕਈ ਚਕਵਾ ਬਧਿਕ ਇਕਤ੍ਰ ਕੀਨੇ

ਪਿੰਜਰੀ ਮੈਂ ਬਸੈ ਨਿਸ ਦੁਖ ਸੁਖ ਮਾਨੇ ਹੈ ॥

ਜੇਹਾਕੁ ਸ਼ਿਕਾਰੀ ਨੇ ਚਕਵੀ ਚਕਵੇ ਦੋਆਂ ਨੂੰ ਫੜਕੇ ਪਿੰਜਰੇ ਵਿਚ ਇਕਠਿਆਂ ਕੀਤਾ (ਓਹ ਚਕਵੀ ਚਕਵਾ) ਰਾਤ ਨੂੰ ਪਿੰਜਰੇ ਵਿਚ ਵਸਦੇ ਹੋਏ ਸ਼ਿਕਾਰੀ ਦੁਖ ਨੂੰ ਸੁਖ ਰੂਪ ਮੰਨਦੇ ਹਨ ॥

ਭਾਵ ਰਾਮਚੰਦ ਦੇ ਸ੍ਰਾਪ ਨਾਲ ਰਾਤ ਨੂੰ ਚਕਵੀ ਚਕਵਾ ਵਿਛੜ ਜਾਂਦੇ ਹਨ, ਜਦੋਂ ਸ਼ਿਕਾਰੀ ਨੇ ਪਿੰਜਰੇ ਵਿਚ ਪਾ ਲਏ ਤਾਂ ਓਹ ਸਗੋਂ ਰਾਤਨੂੰ ਦੋਵੇਂ ਮਿਲੇ ਰਹਿੰਦੇ ਹਨ ਇਸ ਲਈ ਦੁਖ ਨੂੰ ਸੁਖ ਰੂਪ ਮੰਨਦੇ ਹਨ। ਸ਼ਿਕਾਰੀਦਾ ਅਲੰਕਾਰ ਹੋ ਗਿਆ। ਉਸਨੇ ਦੁਖ ਦਿਤਾ ਸੀ ਸਗੋਂ ਓਹਨਾਂ ਨੂੰ ਸੁਖ ਹੋ ਗਿਆ ਇਵੇਂ ਹੀ ਗੁਰਸਿਖ ਦਾ ਦੁਖ ਮਿਲਿਆ ਹੋਯਾ ਗੁਰਮੁਖਾਂ ਨੂੰ ਸੁਖ ਰੂਪ ਹੋ ਜਾਂਦਾ ਹੈ ਕਿਉਂਕਿ ਸਾਧ ਸੰਗਤ ਵਿਚ ਆ ਜਾਂਦੇ ਹਨ ਅਤੇ ਔਰਨੂੰ ਤਾਰ ਜਾਂਦੇ॥ (ਪੂਰਬ ਦੇ ਜਨਮ ਮਰਨ ਦੇ ਦੁਖ ਤੋਂ ਛੁਟ ਜਾਂਦੇ ਹਨ)॥

ਲੋਹਤ ਪਰਸ ਪਰ ਕੋਟਿ ਸੁਵਰਨ ਵਾਰੇ,

ਓਟ ਦੁਰਜਨ ਪੁਰ ਜਾਂਹਿ ਗਹਿ ਆਨੇ ਹੈ ॥

ਆਪ ਫਿਰ ਵੀ ਹਰ ਵੀ ਤਰਕ ਦਾ ਆਖਦੇ ਹਨ ਕਿ ਅਜੀ ਲੋਹਾਂ ਲਾਖਾਂ ਕੀਆਂ ਕੀਤਿਆਂ ਮਾਰਨਾਂ ਆਦਮੀਆਂ ਨੂੰ ਤਾਂ ਸ਼ਿਕਾਰੀ ਉਤੋਂ ਵੀ ਵਧਕੇ ਹੀ ਦਿਸਦੇ

(ਉਤ) ਐਸਮੀ ਆਪਦਾ [illegible] ਹੋਇਆ ਹੈ ਅਰ ਜਿਸ ਨੇ ਮਨੁ ਪ੍ਰਭ ਨੂੰ ਜਾਂਦਾ ਹੈ ॥

ਸਿਮਰਨ ਮਾਤ੍ਰ ਕੋਟਿ ਆਪਦਾ ਸੰਪਦਾ ਕੋਟਿ,
ਸੰਪਦਾ ਆਪਦਾ ਕੋਟਿ ਪ੍ਰਭ ਬਿਸਰਾਨੇ ਹੈ ॥

੧ ਆਤਮਾ ਦਾ ਨਾਮ ਥੋੜਾ ਜਿਹਾ ਯਾਦ ਕਰਨ ਵਿਚ ਹੀ ਅਨੰਦ ਵਿਚ ਧੁੰਮਾਂ ਹੀ ਬਿਪਤਾ ਰਾਜ ਭਾਗ ਦੇ ਅਨੰਦ ਵਰਗੀਆਂ ਨੇ ਅਤੇ ਵਾਹਿਗੁਰੂ ਨਾਮ ਭੁਲਾ ਕਰਕੇ ਕਰੋੜਾਂ ਹੀ ਰਾਜ ਭਾਗ ਦਾ ਸੁਖ ਕਰੋੜਾਂ ਹੀ ਬਿਪਤਾ ਵਾਂਗੂ ਹਨ ਹੈ ॥

ਸਤਿਰੂਪ ਸਤਿਨਾਮ ਸਤਿਗੁਰ ਗਿਆਨ ਧਿਆਨ,
ਸਤਿਗੁਰ ਮੰਤ੍ਰ ਸੱਤਿ ਸੰਤ ਕਰ ਜਾਨੇ ਹੈ ॥੨੪੯॥

(ਅਜਿਹੀ ਉਪ੍ਰੋਕਤ ਧਾਰਨਾਂ ਨੂੰ ਧਾਰਕੇ ਗੁਰਮੁਖ) ਸਤਗੁਰਾਂ ਦੀ ਸਿਖਿਆ ਵਾਹਿਗੁਰੂ ਨੂੰ ਮਿਲਾਉਣ ਵਾਲੀ ਵਿਚ ਸਚਾ ਭਰੋਸਾ ਕਰਕੇ, ਗੁਰਾਂ ਦੇ ਸਤੇ ਨਾਮ ੧ ਓਅੰ ਦਾ ਧਿਆਨ ਲਾਕੇ ਸਿਮਰਨ ਕਰਦੇ ਹਨ ਅਤੇ ਵਾਹਿਗੁਰੂ ਦੇ ਮਿਲਨ ਦਾ ਗਿਆਨ ਉਨ੍ਹਾਂ ਨੂੰ ਹੁੰਦਾ ਹੈ ਅਤੇ ਉਹ ਸਾਰਿਆਂ ਜੀਵਾਂ ਵਿਚ ਪ੍ਰਮਾਤਮਾ ਨੂੰ ਰਮਿਆ ਹੋਇਆ ਜਾਣਦੇ ਹਨ ॥ ਵਾਰਾਂ ਤੋਂ ਵਧੀਕ ਸਲੋਕ। ਓਹ ਸਦਾ ਅਨੰਦ ਬਿਬੇਕ ਰਹਹਿ ਦੁਖ ਸੁਖ ਏਕ ਸਮਾਨਿ। ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥ ੨੪੯ ॥

ਗੁਰਮੁਖ ਮਨੁਖਾ ਜਨਮ ਨੂੰ ਧਾਰਕੇ ਆਖਦੇ ਹਨ ਕਿ ਫਿਰ ਸਾਨੂੰ ਅਰਥਾਤ ਅਜਿਹਾ ਸਮਾ ਮਿਲਨਾ ਹੈ ਯਾ ਨਹੀਂ ਇਸ ਲਈ ਸਤਸੰਗਤ ਗੁਰਾਂ ਦੀ ਸੇਵਾ ਕਰ ਲਈਏ ਅਤੇ ਇਸ ਜਨਮ ਨੂੰ ਸਫਲਾ ਕਰ ਲਈਏ ॥

ਪੁਨ ਕਤ ਪੰਚ ਤਤ ਮੇਲ ਖੇਲ ਹੋਇ ਕੈਸੇ,
ਭ੍ਰਮਤ ਅਨੇਕ ਜੋਨਿ ਦੁਲੰਭ ਸੰਜੋਗ ਹੈ।

ਫਿਰ ਕਿਥੇ ਇਹ ਪੰਜਾਂ ਤਤਾਂ ਦਾ ਮਿਲਾਪ ਹੋਵੇਗਾ ਭਾਵ ਸਾਨੂੰ ਮਨੁਖਾ ਜਨਮ ਕਦ ਮਿਲੇਗਾ ਅਥਵਾ ਹੋਰ ਕਿਥੇ ਪੰਜਾਂ ਤਤਾਂ ਦੇ ਮੇਲ ਦਾ ਤਮਾਸ਼ਾ ਕਿਸ ਪ੍ਰਕਾਰ ਹੋਵੇਗਾ ਭਾਵ ਨਹੀਂ ਹੋਣਾ ਅਥਵਾ ਇਹ ਜਨਮ ਧਾਰ ਕੇ ਸੰਸਾਰ ਦਾ ਤਮਾਸ਼ਾ ਫਿਰ ਕਦ ਵੇਖਣਾ ਹੈ ਭਾਵੇਂ ਇਸ ਵਿਚੋਂ ਜੋ ਉਤਮ ਵਸਤੂ ਸਤਸੰਗ ਹੈ ਉਹ ਕਰੀਏ। ਕਿਉਂਕਿ ਅਨੇਕਾਂ ਹੀ ਜੂਨੀਆਂ ਵਿਚ ਭ੍ਰਮ ਦੇ ਆਏ ਹਾਂ ਤਦ ਇਸ ਦੁਲੰਭ ਦੇਹ ਦਾ ਮੇਲ ਹੋਇਆ ਹੈ ॥ ਬਹੁਤ ਜਨਮ ਬਿਛਰੇ ਥੇ ਮਾਧਉ ਇਹ ਜਨਮ ਤੁਮਾਰੇ ਲੇਖੇ ॥

ਪੁਨ ਕਤ ਮਾਨਸ ਜਨਮ ਨਿਰਮਲ ਹੋਇ

ਦ੍ਰਿਸਟਿ ਸਬਦ ਸ੍ਰੁਤਿ ਰਸ ਰਸ ਭੋਗ ਹੈ ।

ਫਿਰ ਕਿਥੇ ਮਨੁਖਾ ਜਨਮ ਅਮੋਲਕ ਮਿਲਦਾ ਹੈ ਅਤੇ ਇਸ ਦੇ ਕੋ ਮੋਹਣੇ ੫ ਅੰਗ ਨੇਤ੍ਰਾਂ ਦੀ ਦ੍ਰਿਸਟੀ, ਸ਼ਬਦ ਉਚਾਰਨ ਵਾਲੀ ਰਸਨਾ ਅਤੇ ਸ਼ਬਦ ਸੁਣਨ ਵਾਲੇ ਕੰਨ ਨਾਨਾ ਪ੍ਰਕਾਰ ਦੇ ਰਸਾਂ ਕਸਾਂ ਦਾ ਸੁਆਦ ਅਤੇ ਪਦਾਰਥਾਂ ਦੇ ਅਨੰਦ ਮਿਲਦੇ ਹਨ ॥ ਭਾਵ—ਇਸ ਜਨਮ ਵਿਚ ਅਜੇਹੇ ਸੁੰਦਰ ਅੰਗ ਕਿਥੋਂ ਮਿਲਣੇ ਹਨ ਤਾਂ ਤੇ ਏਨ੍ਹਾਂ ਨਾਲ ਸਾਧ ਸੰਗਤ ਦੀ ਸੇਵਾ ਕਰ ਲਈਏ ਅਤੇ ਪਦਾਰਥਾਂ ਦੇ ਸੁਆਦਾਂ ਨੂੰ ਛਡ ਦਈਏ ॥

ਪੁਨ ਕਤ ਸਾਧ ਸੰਗ ਚਰਨ ਸ਼ਰਨ ਗੁਰ,

ਗ੍ਯਾਨ ਧ੍ਯਾਨ ਸਿਮ੍ਰਨ ਪ੍ਰੇਮ ਮਧੁ ਪ੍ਰਜੋਗ ਹੈ ॥

(ਪ੍ਰਜੋਗ) ਮਿਲਾਪ । ਫਿਰ ਕਿਥੇ ਸਤਸੰਗਤ ਵਿਚ ਆਕੇ ਗੁਰਾਂ ਦੇ ਚਰਨਾਂ ਦੀ ਸਰਨ ਮਿਲਣੀ ਹੈ ਗਿਆਨ ਧਿਆਨ ਪ੍ਰਮਾਤਮਾਂ ਨੂੰ ਯਾਦ ਕਰਨਾ ਇਹ ਜੋ ਪ੍ਰੇਮ (ਜਿਸਦਾ ਅਨੰਦ ਅੰਮ੍ਰਿਤ ਨਾਲੋਂ ਭੀ ਚੰਗਾ ਹੈ) ਇਸ ਦਾ ਮੇਲ ਕਿਥੇ ਹੋਣਾ ਹੈ ਭਾਵ ਏਹ ਫਿਰ ਨਹੀਂ ਮਿਲਣਾ ॥

ਸਫਲ ਜਨਮ ਗੁਰਮੁਖ ਸੁਖ ਫਲ ਚਾਖ,

ਜੀਵਨ ਮੁਕਤਿ ਹੋਇ ਲੋਗ ਮੈ ਅਲੋਗ ਹੈ ॥ ੨੭੩॥

ਓਹੋ ਹੀ ਗੁਰਮੁਖਾਂ ਨੇ ਸਾਧ ਸੰਗਤ ਵਿਚ ਜਾਕੇ ਅਤੇ ਗੁਰਾਂ ਦੇ ਚਰਨਾਂ ਦੀ ਸ਼ਰਨ ਲੈਕੇ ਗਿਆਨ (ਵਾਹਿਗੁਰੂ ਦੇ ਨਾਮ) ਦਾ ਅਨੰਦ (ਸੁਆਦ) ਚੱਖ ਕੇ ਅਤੇ ਇਸ ਸੰਸਾਰ ਵਿਚ ਜੀਉਂਦੇ ਹੀ ਮੁਕਤੀ ਹੋਗਏ ਭਾਵ ਜਨਮ ਸਫਲ ਕਰਕੇ ਵਾਹਿਗੁਰੂ ਨੂੰ ਮਿਲ ਗਏ ਅਤੇ ਲੋਕਾਂ ਦੀਆਂ ਰੀਤੀਆਂ ਤੋਂ ਰਹਿਤ ਹੋਗਏ ॥

੯ ਗੁਰੂ ਬਿਲਾਵਲ ॥

ਮਾਨੁ ਮੋਹੁ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ।

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥ [illegible]॥

ਅਬ ਸੁਹਣੇ ਚਰਿਤ੍ਰ ਦਾ ਪ੍ਰਸੰਗ ਬਦਲਿਆ ਹੈ ਆਪ ਆਖਦੇ ਹਨ ਕਿ ਜਿਸ ਪ੍ਰਮਾਤਮਾ ਨੇ ਅਜੇਹੀ ਸ੍ਰਿਸ਼ਟੀ ਦੀ ਰਚਨਾ ਨਾਨਾ ਪ੍ਰਕਾਰ ਦੀ ਬਣਾਈ ਹੈ, ਓਹ ਤਾਂ ਗੁਰੂ ਦੋਵੇਂ ਇਕ ਰੂਪ ਹਨ । ਭਾਵ-(ਗੁਰ ਪਰਮੇਸਰ ਏਕੋ ਜਾਣ)॥

ਰਚਨ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ,

ਚਿਤ੍ਰਹਿ ਚਿਤੈ ਚਿਤੈ ਚਿਤੇਰਾ ਉਰ ਆਨੀਐ ॥

ਜਿਸ ਵਾਹਿਗੁਰੂ ਦੀ ਸੰਸਾਰ ਰੂਪੀ ਰਚਨਾ ਚਿਤ੍ਰਕਾਰੀ ਹੈ ਕਿ [illegible] ਦੇ ਸਰੂਪ ਰਚੇ ਹਨ [illegible] ਅਸਚਰਜ ਰੂਪ ਹਨ ਉਸ ਚਿਤ੍ਰਕਾਰੀ ਕਰਨ ਵਾਲੇ

ਚੇਤਨ ਚਿਤੌਂਣ ਨੂੰ ਸਾਰਿਆਂ ਨੂੰ ਵੇਖਣਾ ਜਿਸਦੇ ਵਿਚ ਮਿਲਿਆ ਹੋਇਆ ਜਾਣੀਦਾ ਹੈ (ਯਾ ਨਿਮਾਣੇ) ਗਉਣੀ ਬਾਰਨ ਸਪਰੀ ਕਥਾਰ ਸੀ ॥ ਦਦਾ ਬਾਦਿਤ ਇਕ ਪੈ ਜਾਣੀ। ਤਾਂ ਇਕੋ ਚੇਤਨ ਇਕ ਜਾਣੀ। ਇਕ ਬਾਦਿਤ ਇਨੀ ਆਦਿਕਾ। ਤਾਂ ਇਕੋ ਇਕੁ ਰਾਖ ਦਿਤੋਰਾ ॥

ਬਚਨ ਬਿਬੇਕ ਟੇਕ ਏਕ ਹੀ ਅਨੇਕ ਮੇਕ,
ਸੁਨਿ ਧੁਨਿ ਜੰਤ੍ਰ ਜੰਤ ਧਾਰੀ ਉਨਮਾਨੀਐ ॥

ਬਿਬੇਕ ਵਾਲੇ ਬਚਨਾਂ ਦੀ ਓਟ ਲੈਕੇ ਭਾਵ ਹਜ਼ੂ ਬਚਨਾਂ ਨੂੰ ਧਾਰਕੇ ਅਤੇ ਇਕ ਪ੍ਰਮਾਤਮਾ ਨੂੰ ਹੀ ਸਾਰਿਆਂ ਜੀਵਾਂ ਵਿਚ ਮਿਲਿਆ ਹੋਇਆ ਜਾਣਨਾ ਚਾਹੀਦਾ ਹੈ ਜੰਤ੍ਰ ਵਾਜੇ ਵਾਲੇ ਦੀ ਤੇ ਵਾਜੇ ਦੀ ਅਵਾਜ ਇਕ ਸੁਣਾ ਦਿੰਦੀ ਹੈ। ਭਾਵ—ਜਿਹਾ ਕੁ ਵਜੰਤ੍ਰੀ ਦੀ ਧੁਨੀ ਸਾਜ ਨਾਲ ਮਿਲੀ ਹੁੰਦੀ ਹੈ ਤਿਹਾ ਕੁ ਪ੍ਰਮਾਤਮਾ ਸਭ ਨਾਲ ਮਿਲਿਆ ਹੋਇਆ ਹੈ ॥

ਅਸਨ ਬਸਨ ਧਨ ਸਰਬ ਨਿਧਾਨ ਦਾਨ,
ਕਰਨਾ ਨਿਧਾਨ ਸੁਖ ਦਾਣੀ ਪਹਿਚਾਨੀਐ ॥

ਅੰਨ ਬਸਤ੍ਰ ਧਨ ਇਸੇ ਹੀ ਸਭ ਤਰਾਂ ਦੇ ਜੋ ਖਜਾਨੇ ਪਦਾਰਥਾਂ ਦੇ ਦਾਨ ਕਰਨ ਵਾਲਾ (ਵਾਹਿਗੁਰੂ ਹੈ) ਅਤੇ ਓਹ ਕਿਰਪਾ ਦਾ ਖਜਾਨਾ ਅਤੇ ਸੁਖ ਦੇਣ ਵਾਲਾ ਜਾਣੀਦਾ ਹੈ ॥

ਕਬਤਾ ਬਕਤਾ ਸ੍ਰੋਤਾ ਦਾਤਾ ਭੁਗਤ ਸ੍ਰਬਗੰ,
ਪੂਰਨ ਬ੍ਰਹਮ ਗੁਰ ਸਾਧ ਸੰਗ ਜਾਨੀਐ ॥ ੨੪੪॥

ਕਥਾ ਨੂੰ ਕਥਨ ਕਰਨ ਵਾਲਾ, ਕਵਿਰਾਜ ਸ੍ਰੋਤਾ, ਦਾਨੀ, ਭੋਗਤਾ, ਓਨ੍ਹਾਂ ਸਾਰਿਆਂ ਦੇ ਦਿਲ ਦੀ ਜਾਨਣ ਵਾਲਾ ਜੋ ਹੈ ਪ੍ਰਮਾਤਮਾ (ਅਕਾਲ ਪੁਰਖ) ਸੋਈ ਹੀ ਰੂਪ ਵਾਹਿਗੁਰੂ ਗੁਰੂ ਹੈ ਪਰ ਗੁਰੂ ਜੀ ਸੰਤਾਂ ਦੇ ਸਤਸੰਗ ਵਿਚ ਹੁੰਦੇ ਹਨ ॥ ੨੪੪ ॥

ਅਜਿਹੇ ਗੁਰਾਂ ਦੇ ਗੁਰਮੁਖ ਸਿਖ ਸਭ ਨੂੰ ਇਕ ਰੂਪ ਵੇਖਦੇ ਹਨ ॥

ਲੋਚਨ ਸ੍ਰਵਨ ਮੁਖ ਨਾਸਕਾ ਹਸਤ ਪਗ,
ਚਿਹਨ ਅਨੇਕ ਮਨ ਮੇਕ ਜੈਸੇ ਜਾਨੀਐ ॥

ਜਿਹਾ ਕੁ ਇਸੇ ਤਰ੍ਹਾਂ ਨੇਤ੍ਰ, ਕੰਨ, ਮੂੰਹ, ਨਾਸਾਂ, ਹਥ, ਪੈਰ ਆਦਿਕ ਬਾਹਰ ਅੰਗਾਂ ਦੇ ਚਿਨ੍ਹ ਕਿਤੇ ਇਕੋ ਮਨ ਮਿਲਿਆ ਹੋਇਆ ਜਾਣੀਦਾ ਹੈ ॥

ਅੰਗ ਅੰਗ ਪੁਸਟ ਤੁਸਟਮਾਨ ਹੋਤ ਜੈਸੇ,
ਏਕ ਮੁਖ ਸ੍ਵਾਦ ਰਸ ਅਰਪਤਿ ਆਨੀਐ ॥

ਜੈਸਾ ਕੁ ਸ੍ਵਾਦੀ ਰਸ ਵਾਲੇ ਭੋਜਨਾਂ ਨੂੰ ਲਿਆਕੇ ਇਕ ਮੁਖ ਵਿਚ ਪਾਈਏ ਤਾਂ ਸਾਰਿਆਂ ਅੰਗਾਂ ਨੂੰ (ਪੁਸਟ) ਅਤਿਅੰਤ ਪੁਸ਼ਟ ਭਾਵ ਤਕੜੇ ਕਰਦਾ ਹੈ ਅਤੇ ਸਾਰਾ ਸਰੀਰ ਵੀ (ਪ੍ਰਸੰਨ) ਤਕੜਾ ਹੁੰਦਾ ਹੈ ॥

ਮੂਲ ਏਕ ਸਾਖਾ ਪਤ੍ਰ ਸਾਖਾ ਜਲ ਜਿਉਂ ਅਨੇਕ
ਬ੍ਰਹਮ ਬਿਬੇਕ ਜਾਵਦੇਕ ਉਰ ਆਨੀਐ ॥

ਜੈਸਾ ਕੁ ਇਕ ਬ੍ਰਿਛ ਦੇ ਮੁੱਢ ਉਤੇ ਅਨੇਕ ਟਾਹਣੀਆਂ ਹੁੰਦੀਆਂ ਹਨ ਤੇ ਮੁੱਢ ਦੁਆਰਾ ਸਾਰੀਆਂ ਟਾਹਣੀਆਂ ਪੱਤ੍ਰਾਂ ਵਿਚ ਜਲ ਫੈਲਿਆ ਹੋਇਆ ਹੁੰਦਾ ਹੈ ਤੈਸਾ ਕੁ ਹੀ ਸੰਸਾਰ ਦੇ ਜਿਤਨੇ ਕੁ ਜੀਵ ਹਨ ਸਾਰਿਆਂ ਵਿਚ ਇਕ ਪ੍ਰਮਾਤਮਾ ਦੇ ਮਿਲੇ ਹੋਏ ਦਾ ਵਿਚਾਰ ਗੁਰਮੁਖ ਹਿਰਦੇ ਵਿਚ ਲਿਆਉਂਦੇ ਹਨ ਭਾਵ ਸਭ ਨੂੰ ਪ੍ਰਮਾਤਮਾ ਰੂਪ ਵੇਖਦੇ ਹਨ ॥

ਗੁਰਮੁਖ ਦਰਪਨ ਦੇਖੀਅਤਿ ਆਪਾ ਆਪ,
ਆਤਮ ਅਵੇਸ ਪਰਮਾਤਮ ਗਿਆਨੀਐ ॥੨੪੫॥

ਜਿਨਾਂ ਗੁਰ ਸਿਖਾਂ ਨੇ ਗੁਰਮੁਖਾਂ ਦੇ ਉਪਦੇਸ਼ ਸ਼ੀਸ਼ੇ ਵਿਚ ਆਪਣੇ ਆਪ ਨੂੰ ਵੇਖਿਆ ਹੈ ਅਤੇ ਉਨ੍ਹਾਂ ਨੇ ਆਪਣੇ ਆਪਦਾ ਵਿਚਾਰ ਕੀਤਾ ਹੈ ਤਾਂ ਉਨ੍ਹਾਂ ਦਾ ਮਨ ਵਾਹਿਗੁਰੂ ਦੇ ਗਿਆਨ ਵਿਚ (ਟਿਕਿਆ) ਲਗਾ ਹੈ ॥੨੪੫॥

ਓਹ ਗੁਰਮੁਖ ਅਜਿਹੇ ਚੱਕਰ ਵਰਤੀ ਰਾਜੇ ਹਨ ॥ ਏਹੋ ਜਿਹਾ ਕਬਿਤ ਇਕ ਸਿੱਖ ਨੇ ਆਖਿਆ ਸੀ ॥

ਜਤ ਸਤ ਸਿੰਘਾਸਨ ਸਹਜ ਸੰਤੋਖ ਮੰਤ੍ਰੀ,
ਧਰਮ ਧੀਰਜ ਧੁਜਾ ਅਬਿਚਲ ਰਾਜ ਹੈ ।

(੧) ਜਤ, ਸਤ, ਤਖਤ ਹੈ। (੨) ਸ਼ਾਂਤੀ, ਸੰਤੋਖ, ਵਜ਼ੀਰ ਹੈ। (੩) ਧਰਮ ਧੀਰਜ, ਝੰਡਾ ਹੈ। ਏਹ ਅਟਲ ਰਾਜ ਹੈ ॥

ਸਿਵ ਨਗਰੀ ਨਿਵਾਸ ਦਯਾ ਦੁਲਹਨੀ ਮਿਲੀ
ਭਾਗ ਤੇ ਭੰਡਾਰੀ ਭਾਉ ਭੋਜਨ ਅਕਾਜ ਹੈ ।

(੧) ਸੁਖ [illegible] ਵਾਲੀ ਨਗਰੀ (ਸਤਸੰਗ) ਵਿਚ ਓਹ ਰਹਿੰਦੇ ਹਨ।
(੨) ਦਯਾ ਵਹੁਟੀ ਉਹਨਾਂ ਗੁਰਮੁਖਾਂ ਨੂੰ ਵਿਆਹੀ ਮਿਲੀ ਹੋਈ ਹੈ।

(੪) ਪਿਛਲੇ ਕਰਮ ਕਾਂਡ ਕਰਦੇ ਇਹ (ਉਜਾਗੋ) ਲਾਗਤੇ [illegible]
(੫) ਰਾਜਾਨ ਭੋਜਨ ਹੈ ਓਹ ਉਪ੍ਰੰਕਤਿ ਓਹਨਾਂ ਦਾ ਸਾਰਾ ਸ਼ੋਗ ਹੈ ॥

ਅਰਥ ਬਿਚਾਰ ਪਰਮਾਰਥ ਕੈ ਰਾਜਨੀਤਿ
ਛਤ੍ਰਿ ਪਤਿ ਛਾਯਾ ਛਤ੍ਰ ਛਾਯਾ ਛਬਿ ਛਾਜ ਹੈ।

(੧) ਜੋਗਾ ਵਿਚਾਰ ਕਰਨਾ ਪਦਾਰਥ ਹੈ। (੨) ਪ੍ਰਮਾਤਮਾ ਨੂੰ ਸਾਖ਼ਸ਼ਾਤਕਾਰ ਕਰਨਾ ਏਹ ਰਾਜ ਨੀਤੀ ਹੈ। (੩) ਸਭਨਾਂ ਜੀਆਂ ਦੇ ਸਿਰ ਛਤ੍ਰਪਤੀ ਏਹ ਛਤ੍ਰ ਹੋਰ ਹੈ। (੪) ਛਾਂ ਇਸ ਰਾਜ ਦੀ ਦੂਰ ਦੂਰ ਤਕ ਪੈ ਰਹੀ ਹੈ। ਭਾਵ (ਛਤ੍ਰ ਦੀ ਛਾਯਾ ਕਈ ਕੋਸ ਲੌ ਚਲਤ ਹੈ) ਜਿਨ੍ਹਾਂ ਦੇ ਨਾਮ ਦਾ ਪ੍ਰਤਾਪ ਵਧਾ ਹੈ ਤੇ ਲੋਕ ਸੁਖੀ ਵਸ ਰਹੇ ਹਨ ॥ (੫) ਛਤ੍ਰ ਪਤੀ (ਰਾਜਿਆਂ ਦੇ ਰਾਜੇ) ਤੇ ਪਾਤਸ਼ਾਹਾਂ ਦੇ ਪਾਤਸ਼ਾਹ ਗੁਰਮੁਖ ਸ਼ੋਭਾ ਦੇ ਬਣਾਏ ਹਨ, ਏਹ ਸ਼ੋਭਾ ਹੈ ॥

ਆਨਦ ਸਮੂਹ ਸੁਖ ਸਾਂਤਿ ਪਰਜਾ ਪ੍ਰਸੰਨ
ਜਗਮਗ ਜੋਤਿ ਅਨਹਦਿ ਧੁਨਿ ਬਾਜ ਹੈ ॥੨੪੬॥

(੧) ਸਿਖ ਸੰਗਤ ਸਾਰੀ ਪਰਜਾ ਹੈ। (੨) ਆਪ ਬਹੁਤੇ ਆਨੰਦ ਵਿਚ ਰਹਿਣਾ ਅਤੇ ਪਰਜਾ ਨੂੰ ਪ੍ਰਸੰਨ ਰੱਖਣਾ ਇਹ ਸੁਖੀ ਵਸਣਾ ਹੈ ॥ (੩) ਹਿਰਦੇ ਵਿਚ ਵਾਹਿਗੁਰੂ ਦਾ ਪ੍ਰਕਾਸ਼ ਹੋਣਾ ਏਹ ਸਾਰੀ ਰਾਜਧਾਨੀ ਦੀ ਜਗਾਵਟ ਦਾ ਪ੍ਰਕਾਸ਼ ਹੈ ॥ (੪) ਇਕ ਰਸ ਰਾਤ ਦਿਨੇ ਗੁਰਾਂ ਦੇ ਸ਼ਬਦ ਕੀਰਤਨ ਨੂੰ ਉਚਾਰਨ ਕਰਦੇ ਹਨ ਏਹ ਨਗਾਰਿਆਂ ਦਾ ਵਜਣਾ ਹੈ ॥ ੨੪੬ ॥

ਹੁਣ ਅੰਤ੍ਰੀਵ ਦਾ ਰਾਜ ਵਰਨਨ ਕਰਦੇ ਹਨ ਕਿ ਅਜੇਹੇ ਰਾਜੇ ਅਪਣੀ ਤਰੱਕੀ ਕਰਦੇ ਜਾਣ ਅਤੇ ਇਸ ਸਿਸਾਰ ਵਿਚ ਸਾਰਿਆਂ ਦੇ ਗਰਾਨ ਪਦਾਨ ਤੋਂ ਅਗੇ ਲੰਘ ਜਾਏ ॥

ਪਾਂਚੋ ਮੁੰਦ੍ਰਾਂ, ਚੱਕ੍ਰ ਖਟ, ਭੇਦ ਚੱਕ੍ਰਵੈ ਕਹਾਵੇ
ਉਲੰਘਿ ਤ੍ਰਿਬੇਨੀ ਤ੍ਰਿਕੁਟੀ ਤ੍ਰਿਕਾਲ ਜਾਨੈ ਹੈ।

ਪੰਜ ਮੁੰਦ੍ਰਾਂ, ਛੇ ਚਕ੍ਰ, ਸਧਾਰਣ ਆਦਿਕ ਜੋਗੀ ਜਨਾਂ ਦੀ ਕਿਰਿਆਵਾਂ ਬਾਹਰ ਕਿਰਿਆ ਨੂੰ ਤਿਆਗ ਕੇ ਚਕ੍ਰਵਰਤੀ ਰਾਜੇ (ਗੁਰਮੁਖ) ਕਹਾਏ। ਤ੍ਰਿਹੁੰ ਨਦੀਆਂ ਵਾਂਗੂ ਜੋ ਇੜਾ ਪਿੰਗਲਾ ਆਦਿ ਦਾ ਚਲਣ ਅਭਿਆਸ ਸੀ ਉਸ ਦੀ (ਉਲੰਘ) ਟਪਕੇ ਤਿਨਾਂ ਸਮਿਆਂ ਦੇ ਜਾਨਣ ਵਾਲੇ ਹੋ ਗਏ ॥

ਭਾਵ ਜੋ ਬਾਤ ਅਗੇ ਹੋਣੀ ਹੈ ਅਥ ਪਿਛੇ ਹੋ ਗਈ ਹੈ [illegible] ਦੇ ਸਨਮੁਖ ਜਾਣੂ ਹੋ ਗਏ ਅਤੇ ਜੋ ਇਹ ਬਾਹਰ ਕਿਰਿਆ ਸੀ ਇਸ ਨੂੰ ਤਿਆਗਕੇ

ਨਵੈਖੰਡ ਜੀਤਿ ਨਿਜ ਆਸਨ ਸਿੰਘਾਸਨ ਮੈ

ਨਗਰ ਅਗਮ ਪੁਰ ਜਾਇ ਨਿਹਚਲੇ ਹੈ ।

ਨਵਾਂ ਘਰਾਂ ਵਾਲਾ ਜੋ ਇਹ ਸਰੀਰ ਹੈ ਇਸਨੂੰ ਵਿਸਿਆਂ ਵਿਕਾਰਾਂ ਤੋਂ ਬਚਾ ਕੇ ਆਪਣੇ (ਤਖਤ) ਸਰੂਪ, ਸਤਿਸੰਗ ਵਿਚ ਆਸਣ ਲਾਕੇ ਬੈਠੇ ਹਨ ਨਗਰ ਅਜੇਹਾ ਹੈ ਕਿ ਜਿਥੇ ਕਿਸੇ ਦਾ ਡਰ ਨਹੀਂ ਹੈ ਉਸ ਪੁਰੀ ਵਿਚ ਜਾ ਟਹਿਕ ਰਹੇ। ਗਉੜੀ ਵਿਚ 'ਬੇਗਮ ਪੁਰਾ ਸਹਰ ਕੋ ਨਾਉ' ਸਬਦ ਦੇਖੋ ।

ਆਨ ਸਰ ਤਿਆਗ ਮਾਨਸਰ ਨਿਹਚਲ ਹੰਸ

ਪਰਮ ਨਿਧਾਨ ਬਿਸਮਾਹਿ ਬਿਸਮਾਨੇ ਹੈ ।

ਜਿਵੇਂ ਹੰਸ ਹੋਰਨਾਂ ਤਲਾਵਾਂ (ਛਪੜਾਂ ਨੂੰ ਛਡਕੇ ਦੁਧ ਦੇ ਤਾਲ ਉਤੇ ਆ ਬੈਠਦੇ ਹਨ ਅਤੇ ਬੜਾ ਵਡਾ ਖਜਾਨਾਂ ਰਤਨਾਂ ਮੋਤੀਆਂ ਦਾ ਉਹਨਾਂ ਨੂੰ ਮਿਲਦਾ ਹੈ ਅਤੇ ਫਿਰ ਉਸ ਨੂੰ ਪਾਕੇ ਅਸਚਰਜ ਤੇ ਅਸਚਰਜ ਮਾਨੰਦੀ ਹੁੰਦੇ ਹਨ ॥

ਇਸੇ ਤਰ੍ਹਾਂ ਹੀ ਗੁਰਮੁਖ ਹੋਰਨਾਂ ਮਤਾਂ ਦਾ ਸੰਗ (ਜਿਹਾ ਕੁ ਆਰੀਆ ਸਮਾਜ, ਬ੍ਰਹਮੋ ਸਭਾ, ਦੁਸਟ ਸਭਾ, ਨੂੰ ਛਡਕੇ ਸਤਿਸੰਗ ਵਿਚ ਆਉਂਦੇ ਹਨ ਅਤੇ ਓਥੋਂ ਬੜਾ ਵਡਾ ਨਾਮ ਦਾ ਤੇ ਗਿਆਨ ਦਾ ਖਜਾਨਾ ਪਾਉਂਦੇ ਹਨ, ਉਸ ਅਨੰਦ ਨੂੰ ਪਾਕੇ ਅਸਚਰਜ ਤੇ ਅਸਚਰਜ ਹੁੰਦੇ ਹਨ ॥

(ਧਨਾਸਰੀ ਮ: ੧ ਛੰਤ ਅਸਟਪਦੀ)

ਗੁਰ ਸਾਗਰ ਰਤਨੀ ਭਰਪੂਰੇ ਅੰਮ੍ਰਿਤ ਸੰਤ ਚੁਗਹਿ ਨਹੀ ਦੂਰੇ,
ਹਰਿ ਰਸ ਚੋਗ ਚੁਗਹਿ ਪ੍ਰਭ ਭਾਵੈ ਸਰਵਰ ਮਹਿ ਹੰਸ ਪ੍ਰਾਨ ਪਤਿ ਪਾਵੈ

ਉਨਮਨ ਮਗਨ ਗਗਨ ਅਨਹਦ ਧੁਨਿ

ਮਾਨਤ ਨੀਸਾਨ ਗਿਆਨ ਧਿਆਨ ਬਿਸਰਾਨੇ ਹੈ ॥੨੪੭॥

(ਗਗਨ) ਆਕਾਸ। ਪ੍ਰਮਾਤਮਾ ਦੇ ਸਬਦ ਕੀਰਤਨ ਦੀ ਅਕਾਸ਼ ਵਿਚ ਧੁਨ ਮਗਨ ਹੁੰਦੇ ਹਨ ਓਹੋ ਹੀ ਉਹਨਾਂ ਦਾ ਚੂੜੀਆ ਪਦ ਹੈ॥

ਅਜੇਹੇ ਰੰਗ ਵਿਚ ਲਗਿਆਂ, ਭਾਵ ਸਬਦ ਕੀਰਤਨ ਦੇ ਸੁਣਦਿਆਂ ਹੋਰ ਗਿਆਨ ਧਿਆਨ ਉਹਨਾਂ ਨੂੰ ਭੁਲ ਗਏ ਹਨ॥

ਜਿਹ ਰਸ ਆਵਾ ਉਹ ਰਸ ਨਹੀ ਭਾਵਾ ॥ ੨੪੭॥

ਹੁਣ ਆਪ ਆਖਦੇ ਹਨ ਕਿ ਅਜੇਹੇ ਹੀ ਗੁਰਮੁਖ ਸਤਸੰਗ ਕਰਕੇ ਅਤੇ ਸੰਸਾਰ ਵਿਚ ਰਹਿਕੇ ਭੀ ਚਾਰ ਮੁਕਤੀਆਂ ਦੀ ਪਦਵੀ ਪਾਉਂਦੇ ਹਨ ॥

ਅਵਿਘਟਿ ਉਤਰਿ ਸਰੋਵਰ ਮੱਜਨ ਕਰੈ

ਜਪਤ ਅਜਪਾ ਜਾਪ ਅਨਭੈ ਅਭਿਆਸੀ ਹੈ ।

ਦ ਆਦਰਾਂ ਦੀ ਤ੍ਰਿਕੁਟੀ ਸਥਿਤਿ ਰੂਪੀ ਘਾਟ ਵਿਚ ਇਸਨਾਨ ਕਰਦੇ

ਹਨ ਅਤੇ ਅਕਥ ਨਾਮ ਦਾ ਜਾਪ ਜਪਦੇ ਹਨ ਅਤੇ ਵਾਹਿਗੁਰੂ ਦੇ ਅਭਿਲਾਸ਼ੀ ਹੁੰਦੇ ਹਨ ॥

ਨਿਝਰ ਅਪਾਰ ਧਾਰ ਬਰਖਾ ਅਕਾਸ ਬਾਸ
ਜਗ ਮਗ ਜੋਤਿ ਅਨਹਦ ਅਬਿਨਾਸੀ ਹੈ ।

ਜਿਸ ਨਾਸ ਤੋਂ ਰਹਿਤ ਬੇਅੰਤ ਪ੍ਰਮਾਤਮਾ ਦੀ ਜੋਤਿ ਦਾ ਪ੍ਰਕਾਸ਼ ਅਕਾਸ਼ ਆਦਿਕਾਂ ਵਿਚ ਵਸ ਰਹਿਆ ਹੈ ਉਸਦੀ ਬਰਖਾ ਦੀ ਧਾਰਾ ਦੇ ਅਨੰਦ ਨੂੰ ਬਹੁਤ ਹੀ ਇਕਰਸ ਗੁਰਮੁਖ ਲਈਂਦੇ ਹਨ ॥

ਆਤਮ ਅਵੇਸ ਪਰਮਾਤਮ ਪ੍ਰਵੇਸ ਕੈ
ਅਧਿਆਤਮ ਗਿਆਨ ਧਿਆਨ ਰਿਧਿਸਿਧਿਨਿਧਿ ਦਾਸੀ ਹੈ ।

ਗੁਰਮੁਖ ਮਨ ਨੂੰ ਇਸਥਿਤ ਕਰਕੇ ਵਾਹਿਗੁਰੂ ਵਿਚ ਲਾਉਂਦੇ ਹਨ ਅਤੇ ਮਨ ਦੇ ਹੀ ਗਿਆਨ ਦਾ ਆਸਰਾ ਲੈਕੇ ਉਸਨੂੰ (ਧਿਆਨ) ਦੇਖਦੇ ਹਨ ਇਸ ਕਰਕੇ ਰਿਧੀਆਂ ਸਿਧੀਆਂ ਨਿਧੀਆਂ ਉਹਨਾਂ ਦੀਆਂ ਦਾਸੀਆਂ ਹੁੰਦੀਆਂ ਹਨ ॥

ਜੀਵਨ ਮੁਕਤਿ ਜਗ ਜੀਵਨ ਜੁਗਤਿ ਜਾਨੀ
ਸਲਿਲ ਕਮਲ ਗਤਿ ਮਾਯਾ ਮੈ ਉਦਾਸੀ ਹੈ ॥ ੨੭੮॥

ਅਜੇਹੇ ਗੁਰਮੁਖ ਜੀਉਂਦੇ ਹੀ ਸੰਸਾਰ ਵਿਚ ਮੁਕਤਿ ਹੋਏ ਹਨ, ਤਾਤਪਰਜ ਜਿਨ੍ਹਾਂ ਨੇ ਜੀਵਨ ਦੀ ਰੀਤੀ ਜਾਣੀ ਹੈ ਇਸ ਸੰਸਾਰ ਵਿਚ ਇਵੇਂ ਰਹਿੰਦੇ ਹਨ ਜਿਵੇਂ ਪਾਣੀ ਵਿਚ ਕੌਲ ਰਹਿੰਦਾ ਹੈ ਭਾਵ ਕੌਲ ਨੂੰ ਰਿਕਸ਼, ਪੌਣ ਆਦਿਕ ਦੁਖ ਨਹੀਂ ਦੇ ਸਕਦੇ ਤਿਵੇਂ ਹੀ ਗੁਰਮੁਖ ਮਾਇਆ ਦੇ ਵਿਚ ਰਹਿੰਦੇ ਉਦਾਸ ਜਿਆਂ ਧਨ ਵਿਚ ਮਨ ਨੂੰ ਨਹੀਂ ਲਾਉਂਦੇ ॥

ਇਨ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ।
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ।

ਬਿਲਾਵਲ ਕਬੀਰ ਜੀ

ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ । ਗੁਜਰੀ ਬਾਰੂ ਮ:
ਸੂਰਬੀਰ ਬਚਨ ਕੇ ਬਲੀ । ਕਉਲਾ ਬਪੁਰੀ ਸੰਤੀ ਛਲੀ ॥

ਆਸਾ ਗਉੜੀ ਮ:

ਇਸ ਤਰਾਂ ਦਾ ਆਸ਼ਾ ਵਿਚੋਂ ਜਿਨ ਨਿਰਾਸ ਮਤ ਕਰਉ ਮਾਨੋ ਤ੍ਰਿਸ਼ਨਾ ਆਦਿਕ ਸਭਦ ਦੇਖੋ ॥

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੇ ।

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥

ਬਿਲਾਵਲ ਗੁਰੂ ਨਾਵਾਂ

ਦੂਜੇ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਧੂੜੀ ਦੀ ਮਹਿਮਾ ਵਰਨਨ ਕਰਦੇ ਹਨ ਕਿ ਜੀਉਂਦ ਮਾਇਆਂ ਦੀਆਂ ਚਿੰਗਿਆ ਦੇ ਸੰਗ ਕਰਕੇ ਉਤਮ ਹੋਗਏ ਹਨ (ਹਨ ਸ਼ੀਂਕੂਰ ਹੀ ਗੁਰਮੁਖ ਗੁਰਾਂ ਦੇ ਚਰਨਾ ਦੀ ਧੂੜੀ ਨੂੰ ਪਾਕੇ ਮਾਇਆਂ ਤੋਂ ਉਚੀਆਂ ਬਣ ਗਏ।

ਚਰਨ ਕਮਲ (ਸਰਨ) ਗੁਰ ਕੰਚਨ ਭਏ ਮਨੂਰ
ਕੰਚਨ ਪਾਰਸ ਭਏ ਪਾਰਸ ਪਰਸਿ ਕੈ।

ਜਿਵੇਂ ਲੋਹੇ ਦਾ ਮਾਲ ਸੋਨੇ ਵਿਚ ਰਲਕੇ ਸੋਨੇ ਵਰਗਾ ਹੋ ਜਾਂਦਾ ਹੈ ਤਿਵੇਂ ਗੁਰਾਂ ਦੇ ਚਰਨਾਂ ਕਮਲਾਂ ਨਾਲ ਪਾਪੀ ਲਗ ਕੇ (ਤਰ ਗਏ) ਸ਼ੁਧ ਹੋਗਏ ਜਿਵੇਂ ਜੇਹੜੀ ਧਾਤ ਪਾਰਸ ਨੂੰ ਲਗ ਜਾਵੇ ਓਹ ਹੀ ਸੋਨਾ ਹੋ ਜਾਂਦੀ ਹੈ ਅਤੇ ਓਹ ਅਗੇ ਹੋਰ ਸੋਨਾ ਜਿਸ ਸੋਨੇ ਵਿਚ ਰਲ ਜਾਵੇ ਉਸਨੂੰ ਵੀ ਪਾਸੇ ਦਾ ਸੋਨਾ ਕਰੀ ਜਾਂਦਾ ਹੈ। ਇਵੇਂ ਹੀ ਜੇਹੜੇ ਪਾਪੀ ਗੁਰਾਂ ਦੇ ਚਰਨਾਂ ਨੂੰ ਲਗਕੇ ਤਰੇ ਸੀ ਓਹ ਅਗੇ ਹੋਰ ਸੰਸਾਰੀਆਂ ਲੋਕਾਂ ਨੂੰ ਤਾਰਨ ਵਾਸਤੇ ਸਾਮਰੱਥ ਹੋਗਏ ॥

ਬਾਇਸ ਭਏ ਹੈਂ ਹੰਸ, ਹੰਸ ਤੇ ਪਰਮਹੰਸ
ਚਰਨ ਕਮਲ-ਚਰਨਾਮ੍ਰਿਤ ਸੁ ਰਸ ਕੈ।

ਜਿਵੇਂ ਮਾਨਸਰ ਤਾਲ ਵਿਚੋਂ ਮੋਤੀ ਤੇ ਦੁਧ ਛਕਕੇ ਕਾਂ ਹੰਸ ਹੋ ਜਾਂਦੇ ਹਨ ਅਤੇ ਅਗੇ ਫਿਰ ਓਹ ਹੰਸਾਂ ਤੋਂ ਵੀ ਉਤਮ ਹੰਸ ਹੋ ਜਾਂਦੇ ਹਨ ॥

ਇਵੇਂ ਹੀ ਪਾਪੀ ਵਿਸ਼ਾ ਭੋਗਣ ਵਾਲੇ ਗੁਰਾਂ ਦੇ ਚਰਨ ਕਮਲਾਂ ਦੇ (ਅੰਮ੍ਰਿਤ) ਚਰਨਾਮ੍ਰਿਤ ਵਿਚ ਪ੍ਰੇਮ ਕਰਕੇ ਹੋਛੇ ਆਦਮੀਆਂ ਤੋਂ ਵੀ (ਹੋਰ ਤਤਵੇਤੇ) ਮਹਾਤਮਾਂ ਬਣ ਗਏ ॥

ਸੇਂਬਲ ਸਫਲ ਫਲ ਸਕਲ ਸੁਗੰਧ ਬਾਂਸ
ਸੂਕਰੀ ਸੈ ਕਾਮਧੇਨ ਕਰੁਨਾ ਬਰਸ ਕੈ।

ਜਿਵੇਂ ਕਿਸੇ ਹੋਛੇ ਕੰਮ ਮਾਲੀ ਦੇ ਨਾਲ ਸਿੰਮਲ ਬ੍ਰਿਛ ਸਾਰਾ ਫਲਾਂ ਵਾਲਾ ਹੋ ਜਾਂਦਾ ਹੈ ਅਤੇ ਚੰਦਨ ਬ੍ਰਿਛ ਦੀ ਸੁਗੰਧੀ ਨਾਲ ਵੀ ਸੁਗੰਧੀ ਵਾਲਾ ਹੋ ਜਾਂਦਾ ਹੈ ਅਤੇ ਸੂਰੀ ਤੋਂ ਕਾਮ ਧੇਨ ਗਊ ਬਣ ਜਾਂਦੀ ਹੈ ਪਰ ਇਹ ਗਲਾਂ ਬੜੀਆਂ ਮੁਸ਼ਕਲ ਹਨ ਜੇ ਪ੍ਰਮਾਤਮਾ ਕਿਰਪਾ ਕਰੇ ਤਾਂ ਹੁੰਦੀਆਂ ਹਨ ॥

ਭਾਵ—ਉਪ੍ਰੋਕਤ ਗਲਾਂ ਤੇ ਕਦੀ ਹੋਲੀਆਂ ਹੀ ਨਾ ਹੋਈਆਂ ਜੇਹਾਕੁ ਸੋਚੇ ਹੋ ਸਿੱਖ ਅਕਾਲ ਦੇ ਫੁਲ ਖਿੜਿਆਂ ਹਨ ਇਸ ਨੂੰ ਕਵਿਕੁਲ ਭੂਸ਼ਨ ਮਿਥਿਆਂ

ਪਿਰਖਾਇ ਅਲੰਕਾਰ ਆਂਵਦੇ ਹਨ ॥

ਮਤ ਗੁਰਾਂ ਦੀ ਕ੍ਰਿਪਾ ਦ੍ਰਿਸਟੀ ਦੇ ਹੋਣ ਨਾਲ ਪਾਖੰਡੀ ਆਲਸੀ ਰਜਨਕ ਵਾਨ ਹੋ ਜਾਂਦੇ ਹਨ ਅਤੇ ਨਿਕਾਰੀ ਭਗਤੀ ਕਰਨ ਵਾਲੇ ਅਤੇ ਮੈਲੀ ਬੁਧੀ ਵਾਲੇ ਸੁੰਦਰ ਪੁਰਖ ਬਣ ਜਾਂਦੇ ਹਨ, ਇਹ ਗੁਰਾਂ ਵਿਚ ਵਡਿਆਈ ਹੈ ॥

ਸ੍ਰੀ ਗੁਰ ਚਰਨ ਰਜ ਮਹਿਮਾ ਅਗਾਧ ਬੋਧ
ਲੋਗ ਬੇਦ ਗਿਆਨ ਕੋਟਿ ਬਿਸਮ ਨਮਸ ਕੈ ॥੨੪੯॥

ਇਸ ਲਈ ਗੁਰਾਂ ਦੇ ਚਰਨਾਂ ਦੀ ਧੂੜੀ ਦੀ ਮਹਿਮਾ ਦਾ ਜਾਨਣਾ ਅਗਾਧ ਔਖਾ ਹੈ, ਕਿਉਂਕਿ ਲੋਕ ਦਾ ਸ਼ਾਸਤ੍ਰ ਤੇ ਵੇਦਾਂ ਦੇ ਗਿਆਨ ਕਰੋੜਾਂ ਹੀ ਹੈਰਾਨ ਹੋਕੇ ਨਿਮਸਕਾਰਾਂ ਕਰਦੇ ਹਨ ॥ ੨੪੯ ॥

ਅਜੇਹੇ ਉਪ੍ਰੋਕਤ ਗੁਰਾਂ ਦੇ ਸ਼ਬਦ ਦਾ ਉਪਦੇਸ਼ ਸੁਣਕੇ ਗੁਰਮੁਖ ਜੋ ਹਨ ਅਗੋਂ ਪਰਮਾਤਮਾਂ ਦੇ ਲੱਛਣ ਕਹੇ ਹਨ ਅਜੇਹੇ ਪ੍ਰਮਾਤਮਾ ਵਿਚ ਬ੍ਰਿਤੀ ਲਾਕੇ ਪ੍ਰੀਤੀ ਕਰਦੇ ਹਨ ॥

ਕੋਟਨਿ ਕੋਟਾਨਿ ਅਸਚਰਜ ਅਸਚਰਜ ਮੈ
ਕੋਟਨਿ ਕੋਟਾਨਿ ਬਿਸਮਾਦ ਬਿਸਮਾਦ ਹੈ ।

ਕ੍ਰੋੜਾਂ ਹੀ ਬੜੇ ਸੁੰਦਰ ਦੇਵੀ ਦੇਵਤੇ ਆਦਕ ਕ੍ਰੋੜਾਂ ਹੀ ਵਾਰ ਸੁੰਦਰ ਵਾਹਿਗੁਰੂ ਤੋਂ ਵਾਰਨੇ ਜਾਂਦੇ ਹਨ ਅਤੇ ਕ੍ਰੋੜਾਂ ਹੀ ਮਾਤ ਲੋਕ ਆਦਕ ਪ੍ਰਮਾਤਮਾ ਨੂੰ ਵੇਖਕੇ ਹੈਰਾਨ ਹੁੰਦੇ ਹਨ ॥

ਅਦਭੁਤ ਪਰਮਦ ਭੁਤ ਹ੍ਵੈ ਕੋਟਨਿ ਕੋਟਿ
ਗਦ ਗਦ ਹੋਤ ਕੋਟਿ ਅਨਹਦ ਨਾਦ ਹੈ ।

ਕ੍ਰੋੜਾਂ ਹੀ ਅਸਚਰਜ ਪਦਾਰਥ ਕ੍ਰੋੜਾਂ ਹੀ ਵਾਰੀ ਚੰਗੇ ਅਸਚਰਜ ਪਰਮਾਤਮਾ ਵਾਰਨੇ ਜਾਂਦੇ ਹਨ ਅਤੇ ਬੜੇ ਪ੍ਰਸੰਨ ਹੁੰਦੇ ਹਨ ਕ੍ਰੋੜਾਂ ਹੀ ਇਕ ਰਸ ਵਾਜਿਆਂ ਦੇ ਸ਼ਬਦ ਨੂੰ ਉਚਾਰਨ ਵਾਲੇ ॥

ਕੋਟਨਿ ਕੋਟਾਨਿ ਉਨਮਨੀ ਗਨੀ ਜਾਤ ਨਹਿ
ਕੋਟਨਿ ਕੋਟਾਨਿ ਕੋਟਿ ਸੁੰਨ ਮੰਡਲਾਦਿ ਹੈ ॥

ਕੋਤਾਨ ਕ੍ਰੋੜਾਂ ਹੀ ਤੁਰੀਆ ਪਦ ਦੀਆਂ ਮਸਤੀਆਂ ਜੋ ਗਿਣੀਆਂ ਨਹੀਂ ਜਾਂਦੀਆਂ ਹਨ ਭਾਵ ਜਿਸ ਪ੍ਰਮਾਤਮਾ ਦਾ ਅਜੇਹੀਆਂ ਮਸਤੀਆਂ (ਦਾ [illegible]) ਵਾਲੇ ਨਹੀ ਅੰਤ ਪਾਸਕਦੇ । ਅਤੇ ਮੰਡਲ ਦੇਸ ਪ੍ਰਵੇਸ਼ਦੇ ਰਹਿਣੇ ਵਾਲੇ ਕ੍ਰੋੜਾਨ ਕ੍ਰੋੜਾਂ ਹੀ ਚਸ਼ ਰਦੀ ਵਾਹਿਗੁਰੂ ਤੋਂ ਬਲਿਹਾਰਨੇ ਜਾਂਦੇ ਹਨ ਅਤੇ ਵਿਸਮਾ ਅੰਤ

[illegible] ਕਾਰ (ਮੈਲ) (ਦੂਰ ਹੋ ਚੁੱਕੀ ਹੁੰਦੀ ਹੈ) ॥

ਗੁਰਮੁਖ ਸਬਦ ਸੁਰਤਿ ਲਿਵ ਸਾਧ ਸੰਗ

ਅੰਤ ਕੈ ਅਨੰਤ ਪ੍ਰਭੁ ਆਦਿ ਪਰਮਾਦਿ ਹੈ॥੨੪੦॥

ਜੋ ਇਹ ਲਛਣਾਂ ਵਾਲਾ ਵਾਹਿਗੁਰੂ (ਪਿਛੇ) ਉਪਰ ਕਥਨ ਕੀਤਾ ਹੈ ਉਹ ਅੰਤ ਹੋਣ ਤੋਂ ਰਹਿਤ ਹੈ ਅਤੇ ਸਭ ਸ੍ਰਿਸ਼ਟੀ ਮਾਇਆ ਆਦਿਕ ਦੇ ਪਹਿਲੇ ਦਾ ਹੈ ਤਿਸ ਅਜੇਹੇ ਵਾਹਿਗੁਰੂ ਵਿਚ ਗੁਰੂ ਕੇ ਸਿਖਾਂ ਨੇ ਸਾਧ ਸੰਗਤ ਵਿਚ ਜਾ ਕੇ ਗੁਰਾਂ ਦਾ ਉਪਦੇਸ਼ ਸੁਣ ਕੇ ਚਿਤ ਦੀ ਬ੍ਰਿਤੀ ਲਾ ਕੇ ਪ੍ਰੀਤੀ ਕੀਤੀ ਹੈ ॥ ੨੪੦ ॥

ਸਾਧ ਸੰਗਤ ਵਿਚ ਜਾਕੇ ਗੁਰਮੁਖ ਅਜੇਹੇ ਕੰਮ ਕਰਦੇ ਹਨ ਜਿਹਾ ਕਿ ਅਗਲੇ ਵਰਨਣ ਹੈ ॥

ਗੁਰਮੁਖ ਸਬਦ ਸੁਰਤਿ ਲਿਵ ਸਾਧ ਸੰਗ

ਉਲਟਿ ਪਵਨ ਮਨ ਮੀਨ ਕੀ ਚਪਲ ਹੈ।

ਗੁਰਮੁਖਾਂ ਨੇ ਸਾਧ ਸੰਗਤ ਵਿਚ ਜਾਕੇ ਗੁਰਾਂ ਦੇ ਸ਼ਬਦ ਵਿਚ ਲਿਵ ਬ੍ਰਿਤੀ ਲਾ ਕੇ ਪ੍ਰੀਤੀ ਕੀਤੀ ਅਤੇ ਚੰਚਲ ਮੱਛੀ ਵਾਂਗੂ ਜੋ ਮਨ ਦਾ ਫੁਰਨਾ ਸੀ ਉਸ ਤੋਂ (ਉਲਟ) ਮੂੰਹ ਕਰਕੇ ਭਾਵ ਮਨ ਨੂੰ ਰੋਕ ਕੇ ਫਿਰ ਮੁਹਰਲੇ ਕਬਿਤ ਦੀ ਪੰਗਤੀ ਦਾ ਵਰਨਨ ਕਰਦਾ ਕੀਤਾ ॥

ਸੋਹੰ ਸੋ ਅਜੱਪਾ ਜਾਪ ਚੀਨੀਅਤਿ ਆਪਾ ਆਪ

ਉਨਮਨੀ ਜੋਤਿ ਕੋ ਉਦੋਤ ਹ੍ਵੈ ਪ੍ਰਬਲ ਹੈ।

ਮੈਂ, ਤੂੰ, ਤੂੰ, ਮੈਂ, ਅਭੇਦ ਰੂਪ ਅਜਪਾ ਜਾਪ ਨੂੰ ਜਪਕੇ ਆਪਣੇ ਆਪ ਨੂੰ ਜਾਣਿਆ ਕਿ ਅਸੀਂ ਕੀ ਚੀਜ਼ ਹਾਂ ਅਤੇ ਤੁਰੀਆ ਪਦ ਦੀ ਜੋ ਜੋਤ ਹੈ ਉਸ ਜੋਤੀ ਦਾ ਬਹੁਤ ਪ੍ਰਕਾਸ਼ ਹੋਯਾ।

ਅਨਹਦਿ ਨਾਦਿ ਬਿਸਮਾਦਿ ਧੁਨਿ ਸੁਨਿ ਸੁਨਿ

ਨਿਝਰ ਝਰਨ ਬਰਖਾ ਅੰਮ੍ਰਿਤ ਜਲ ਹੈ।

ਫਿਰ ਉਪ੍ਰੋਕਤ ਅਚਰਜ ਦਸਮ ਦੁਆਰ ਦੇ ਵਾਜਿਆਂ ਦੀ ਇਕਰਸ ਆਵਾਜ਼ ਸੁਣਕੇ (ਜਿਵੇਂ ਪਹਾੜ ਦੇ ਚਸ਼ਮੇ ਤੋਂ ਮੀਂਹ ਦਾ ਪਾਣੀ ਵਗਦਾ ਹੈ) ਤਿਵੇਂ ਹੀ ਗੁਰਮੁਖ ਆਪਦੇ ਮੂੰਹ ਝਰਨੇ ਤੋਂ ਇਕਰਸ ਅੰਮ੍ਰਿਤ ਜਲ ਦੀ ਮੀਂਹ ਵਾਂਗੂ ਵਰਖਾ ਕਰਦੇ ਹਨ ਭਾਵ ਜੋ ਸਮਾਧੀ ਦਾ ਅਨੰਦ ਲੈਕੇ ਫਿਰ ਸਾਧ ਸੰਗਤ ਵਿਚ ਹੋਰਨਾਂ ਲੋਕਾਂ ਨੂੰ ਉਪਦੇਸ਼ ਦਿੰਦੇ ਹਨ ॥

ਅਨਭੈ ਅਭਿਆਸ ਕੈ ਪ੍ਰਗਾਸ ਅਸਚਰਜ ਮੈ
ਬਿਸਮ ਬਿਸ੍ਵਾਸ ਬਾਸ ਬ੍ਰਹਮ ਸਥਲ ਹੈ॥੨੫੪॥

ਅਸਚਰਜ ਨਿਰਭਉ ਪ੍ਰਮਾਤਮਾ ਦਾ ਹਿਰਦੇ ਵਿਚ ਪ੍ਰਕਾਸ਼ ਕਰਨ ਵਾਸਤੇ ਅਜੇਹੇ ਗੁਰਮੁਖ ਉਪ੍ਰੋਕਤ ਅਭਿਆਸ ਕਰਦੇ ਹਨ ਅਤੇ ਗੁਰਾਂ ਵਿਚ ਬੜਾ ਅਸਚਰਜ ਭਰੋਸਾ ਹੈ ਅਤੇ ਸਾਧ ਸੰਗਤ ਵਿਚ ਵਸਦੇ ਹਨ॥ ੨੫੪ ॥

ਏਹ ਗੁਰਮੁਖ ਈਸ਼੍ਵਰ ਦਾ ਸੰਸਾਰੀ ਲੋਕਾਂ ਨੂੰ ਉਪਦੇਸ਼ ਕਰਦੇ ਹਨ ਜੀਕੁਰ ਅਗੇ ਵਰਨਨ ਹੈ॥

ਦ੍ਰਿਸਟਿ ਦਰਸ ਅਸ ਦਰਸ ਧਿਆਨ ਧਾਰ
ਦੁਬਿਧਾ ਨਿਵਾਰ ਏਕ ਟੇਕ ਗਹਿ ਲੀਜੀਐ।

(ਅਜੇਹਾ ਉਪਦੇਸ਼ ਸਾਰਿਆਂ ਨੂੰ ਕਰਦੇ ਹਨ)ਕਿ ਗੁਰਾਂ ਦੇ ਦਰਸ਼ਨ ਵਿਚ ਦ੍ਰਿਸ਼ਟੀ ਦਾ ਧਿਆਨ ਕਰਨ ਨਾਲ ਭਾਵ ਚੰਗੀ ਤਰਾਂ ਗੁਰਾਂ ਦਾ ਦਰਸ਼ਨ ਕਰਨ ਨਾਲ (ਸੀਸ਼ੇ ਦਰਸ਼ਨ)ਇਕੋ ਜੇਹੇ ਨਜ਼ਰ ਆਉਂਦੇ ਹਨ ਭਾਵ ਕੋਈ ਕੋਈ ਆਪ ਭੀ ਬੁਰਾ ਨਹੀਂ ਲਗਦਾ। ਇਸ ਲਈ ਗੁਰਾਂ ਦਾ ਦਰਸ਼ਨ ਕਰਨਾ ਚੰਗਾ ਹੈ। ਦ੍ਵੈਤ ਭਾਵ ਨੂੰ ਦੂਰ ਕਰਕੇ ਇਕ ਓਟ ਗੁਰਾਂ ਦੀ (ਗਹਿ) ਫੜਲੋ॥

ਸਬਦ ਸੁਰਤਿ ਲਿਵ ਅਸਤੁਤਿ ਨਿੰਦਾ ਛਾਡਿ
ਅਕਥ ਕਥਾ ਬੀਚਾਰ ਮੋਨ ਬ੍ਰਤ ਕੀਜੀਐ।

ਗੁਰਸ਼ਬਦ ਵਿਚ ਪ੍ਰੀਤੀ ਕਰਕੇ ਬ੍ਰਿਤੀ ਲਾਉਣ ਨਾਲ ਉਸਤਤਿ ਨਿੰਦਾ ਛਡ ਦਈਦੀ ਹੈ ਭਾਵ ਗੁਰ ਸਬਦ ਨਾਲ ਪ੍ਰੀਤੀ ਕਰੋ ਅਤੇ ਉਸਤਤਿ ਨਿੰਦਿਆ ਨੂੰ ਤਿਆਗੋ, ਅਕਥ ਵਾਹਿਗੁਰੂ ਦੀ ਕਥਾ ਨੂੰ ਵਿਚਾਰਕੇ ਚੁਪ ਕਰ ਰਹੋ ਅਤੇ ਇਹ ਪ੍ਰਨ ਧਾਰ ਰਖੋ॥

ਜਗ ਜੀਵਨ ਮੈ ਜਗ, ਜਗ ਜਗ ਜੀਵਨ ਕੈ
ਜਾਨੀਐ ਜੀਵਨ ਮੂਲ ਜੁਗ ਜੁਗ ਜੀਜੀਐ।

ਜਗਤ ਵਿਚ ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਵਿਚ ਜਗਤ ਹੈ ਭਾਵ ਜਗਤ ਪ੍ਰਮਾਤਮਾ ਦਾ ਰੂਪ ਹੈ। ਅਥਵਾ ਵਾਹਿਗੁਰੂ ਸਾਰੇ ਜਗਤ ਵਿਚ ਵਿਦਮਾਨ ਹੈ ਇਸ ਲਈ ਜਗਤ ਜਿਓ ਦਾ ਜਾਣੀਦਾ ਹੈ ਭਾਵ ਜੋ ਪੰਜ ਭੂਤ ਹੈਂ ਓਹ ਪ੍ਰਮਾਤਮਾ ਦੇ ਹੱਥੋਂ ਬਣੇ ਇਸ ਜੀਵਦੀ ਦੇਹੀ ਦੇ ਬਨਾਵਟ ਹਨ, ਨਹੀਂ ਤਾਂ ਇਕ ਦੂਸਰੇ ਦੇ ਵਿਰੁਧ ਹੋਕੇ ਜੀਵ ਨੂੰ ਮਾਰ ਦੇਣ ਇਸ ਲਈ ਹੇ ਜਿਗਿਆਸੂ (ਜੀਵਨ ਮੂਲ) ਸਭ ਦੀ ਜੀਵਨ ਰੂਪੀ ਵਾਹਿਗੁਰੂ ਨੂੰ ਜਾਨਣਾ ਚਾਹੀਦਾ ਹੈ ਅਤੇ ਜੁਗਾਂ ਦੇ

ਪ੍ਰੇਰ ਜੀਉਂਦੇ ਰਹੋ ॥

ਏਕ ਹੀ ਅਨੇਕ ਔ ਅਨੇਕ ਏਕ ਸਰਬ ਮੈ
ਬ੍ਰਹਮ ਬਿਬੇਕ ਟੇਕ ਪ੍ਰੇਮ ਰਸ ਪੀਜੀਐ ॥ ੨੫੫॥

ਇਕ ਅਕਾਲ ਪੁਰਖ ਅਨੇਕਾਂ ਜੀਵਾਂ ਵਿਚ ਫੈਲਿਆ ਹੋਇਆ ਹੈ ਅਤੇ ਅਨੇਕਾਂ ਜਗਤ ਦੇ ਚਰਾਚਰ ਜੀਵ ਪ੍ਰਮਾਤਮਾ ਵਿਚ ਹਨ ਅਜੇਹੇ ਵਾਹਿਗੁਰੂ ਦੀ ਓਟ ਲੈਕੇ ਪ੍ਰੇਮ ਰਸ ਨੂੰ ਪੀਣਾ ਚਾਹੀਦਾ ਹੈ ॥

ਕੋਟ ਹਸਤ ਕੇ ਬੀਚ ਸਮਾਨਾ । ਗੁਰੂ ਦਸਮ (ਜਾਪਜੀ)
ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥੨੫੨॥

ਗੁਰੂ ਗੁਰਮੁਖ ਹੋਰਨਾਂ ਸਿਖਾਂ ਨੂੰ ਅਜੇਹੇ ਵਾਹਿਗੁਰੂ ਨਾਲ ਅਭੇਦ ਹੋਣ ਦਾ ਤਰੀਕਾ ਦਸਦੇ ਹਨ ॥

ਅਬਿਗਤਿ ਗਤਿ ਕਤ ਆਵਤ ਅੰਤਰ ਗਤਿ
ਅਕਥ ਕਥਾ ਸੁ ਕਹਿ ਕੈਸੇ ਕੈ ਸੁਨਾਈਐ ॥

ਜਿਸ ਵਾਹਿਗੁਰੂ ਦੀ ਪ੍ਰਾਪਤੀ ਮੁਸ਼ਕਲ ਹੈ ਓਹ ਅਸਾਂ ਦੇ ਹਿਰਦੇ ਵਿਚ ਕਦ ਪ੍ਰਗਟ ਹੁੰਦਾ ਹੈ ਅਤੇ ਉਸ ਅਕਥ ਵਾਹਿਗੁਰੂ ਦੀ ਕਥਾ ਕਥਨ ਕਰਕੇ ਕੀਕੂਰ ਸੁਨਾਈਏ॥

ਅਲਖ ਅਪਾਰ ਕਿਧੌ ਪਾਈਅਤਿ ਪਾਰ ਕੈਸੇ
ਦਰਸ ਅਦਰਸ ਕੋ ਕੈਸੇ ਕੈ ਦਿਖਾਈਐ॥

ਜੋ ਅਦੇਖ ਬਹੁਤਾ ਵਾਹਿਗੁਰੂ ਹੈ ਉਸ ਦਾ ਫਿਰ ਅੰਤ ਕੀਕੂਨ ਪਾਈਏ, ਅਤੇ ਅਦਰਸ ਦਾ ਦਰਸ਼ਨ ਕੀਕੂਰ ਕਰਕੇ ਵਿਖਾਈਏ ॥

ਅਗਮ ਅਗੋਚਰ ਅਗਹੁ ਗਹੀਐ ਧੌ ਕੈਸੇ
ਨਿਰਾਲੰਬ ਕੋ ਨ ਅਵਲੰਬ ਠਹਿਰਾਈਐ ॥

ਜੇਹੜਾ ਵੇਖਿਆ ਨਹੀਂ ਜਾਂਦਾ ਬਿਅੰਤ ਪ੍ਰਮਾਤਮਾ ਓਹਨੂੰ ਕੀਕਰ ਵੇਖੀਏ ਅਤੇ ਜੋ ਫੜਿਆ ਨਹੀਂ ਜਾਂਦਾ ਉਸਨੂੰ ਕੀਕਰ ਫੜੀਏ ਅਤੇ ਜੋ ਨਿਆਸਰਾ ਹੈ ਉਸਨੂੰ ਆਸਰੇ ਵਾਲਾ ਕੀਕਰ ਠਰਾਈਏ । ਭਾਵ ਅਜੇਹੇ ਪ੍ਰਮਾਤਮਾ ਦਾ ਲੱਭ ਪਾਉਣਾ ਕਠਨ ਹੈ ਪਰ ਮੁਹਰਲੀ ਪੰਗਤੀ ਵਿਚ ਆਖਦੇ ਹਨ ॥

ਗੁਰਮੁਖ ਸੰਧਿ ਮਿਲੇ ਸੋਈ ਜਾਨੈ ਜਾਮੈ ਬੀਤੈ
ਬਿਸਮ ਬਿਦੇਹ ਜਲ ਬੂੰਦ ਹ੍ਵੈ ਸਮਾਈਐ॥੨੫੬॥

ਏਹਨਾਂ ਗੁਰਮੁਖਾਂ ਨਾਲ ਜਾਂ ਮਿਲਦਾ ਹੈ ਉਹ ਅਜਿਹੇ ਗੁਰਸਿੱਖ ਪ੍ਰੇਮੀਆਂ ਨੂੰ ਨਾਲ ਲੈ ਕੇ ਪਰ ਉਪਕਾਰ ਲਈ ਜਿਸ ਨਾਲ ਗੁਜ਼ਰਾਣ ਹੋ ਸਕੇ ਹੋ ਜਾਂਦਾ ਹੈ (ਭੂਮੀ ਕੀ ਹੈ ਪਿਆਰਿਓ) ਅਸਚਰਜ ਤੇ ਸਰੀਰ ਰਹਿਤ ਜੋ ਵਾਹਿਗੁਰੂ ਪਾਣੀ ਵਾਂਗ (ਸੀਤਲ) ਹੈ ਉਸ ਵਿਚ ਪਾਣੀ ਦੀ ਛਿਟ ਵਾਂਗੂੰ ਹੋਕੇ ਸਮਾ ਜਾਂਦੇ ਭਾਵ ਏਹ ਜੋਗੀ ਹੈ ਵਾਹਿਗੁਰੂ ਨਾਲ ਮਿਲਣ ਦੀ ॥ ੨੫੫ ॥

ਉਪ੍ਰੋਕਤਿ ਗੁਰਮੁਖ ਅਜੇਹੇ ਕੰਮ ਕਰਦੇ ਹਨ

ਗੁਰਮੁਖ ਸਬਦ ਸੁਰਤਿ ਸਾਧ ਸੰਗ ਮਿਲ
ਪੂਰਨ ਬ੍ਰਹਮ ਪ੍ਰੇਮ ਭਗਤ ਬਿਬੇਕ ਹੈ।

ਗੁਰਮੁਖ ਸਾਧ ਸੰਗਤ ਵਿਚ ਮਿਲਕੇ ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਰਦੇ ਹਨ ਅਤੇ ਪੂਰਨ ਵਾਹਿਗੁਰੂ ਦੀ ਪ੍ਰੇਮਾ ਭਗਤੀ ਵਿਚਾਰਦੇ ਹਨ॥

ਰੂਪ ਕੈ ਅਨੂਪ ਰੂਪ ਅਤਿ ਅਸਚਰਜ ਮੈ
ਦ੍ਰਿਸ਼ਟਿ ਦਰਸ ਲਿਵ ਟਰਤ ਨ ਟੇਕ ਹੈ।

ਬਹੁਤ ਹੀ ਅਸਚਰਜ ਵਾਹਿਗੁਰੂ ਵਿਚ ਲਗਨ ਕਰਕੇ ਉਹ ਗੁਰਮੁਖ ਸੋਹਣੇ ਰੂਪ ਕਰਕੇ ਬਹੁਤ ਹੀ ਅਨੂਪਮ ਰੂਪ ਵਾਲੇ ਹੋਏ ਹਨ ਅਤੇ ਵਾਹਿਗੁਰੂ ਦੇ ਦਰਸ਼ਨ ਵਿਚ ਨੇਤ੍ਰਾਂ ਦੀ ਦ੍ਰਿਸ਼ਟੀ ਅਤੇ ਚਿਤ ਦੀ ਬ੍ਰਿਤੀ ਟਿਕਣ ਤੋਂ ਟਲਦੀ ਨਹੀਂ ਹੈ॥

ਰਾਗ ਨਾਦ ਬਾਦ ਬਿਸਮਾਦ ਕੀਰਤਨ ਸਮੈ
ਸਬਦ ਸੁਰਤਿ ਗਯਾਨ ਗੋਸਟ ਅਨੇਕ ਹੈ।

ਸ਼ਬਦ ਕੀਰਤਨ ਵੇਲੇ ਵਾਜਿਆਂ ਦੇ ਅਵਾਜ਼ ਨੂੰ ਰਾਗ ਅਸਚਰਜ ਵਿਚ ਮਗਨ ਧਾਰਨ ਕਰਦੇ ਹਨ ਅਤੇ ਅਗੋਂ ਹੋਰਨਾਂ ਨੂੰ ਗੁਰ ਸ਼ਬਦ ਵਿਚ ਪ੍ਰੀਤੀ ਲਾਉਣ ਵਾਸਤੇ ਗਿਆਨ ਦੀਆਂ ਅਨੇਕਾਂ ਹੀ ਚਰਚਾ ਕਰਦੇ ਹਨ॥

ਭਾਵਨੀ ਤੈ ਭਾਇ ਚਾਇ ਚਾਹ ਚਰਨਾਮ੍ਰਿਤ ਕੀ
ਆਸ ਪ੍ਰਿਯ ਸਦੀਵ ਅੰਗ ਅੰਗ ਜਾਵਦੇਕ ਹੈ॥੨੫੬॥

ਪ੍ਰੇਮ ਨਾਲ ਤੇ ਸ਼ਰਧਾ ਨਾਲ ਸਰਧਾ ਕਰਕੇ ਅਨੰਦ ਦੇਣ ਵਾਲੇ ਗੁਰਾਂ ਦੇ ਚਰਨਾਮ੍ਰਿਤ ਵਿਚ ਇਛਾ ਕਰਦੇ ਹਨ ਅਤੇ ਸਰੀਰ ਦੇ ਜਿਤਨੇ ਅੰਗ ਹਨ (ਨੇਤ੍ਰ ਕੰਨ ਆਦਿਕ) ਉਹਨਾਂ ਨੂੰ ਅਕਾਲ ਪੁਰਖ ਪਿਆਰੇ ਦੀ ਆਸਾ ਵਿਚ ਸਦਾ ਹੀ ਕਰਦੇ ਹਨ ਭਾਵ ਵਾਹਿਗੁਰੂ ਦੇ ਮਿਲਣ ਦੀ ਆਸਾ ਰਖਦੇ ਹਨ॥੨੫੬॥

ਜੇਹੜੇ ਸਿਖ ਸਾਧ ਸੰਗਤ ਵਿਚ ਆਕੇ ਗੁਰਾਂ ਦੀ ਸਰਨ ਪਏ ਹਨ ਉਨ੍ਹਾਂ